@Qpatrika
@qaumipatrika punjabi
instagram.com/qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Saturday, 6 July 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ਨੀਵਾਰ 6 ਜੁਲਾਈ 2024, 22 ਹਾੜ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 230, qpatrika@gmail.com ਫੋਨ : 9971359517 www.qaumipatrika.org

# ਜਲੰਧਰੀਆਂ ਨੂੰ ਜਲਦ ਹੀ ਮਿਲਣ ਜਾ ਰਿਹੈ ਇਕ ਇਮਾਨਦਾਰ ਵਿਧਾਇਕ: ਮੁੱਖ ਮੰਤਰੀ ਮਾਨ

**ਸਿੰਮੀ ਕੌਰ ਬੱਬਰ**

ਚੰਡੀਗੜ੍ਹ/ਜਲੰਧਰ 5 ਜੁਲਾਈ। ਮੁੱਖ ਮੰਤਰੀ ਭਗਵੰਤ ਮਾਨ ਨੇ ਵੀਰਵਾਰ ਨੂੰ ਜਲੰਧਰ ਪੱਛਮੀ ਦੇ ਵਾਰਡ ਨੰਬਰ 40 ਅਤੇ ਵਾਰਡ ਨੰਬਰ 45 ਵਿਚ 'ਆਪ'ਉਮੀਦਵਾਰ ਮੋਹਿੰਦਰ ਭਗਤ ਲਈ ਚੋਣ ਪ੍ਰਚਾਰ ਕੀਤਾ। ਲੋਕਾਂ ਨੂੰ ਸੰਬੋਧਨ ਕਰਦਿਆਂ ਮਾਨ ਨੇ ਕਿਹਾ ਕਿ ਜਲੰਧਰ ਦੇ ਲੋਕ ਆਮ ਆਦਮੀ ਪਾਰਟੀ ਦੇ ਨਾਲ ਡੱਟ ਕੇ ਖੜ੍ਹੇ ਹਨ। 'ਆਪ'ਨੂੰ ਹਰ ਵਰਗ ਦੇ ਲੋਕਾਂ ਦਾ ਸਮਰਥਨ ਮਿਲ ਰਿਹਾ ਹੈ। ਭਗਵੰਤ ਮਾਨ ਨੇ ਕਿਹਾ ਕਿ ਇਨ੍ਹਾਂ ਚੋਣਾਂ ਦੇ ਨਤੀਜੇ ਸਰਕਾਰ ਵਿਚ ਕੋਈ ਤਬਦੀਲੀ ਨਹੀਂ ਕਰ ਸਕਦੇ। ਨਾ ਤਾਂ ਸਾਡੀ ਸਰਕਾਰ ਡਿੱਗੇਗੀ ਅਤੇ ਨਾ ਹੀ ਕਿਸੇ ਹੋਰ ਦੀ ਸਰਕਾਰ ਬਣੇਗੀ ਪਰ ਆਮ ਆਦਮੀ ਪਾਰਟੀ ਦੇ ਉਮੀਦਵਾਰ ਦੀ ਜਿੱਤ ਤੁਹਾਡਾ ਸਰਕਾਰ ਵਿਚ ਹਿੱਸਾ ਪਾਵੇਗੀ, ਜਿਸ ਸਦਕਾ ਇਸ ਇਲਾਕੇ ਦਾ ਵਿਕਾਸ ਹੋਰ ਤੇਜ ਰਫਤਾਰ ਨਾਲ ਹੋਵੇਗਾ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਉਹ ਦੋਆਬੇ ਵਿਚ ਦਫਤਰ ਸਥਾਪਤ ਕਰਨ ਲਈ ਕਾਫੀ ਸਮੇਂ ਤੋਂ ਯੋਜਨਾ ਬਣਾ ਰਹੇ ਸਨ ਤਾਂ ਜੋ ਉਹ ਦੋਆਬੇ ਅਤੇ ਮਾਝਾ ਖੇਤਰ ਦੇ ਲੋਕਾਂ ਨੂੰ ਮਿਲ ਸਕਣ ਅਤੇ ਉਨ੍ਹਾਂ ਦੇ ਕੰਮ ਹੋ ਸਕਣ। ਇਸ ਜਿ਼ਮਨੀ ਚੋਣ ਦੌਰਾਨ ਇਕ ਚੰਗੀ ਗੱਲ ਸਾਹਮਣੇ ਆਈ ਹੈ ਕਿ ਉਹ ਆਖਰਕਾਰ ਉਸ ਯੋਜਨਾ ਨੂੰ ਅਮਲੀ ਜਾਮਾ ਪਹਿਨਾਉਣ ਵਿਚ ਕਾਮਯਾਬ ਹੋ ਗਏ ਅਤੇ ਇਥੇ ਆਪਣਾ ਦਫਤਰ ਸਥਾਪਤ ਕਰ ਲਿਆ। ਉਹ ਰੋਜਾਨਾ ਸਵੇਰੇ 500 ਲੋਕਾਂ ਨੂੰ ਜਲੰਧਰ ਸਥਿਤ ਆਪਣੀ ਰਿਹਾਇਸ 'ਤੇ ਮਿਲਦੇ ਹਨ। ਹੁਣ ਲੋਕਾਂ ਨੂੰ ਆਪਣੇ ਕੰਮ ਕਰਵਾਉਣ ਲਈ ਚੰਡੀਗੜ੍ਹ ਨਹੀਂ ਜਾਣਾ ਪਵੇਗਾ, ਹੁਣ ਸਰਕਾਰ ਤੁਹਾਡੇ ਦਰਵਾਜੇ "ਤੇ ਹੈ। ਇਸ ਨਾਲ ਤੁਹਾਡਾ ਸਮਾਂ ਵੀ ਬਚਦਾ ਹੈ। ਉਹ ਚੋਣਾਂ ਤੋਂ ਬਾਅਦ ਵੀ ਇਸ ਰਿਹਾਇਸ 'ਚ ਹਫਤੇ ਵਿਚ 3-4 ਦਿਨ ਰਹਿਣਗੇ ਤਾਂ ਜੋ ਦੋਆਬਾ ਅਤੇ ਮਾਝਾ ਖੇਤਰ ਦੇ ਲੋਕਾਂ ਨੂੰ ਮਿਲ ਸਕਣ। ਭਗਵੰਤ ਮਾਨ ਨੇ ਕਿਹਾ ਕਿ ਭਾਜਪਾ ਦੀ ਨਫਰਤ ਅਤੇ ਧਰੁਵੀਕਰਨ ਦੀ ਰਾਜਨੀਤੀ ਪੰਜਾਬ ਵਿਚ ਕਦੇ ਵੀ ਨਹੀਂ ਚੱਲ ਸਕਦੀ। ਪੰਜਾਬ ਦੀ ਧਰਤੀ ਬਹੁਤ ਉਪਜਾਊ ਹੈ। ਇੱਥੇ ਨਫਰਤ ਦੇ ਬੀਜ ਨੂੰ ਕਦੇ ਵੀ ਉੱਗਣ ਨਹੀਂ ਦੇਵਾਂਗੇ। ਭਗਵੰਤ ਮਾਨ ਨੇ ਕਿਹਾ ਕਿ ਰਾਜਨੀਤੀ ਮਾੜੀ ਨਹੀਂ ਹੁੰਦੀ, ਇਸ ਵਿੱਚ ਮਾੜੇ ਲੋਕਾਂ ਦੀ ਗਿਣਤੀ ਹੀ ਸਮੱਸਿਆ ਹੈ। ਤੁਹਾਡੀ ਜਿ਼ੰਦਗੀ ਵਿਚ ਹਰ ਚੀਜ ਦਾ ਫੈਸਲਾ ਰਾਜਨੀਤੀ ਨਾਲ ਹੁੰਦਾ ਹੈ, ਭਾਵੇਂ ਤੁਸੀਂ ਰਾਤ ਦੇ ਖਾਣੇ ਵਿਚ ਕੀ ਖਾਂਦੇ ਹੋ, ਇਸ ਲਈ ਇਸ ਤੋਂ ਦੂਰ ਨਾ ਭੱਜੋ। ਰਾਜਨੀਤੀ ਵਿਚ ਸਰਗਰਮੀ ਨਾਲ ਹਿੱਸਾ ਲਓ, ਬਦਲਾਅ ਲਿਆਓ। ਮੈਨੂੰ ਇਹ ਦੱਸਦਿਆਂ ਖੁਸੀ ਹੋ ਰਹੀ ਹੈ ਕਿ ਹਰ ਰੋਜ ਨੌਜਵਾਨ ਉਨ੍ਹਾਂ ਕੋਲ ਆਉਂਦੇ ਹਨ ਅਤੇ 'ਆਪ' ਵਿਚ ਸਾਮਲ ਹੋ ਰਹੇ ਹਨ। ਭਗਵੰਤ ਮਾਨ ਨੇ ਕਿਹਾ ਕਿ ਪੂਰਾ ਪੰਜਾਬ ਮੇਰਾ ਪਰਿਵਾਰ ਹੈ। ਇਸ ਲਈ ਕੰਮ ਕਰਦੇ ਹੋਏ ਵੀ ਮੈਂ ਹਮੇਸਾ ਆਪਣੇ ਪਰਿਵਾਰ ਦੇ ਨਾਲ ਹਾਂ ਅਤੇ ਉਨ੍ਹਾਂ ਨਾਲ ਸਮਾਂ ਬਿਤਾਉਂਦਾ ਹਾਂ। ਉਨ੍ਹਾਂ 43 ਹਜਾਰ ਸਰਕਾਰੀ ਨੌਕਰੀਆਂ ਬਿਨਾਂ ਕਿਸੇ ਰਿਸਵਤ ਜਾਂ ਸਿਫਾਰਸ ਤੋਂ ਦਿੱਤੀਆਂ ਹਨ। ਇਹ ਪਹਿਲੀ ਵਾਰ ਹੈ ਕਿ ਪੰਜਾਬ ਦੇ ਨੌਜਵਾਨਾਂ ਨੂੰ ਯੋਗਤਾ ਦੇ ਆਧਾਰ 'ਤੇ ਨੌਕਰੀਆਂ ਮਿਲ ਰਹੀਆਂ ਹਨ। ਉਹ ਕਿਸੇ ਵੀ ਸਿਫਾਰਸ ਨੂੰ ਸਵੀਕਾਰ ਨਹੀਂ ਕਰਦੇ ਭਾਵੇਂ ਉਹ ਉਨ੍ਹਾਂ ਦੇ ਆਪਣੇ ਵਿਧਾਇਕ ਦੀ ਹੀ ਕਿਉਂ ਨਾ ਹੋਵੇ। ਉਨ੍ਹਾਂ ਲੋਕਾਂ ਨੂੰ ਇਸ ਵਾਰ ਇਮਾਨਦਾਰ ਉਮੀਦਵਾਰ ਮੋਹਿੰਦਰ ਭਗਤ ਨੂੰ ਵੋਟ ਪਾਉਣ ਦੀ ਅਪੀਲ ਕੀਤੀ। ਭਗਵੰਤ ਮਾਨ ਨੇ ਕਿਹਾ ਕਿ ਸਿਰਫ ਆਮ ਆਦਮੀ ਪਾਰਟੀ (ਆਪ) ਹੀ ਨੌਜਵਾਨਾਂ ਅਤੇ ਆਮ ਲੋਕਾਂ ਨੂੰ ਪਲੇਟਫਾਰਮ ਅਤੇ ਮੌਕਾ ਦਿੰਦੀ ਹੈ। ਸ੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਵਰਗੀਆਂ ਰਵਾਇਤੀ ਪਾਰਟੀਆਂ ਵਿਚ ਆਮ ਲੋਕਾਂ ਲਈ ਕੋਈ ਥਾਂ ਨਹੀਂ ਹੈ। ਬਾਦਲ ਅਤੇ ਕੈਪਟਨ ਨੇ 25 ਸਾਲ ਪੰਜਾਬ "ਤੇ ਰਾਜ ਕੀਤਾ, ਪਰ ਇਨ੍ਹਾਂ ਨੇ ਪੰਜਾਬ ਲਈ ਕੁਝ ਨਹੀਂ ਕੀਤਾ ਇਸੇ ਕਰਕੇ ਉਨ੍ਹਾਂ (ਮਾਨ) ਵਰਗੇ ਲੋਕਾਂ ਨੂੰ ਸਿਆਸਤ ਵਿਚ ਆਉਣਾ ਪਿਆ। ਉਨ੍ਹਾਂ ਕਿਹਾ ਕਿ ਇਹ ਚੰਗੀ ਗੱਲ ਹੈ ਕਿ ਜਲੰਧਰ ਦੇ ਲੋਕਾਂ ਨੂੰ ਜਲਦ ਇਕ ਇਮਾਨਦਾਰ ਵਿਧਾਇਕ ਮਿਲ ਰਿਹਾ ਹੈ। ਲੋਕਾਂ ਨੂੰ ਸੰਬੋਧਨ ਕਰਦਿਆਂ 'ਆਪ' ਉਮੀਦਵਾਰ ਮੋਹਿੰਦਰ ਭਗਤ ਨੇ ਇਸ ਜਨ ਸਭਾ 'ਚ ਇੰਨੀ ਵੱਡੀ ਗਿਣਤੀ 'ਚ ਪਹੁੰਚਣ 'ਤੇ ਲੋਕਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਕੁਝ ਲੋਕ ਇਹ ਕਹਿ ਰਹੇ ਹਨ ਕਿ ਮਾਨ ਸਰਕਾਰ ਵਿੱਚ ਕੰਮ ਨਹੀਂ ਹੋ ਰਹੇ ਪਰ ਇਹ ਕੋਰਾ ਝੂਠ ਹੈ। ਸੱਚ ਤਾਂ ਇਹ ਹੈ ਕਿ ਮਾਨ ਸਰਕਾਰ ਵਿੱਚ ਕੰਮ ਤਾਂ ਹੋ ਰਹੇ ਹਨ ਪਰ ਕੋਈ ਵੀ ਗੈਰ-ਕਾਨੂੰਨੀ ਜਾਂ ਭ੍ਰਿਸਟ ਕੰਮ ਨਹੀਂ ਹੋ ਰਿਹਾ ਹੈ।



## ਡਾ: ਬੀ.ਐਨ. ਗੰਗਾਧਰ ਨੂੰ ਨੈਸ਼ਨਲ ਮੈਡੀਕਲ ਕਮਿਸ਼ਨ ਦਾ ਚੇਅਰਮੈਨ ਕੀਤਾ ਗਿਆ ਨਿਯੁਕਤ

ਜੈਤੋ 5 ਜੁਲਾਈ। ਕੇਂਦਰੀ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਨੇ ਕਿਹਾ ਕਿ ਕੈਬਨਿਟ ਦੀ ਨਿਯੁਕਤੀ ਕਮੇਟੀ (ਏ. ਸੀ. ਸੀ.) ਨੇ ਵੱਖ-ਵੱਖ ਵਿਅਕਤੀਆਂ ਨੂੰ ਨੈਸਨਲ ਮੈਡੀਕਲ ਕਮਿਸਨ ਅਤੇ ਆਟੋਨੋਮਸ ਬੋਰਡਾਂ ਦੇ ਅਹੁਦਿਆਂ 'ਤੇ ਨਿਯੁਕਤ ਕੀਤਾ ਹੈ। ਨਿਯੁਕਤੀਆਂ 4 ਸਾਲਾਂ ਦੀ ਮਿਆਦ ਲਈ ਹਨ, ਜਦੋਂ ਤੱਕ ਨਿਯੁਕਤੀ 70 ਸਾਲ ਦੀ ਉਮਰ ਪੂਰੀ ਨਹੀਂ ਕਰ ਲੈਂਦੀ, ਜਾਂ ਅਗਲੇ ਹੁਕਮਾਂ ਤੱਕ, ਜੋ ਵੀ ਪਹਿਲਾਂ ਹੋਵੇ। ਨਿਯੁਕਤ ਕੀਤੇ ਗਏ ਮੈਂਬਰ ਇਸ ਪ੍ਰਕਾਰ ਹਨ: ਡਾਕਟਰ ਬੀਐਨ ਗੰਗਾਧਰ, ਚੇਅਰਮੈਨ, ਮੈਡੀਕਲ ਅਸੈਸਮੈਂਟ ਅਤੇ ਰੇਟਿੰਗ ਬੋਰਡ, ਨੂੰ ਨੈਸਨਲ ਮੈਡੀਕਲ ਕਮਿਸਨ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ। ਚਿਤ੍ਰਾ ਤਿਰੂਨਲ



ਇੰਸਟੀਚਿਊਟ ਫਾਰ ਮੈਡੀਕਲ ਸਾਇੰਸਜ ਐਂਡ ਟੈਕਨਾਲੋਜੀ, ਤਿਰੂਵਨੰਤਪੁਰਮ ਦੇ ਡਾਇਰੈਕਟਰ ਡਾ: ਸੰਜੇ ਬਿਹਾਰੀ ਨੂੰ ਮੈਡੀਕਲ ਅਸੈਸਮੈਂਟ ਅਤੇ ਰੇਟਿੰਗ ਬੋਰਡ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਡਾ: ਅਨਿਲ ਡੀ'ਕਰੂਜ, ਡਾਇਰੈਕਟਰ (ਆਨਕੋਲੋਜੀ), ਅਪੋਲੋ ਹਸਪਤਾਲ, ਮੁੰਬਈ ਨੂੰ ਪੋਸਟ-ਗ੍ਰੈਜੂਏਟ ਮੈਡੀਕਲ ਐਜੂਕੇਸਨ ਬੋਰਡ ਦੇ ਪੂਰੇ ਸਮੇਂ ਦੇ ਮੈਂਬਰ ਵਜੋਂ ਨਿਯੁਕਤ ਕੀਤਾ ਗਿਆ ਹੈ। ਮੰਤਰੀ ਮੰਡਲ ਦੀ ਨਿਯੁਕਤੀ ਕਮੇਟੀ ਨੇ ਡਾ. ਰਾਜੇਂਦਰ ਅਚਯੁਤ ਬਡਵੇ, ਪ੍ਰੋਫੈਸਰ ਐਮਰੀਟਸ, ਟਾਟਾ ਮੈਮੋਰੀਅਲ ਸੈਂਟਰ, ਮੁੰਬਈ ਨੂੰ 70 ਸਾਲ ਦੀ ਉਮਰ ਦੇ ਹੋਣ ਤੱਕ ਦੋ ਸਾਲਾਂ ਦੀ ਮਿਆਦ ਲਈ ਅੰਡਰ-ਗ੍ਰੈਜੂਏਟ ਮੈਡੀਕਲ ਸਿੱਖਿਆ ਬੋਰਡ ਦੇ ਪਾਰਟ-ਟਾਈਮ ਮੈਂਬਰ ਵਜੋਂ ਨਿਯੁਕਤ ਕੀਤਾ ਹੈ। ਸਾਲ ਜਾਂ ਅਗਲੇ ਹੁਕਮਾਂ ਤੱਕ, ਜੋ ਵੀ ਪਹਿਲਾਂ ਹੋਵੇ, ਨੌਕਰੀ 'ਤੇ ਰਹੇਗਾ।

## ਜੈਸ਼ੰਕਰ ਤੇ ਯੀ ਨੇ ਪੂਰਬੀ ਲੱਦਾਖ ਵਿਵਾਦ ਦੇ ਛੇਤੀ ਨਿਪਟਾਰੇ 'ਤੇ ਕੀਤੀ ਗੱਲਬਾਤ

ਅਸਤਾਨਾ, 5 ਜੁਲਾਈ। ਭਾਰਤ ਅਤੇ ਚੀਨ ਨੇ ਪੂਰਬੀ ਲੱਦਾਖ 'ਚ ਵਿਵਾਦ ਦੇ ਬਾਕੀ ਮੁੱਦਿਆਂ ਦੇ ਛੇਤੀ ਨਿਪਟਾਰੇ ਲਈ ਦੁਗਣੀਆਂ ਕੋਸ਼ਿਸ਼ਾਂ ਕਰਨ ਅਤੇ ਸਬੰਧਾਂ 'ਚ ਠਹਿਰਾਅ ਲਿਆਉਣ ਅਤੇ ਮੁੜ ਰਫਤਾਰ ਦੇਣ ਦਾ ਸੰਕਲਪ ਕੀਤਾ। ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਅਤੇ ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਵਿਚਾਲੇ ਕਜਾਕਿਸਤਾਨ ਦੀ ਰਾਜਧਾਨੀ ਅਸਤਾਨਾ 'ਚ ਸ਼ੰਘਾਈ ਸਹਿਯੋਗ ਸੰਗਠਨ (ਐੱਸ. ਸੀ. ਓ.) ਦੇ ਸਿਖਰ ਸੰਮੇਲਨ ਤੋਂ ਇਲਾਵਾ ਵੀਰਵਾਰ ਨੂੰ ਇਕ ਬੈਠਕ ਹੋਈ, ਜਿਸ 'ਚ ਜੈਸ਼ੰਕਰ ਨੇ ਕਿਹਾ ਕਿ ਅਸਲ ਕੰਟ੍ਰੋਲ ਲਾਈਨ (ਐੱਲ. ਏ. ਸੀ.) ਦਾ ਸਨਮਾਨ ਕੀਤਾ ਜਾਣਾ ਚਾਹੀਦਾ। ਦੋਵਾਂ ਨੇਤਾਵਾਂ ਵਿਚਾਲੇ ਹੋਈ ਗੱਲਬਾਤ



'ਚ ਜੈਸ਼ੰਕਰ ਨੇ ਸਰਹੱਦੀ ਪ੍ਰਬੰਧਨ ਲਈ ਪਹਿਲਾਂ ਦੋਵਾਂ ਧਿਰਾਂ ਵਿਚਾਲੇ ਹੋਏ ਦੋਪੱਖੀ ਸਮਝੌਤਿਆਂ ਅਤੇ ਨਿਯਮਾਂ ਦੀ ਪੂਰੀ ਤਰ੍ਹਾਂ ਨਾਲ ਪਾਲਣਾ ਕੀਤੇ ਜਾਣ ਦੀ ਲੋੜ 'ਤੇ ਵੀ ਜੋਰ ਦਿੱਤਾ। ਵਿਦੇਸ਼ ਮੰਤਰਾਲਾ ਵਲੋਂ ਜਾਰੀ ਇਕ ਬਿਆਨ ਅਨੁਸਾਰ ਜੈਸ਼ੰਕਰ ਅਤੇ ਵਾਂਗ ਨੇ ਪੂਰਬੀ ਲੱਦਾਖ 'ਚ ਐੱਲ. ਏ. ਸੀ. 'ਤੇ ਬਾਕੀ ਮੁੱਦਿਆਂ ਦੇ ਛੇਤੀ ਹੱਲ ਲੱਭਣ ਲਈ ਗੰਭੀਰ ਸਲਾਹ-ਮਸ਼ਵਰਾ ਕੀਤਾ ਤਾਂ ਜੋ ਦੋਪੱਖੀ ਸਬੰਧਾਂ 'ਚ ਸਥਿਰਤਾ ਆ ਸਕੇ ਅਤੇ ਸਬੰਧਾਂ ਨੂੰ ਨਵੇਂ ਸਿਰੇ ਤੋਂ ਰਫਤਾਰ ਮਿਲ ਸਕੇ। ਬੈਠਕ 'ਚ ਵਿਦੇਸ਼ ਮੰਤਰੀ ਨੇ ਭਾਰਤ ਦੇ ਇਸ ਨਜਰੀਏ ਨੂੰ ਵੀ ਦੋਹਰਾਇਆ ਕਿ ਦੋਵਾਂ ਧਿਰਾਂ ਵਿਚਾਲੇ ਸਬੰਧ ਆਪਸੀ ਸਨਮਾਨ, ਆਪਸੀ ਹਿੱਤਾਂ ਅਤੇ ਆਪਸੀ ਸੰਵਦੇਨਸ਼ੀਲਤਾ 'ਤੇ ਆਧਾਰਿਤ ਹੋਣੇ ਚਾਹੀਦੇ। ਜੈਸ਼ੰਕਰ ਨੇ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਕਿਹਾ,'ਵੀਰਵਾਰ ਸਵੇਰੇ ਸੀ. ਪੀ. ਸੀ. ਪੋਲਿਤ ਬਿਊਰੋ ਦੇ ਮੈਂਬਰ ਅਤੇ ਵਿਦੇਸ਼ ਮੰਤਰੀ ਵਾਂਗ ਯੀ ਨਾਲ ਅਸਤਾਨਾ 'ਚ ਮੁਲਾਕਾਤ ਕੀਤੀ। ਉਨ੍ਹਾਂ ਨਾਲ ਸਰਹੱਦੀ ਖੇਤਰਾਂ 'ਚ ਬਾਕੀ ਮੁੱਦਿਆਂ ਦੇ ਛੇਤੀ ਹੱਲ 'ਤੇ ਚਰਚਾ ਕੀਤੀ। ਕੂਟਨੀਤਕ ਅਤੇ ਫੌਜੀ ਢੰਗਾਂ ਨਾਲ ਕੋਸ਼ਿਸ਼ਾਂ ਨੂੰ ਦੁਗਣਾ ਕਰਨ 'ਤੇ ਸਹਿਮਤੀ ਬਣੀ।' ਉਨ੍ਹਾਂ ਕਿਹਾ,'ਐੱਲ. ਏ. ਸੀ. ਦਾ ਸਨਮਾਨ ਅਤੇ ਸਰਹੱਦੀ ਖੇਤਰਾਂ 'ਚ ਸ਼ਾਂਤੀ ਯਕੀਨੀ ਕਰਨਾ ਮਹੱਤਵਪੂਰਨ ਹੈ। ਆਪਸੀ ਸਨਮਾਨ, ਆਪਸੀ ਸੰਵੇਦਨਸ਼ੀਲਤਾ ਅਤੇ ਆਪਸੀ ਹਿੱਤ ਸਾਡੇ ਦੋਪੱਖੀ ਸਬੰਧਾਂ ਦਾ ਮਾਰਗਦਰਸ਼ਨ ਕਰਨਗੇ।'

# ਹਾਥਰਸ ਭਗਦੜ ਕਾਂਡ ਦੀ ਜਿੰਮੇਵਾਰੀ ਤੋਂ ਭੱਜਣਾ ਚਾਹੁੰਦੀ ਹੈ ਉੱਤਰ ਪ੍ਰਦੇਸ ਸਰਕਾਰ : ਅਖਿਲੇਸ਼

**ਨਵਦੀਪ ਸਿੰਘ ਸਾਹਨੀ**

ਲਖਨਊ 5 ਜੁਲਾਈ। ਸਮਾਜਵਾਦੀ ਪਾਰਟੀ (ਸਪਾ) ਦੇ ਪ੍ਰਧਾਨ ਅਖਿਲੇਸ ਯਾਦਵ ਨੇ ਉੱਤਰ ਪ੍ਰਦੇਸ ਦੇ ਮੁੱਖ ਮੰਤਰੀ ਵੱਲੋਂ ਹਾਥਰਸ ਭਗਦੜ ਕਾਂਡ ਵਿੱਚ ਸਾਜਿ਼ਸ ਰਚਣ ਦੇ ਦੋਸਾਂ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਵੀਰਵਾਰ ਨੂੰ ਕਿਹਾ ਕਿ ਸਰਕਾਰ ਇਸ ਮਾਮਲੇ 'ਤੇ ਆਪਣੀਆਂ ਜਿ਼ਮੇਵਾਰੀਆਂ ਤੋਂ ਭੱਜਣਾ ਚਾਹੁੰਦੀ ਹੈ। ਯਾਦਵ ਨੇ ਸਹਾਰਨਪੁਰ ਤੋਂ ਬਹੁਜਨ ਸਮਾਜ ਪਾਰਟੀ ਦੇ ਸਾਬਕਾ ਸੰਸਦ ਮੈਂਬਰ ਹਾਜੀ ਫਜਲੁਰ ਰਹਿਮਾਨ ਨੂੰ ਸਪਾ ਵਿੱਚ ਸਾਮਲ ਕਰਨ ਤੋਂ ਬਾਅਦ ਪੱਤਰਕਾਰਾਂ



ਨਾਲ ਗੱਲਬਾਤ ਦੌਰਾਨ ਸੂਬੇ ਦੀਆਂ ਸਿਹਤ ਸੇਵਾਵਾਂ 'ਤੇ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਉੱਤਰ ਪ੍ਰਦੇਸ ਦੇ ਸਿਹਤ ਮੰਤਰੀ ਅਤੇ ਉਪ ਮੁੱਖ ਮੰਤਰੀ ਬ੍ਰਜੇਸ ਪਾਠਕ ਆਪਣੀ 'ਸਿਆਸੀ ਸਿਹਤ' 'ਚ ਸੁਧਾਰ ਕਰਕੇ ਖੁਦ 'ਮੁੱਖ ਮੰਤਰੀ ਬਣਨਾ ਚਾਹੁੰਦੇ ਹਾਂ। ਉਨ੍ਹਾਂ ਨੇ ਕਿਹਾ ਕਿ ਇਸ ਰੱਸਾਕਸੀ ਕਾਰਨ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਸਿਹਤ ਵਿਭਾਗ ਦਾ ਬਜਟ ਘਟਾ ਦਿੱਤਾ ਹੈ। ਬੁੱਧਵਾਰ ਨੂੰ ਹਾਥਰਸ ਵਿੱਚ ਇੱਕ ਪ੍ਰੈਸ ਕਾਨਫਰੰਸ ਵਿੱਚ ਮੁੱਖ ਮੰਤਰੀ ਵੱਲੋਂ ਭਗਦੜ ਮਾਮਲੇ ਵਿੱਚ ਸਾਜਿ਼ਸ ਦਾ ਡਰ ਜਾਹਰ ਕੀਤੇ ਜਾਣ ਦੇ ਸਵਾਲ 'ਤੇ ਸਪਾ ਮੁਖੀ ਨੇ ਕਿਹਾ, "ਦੇਖੋ, ਇਸ ਵਿੱਚ ਕੋਈ ਸਾਜਿ਼ਸ ਨਹੀਂ ਹੋ ਸਕਦੀ।" ਸਾਜਿ਼ਸ ਇਹ ਹੋ ਸਕਦੀ ਹੈ ਕਿ ਸਰਕਾਰ ਆਪਣੀ ਜਿ਼ਮੇਵਾਰੀ ਤੋਂ ਭੱਜਣਾ ਚਾਹੁੰਦੀ ਹੈ। ਵਰਣਨਯੋਗ ਹੈ ਕਿ ਪ੍ਰੈੱਸ ਕਾਨਫਰੰਸ 'ਚ ਮੁੱਖ ਮੰਤਰੀ ਨੇ ਇਸ ਘਟਨਾ 'ਚ ਸਾਜਿ਼ਸ ਹੋਣ ਦਾ ਇਸਾਰਾ ਕਰਦੇ ਕਿਹਾ ਸੀ, "ਇਹ ਹਾਦਸਾ ਸੀ ਜਾਂ ਸਾਜਿ਼ਸ ਅਤੇ ਜੇਕਰ ਕੋਈ ਸਾਜਿ਼ਸ ਸੀ ਤਾਂ ਇਸ 'ਚ ਕੌਣ-ਕੌਣ ਸਾਮਲ ਸੀ...। ਇਨ੍ਹਾਂ ਸਾਰੇ ਪਹਿਲੂਆਂ ਨੂੰ ਜਾਣਨ ਲਈ ਨਿਆਂਇਕ ਜਾਂਚ ਕਰਵਾਈ ਜਾਵੇਗੀ।" ਸਪਾ ਮੁਖੀ ਨੇ ਕਿਹਾ, "ਮੀਡੀਆ ਕੈਮਰਿਆਂ ਤੋਂ ਜੋ ਤਸਵੀਰਾਂ ਆਈਆਂ, ਉਹਨਾਂ ਨੂੰ ਦੇਖ ਕੇ ਸਰਕਾਰ ਕੋਈ ਫੈਸਲਾ ਲਵੇ। ਅਸਲ ਮੁੱਦਾ ਇਹ ਹੈ ਕਿ ਪ੍ਰਸਾਸਨ ਅਤੇ ਸਰਕਾਰ ਦੀ ਜਿ਼ਮੇਵਾਰੀ ਸੀ, ਜਦੋਂ ਘਟਨਾ ਵਾਪਰ ਗਈ, ਉਦੋਂ ਅਧਿਕਾਰੀ ਪਹੁੰਚੇ। ਉਨ੍ਹਾਂ ਨੂੰ ਪਹਿਲਾਂ ਕਿਉਂ ਨਹੀਂ ਭੇਜਿਆ ਤਾਂ ਕਿ ਇੰਨੇ ਲੋਕ ਉੱਥੇ ਇਕੱਠੇ ਨਾ ਹੋਣ? ਪ੍ਰਸਾਸਨ ਦੀ ਕੀ ਜਿ਼ਮੇਵਾਰੀ ਸੀ? ਸਰਕਾਰ ਆਪਣੀ ਜਿ਼ਮੇਵਾਰੀ ਤੋਂ ਭੱਜ ਨਹੀਂ ਸਕਦੀ।" ਉਨ੍ਹਾਂ ਨੇ ਇਹ ਵੀ ਕਿਹਾ ਕਿ ਹਾਥਰਸ ਭਗਦੜ ਕਾਂਡ ਵਿੱਚ ਇਲਾਜ ਨਾ ਹੋਣ ਕਾਰਨ ਕਈ ਲੋਕਾਂ ਦੀ ਜਾਨ ਚਲੀ ਗਈ ਸੀ। ਸਪਾ ਮੁਖੀ ਨੇ ਸਿਹਤ ਮੰਤਰੀ ਪਾਠਕ 'ਤੇ ਗੰਭੀਰ ਦੋਸ ਲਾਏ। ਉਨ੍ਹਾਂ ਕਿਹਾ ਕਿ ਜਦੋਂ ਸਿਹਤ ਵਿਭਾਗ ਦੇ ਮੰਤਰੀ ਆਪਣਾ ਸਿਆਸੀ ਸਿਹਤ ਸੁਧਾਰਨਾ ਚਾਹੁੰਦੇ ਹਨ ਤਾਂ ਵਿਭਾਗ ਵੱਲ ਕੌਣ ਧਿਆਨ ਦੇਵੇਗਾ। ਉਹ ਚਾਹੁੰਦਾ ਹੈ ਕਿ ਮੁੱਖ ਮੰਤਰੀ (ਯੋਗੀ ਆਦਿਤਿਆਨਾਥ) ਅਹੁਦਾ ਛੱਡ ਦੇਵੇ ਅਤੇ ਉਹ (ਪਾਠਕ) ਪਾਠਕ ਬਣ ਜਾਵੇ। ਮੁੱਖ ਮੰਤਰੀ ਨੂੰ ਇਹ ਵੀ ਪਤਾ ਹੈ ਕਿ ਉਹ (ਪਾਠਕ) ਪਛੜ ਰਹੇ ਹਨ, ਇਸ ਲਈ ਉਹ ਆਪਣੇ ਵਿਭਾਗ ਨੂੰ ਕੋਈ ਬਜਟ ਨਹੀਂ ਦੇ ਰਹੇ ਹਨ।

# ਹਿੰਸਾ ਤੇ ਨਫਰਤ ਫੈਲਾਉਣ ਵਾਲੇ ਭਾਜਪਾ ਦੇ ਲੋਕ ਹਿੰਦੂ ਧਰਮ ਦੇ ਮੂਲ ਸਿਧਾਂਤਾਂ ਨੂੰ ਨਹੀਂ ਸਮਝਦੇ: ਰਾਹੁਲ

**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ 5 ਜੁਲਾਈ। ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਬੁੱਧਵਾਰ ਨੂੰ ਦੋਸ ਲਗਾਇਆ ਕਿ "ਹਿੰਸਾ ਅਤੇ ਨਫਰਤ ਫੈਲਾਉਣ ਵਾਲੇ ਭਾਜਪਾ ਦੇ ਲੋਕ" ਹਿੰਦੂ ਧਰਮ ਦੇ ਮੂਲ ਸਿਧਾਂਤਾਂ ਨੂੰ ਨਹੀਂ ਸਮਝਦੇ ਹਨ। ਉਨ੍ਹਾਂ ਨੇ ਗੁਜਰਾਤ ਵਿੱਚ ਸੂਬਾ ਕਾਂਗਰਸ ਕਮੇਟੀ ਦੇ ਦਫਤਰ 'ਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਵਰਕਰਾਂ ਵੱਲੋਂ ਕੀਤੇ ਕਥਿਤ ਪਥਰਾਅ ਦੀ ਨਿਖੇਧੀ ਕਰਦਿਆਂ ਇਹ ਟਿੱਪਣੀ ਕੀਤੀ ਹੈ। ਰਾਹੁਲ ਗਾਂਧੀ ਵੱਲੋਂ ਕਥਿਤ ਤੌਰ 'ਤੇ ਲੋਕ ਸਭਾ ਵਿੱਚ ਕੀਤੀ ਗਈ 'ਹਿੰਦੂ ਵਿਰੋਧੀ' ਟਿੱਪਣੀ ਖਿ਼ਲਾਫ ਮੰਗਲਵਾਰ ਨੂੰ ਅਹਿਮਦਾਬਾਦ ਵਿੱਚ ਗੁਜਰਾਤ ਪ੍ਰਦੇਸ ਕਾਂਗਰਸ ਦੇ ਮੁੱਖ ਦਫਤਰ ਸਾਹਮਣੇ ਆਯੋਜਿਤ ਪ੍ਰਦਰਸਨ ਦੌਰਾਨ ਮੁੱਖ ਵਿਰੋਧੀ ਪਾਰਟੀ ਅਤੇ ਸੱਤਾਧਾਰੀ ਭਾਜਪਾ ਦੇ ਵਰਕਰਾਂ ਵਿਚਾਲੇ ਝੜਪ ਹੋ ਗਈ। ਇਸ ਦੌਰਾਨ ਦੋਵੇਂ ਪੱਖਾਂ ਨੇ ਇਕ ਦੂਜਿਆਂ 'ਤੇ ਪੱਥਰ ਸੁੱਟੇ। ਕਾਂਗਰਸ ਦਾ ਦੋਸ ਹੈ ਕਿ ਭਾਜਪਾ ਵਰਕਰਾਂ ਨੇ ਉਸ ਦੇ ਸੂਬਾ ਦਫਤਰ 'ਤੇ ਪਥਰਾਅ ਕੀਤਾ। ਰਾਹੁਲ ਗਾਂਧੀ ਨੇ 'ਐਕਸ' 'ਤੇ ਪੋਸਟ ਕੀਤਾ, "ਗੁਜਰਾਤ ਕਾਂਗਰਸ ਦਫਤਰ 'ਤੇ ਹੋਇਆ ਕਾਇਰਤਾਪੂਰਨ ਅਤੇ ਹਿੰਸਕ ਹਮਲਾ ਭਾਜਪਾ ਅਤੇ ਸੰਘ ਪਰਿਵਾਰ ਬਾਰੇ ਮੇਰੀ ਗੱਲ ਨੂੰ ਹੋਰ ਮਜਬੂਤ ਕਰਦਾ ਹੈ।



ਹਿੰਸਾ ਅਤੇ ਨਫਰਤ ਫੈਲਾਉਣ ਵਾਲੇ ਭਾਜਪਾ ਦੇ ਲੋਕ ਹਿੰਦੂ ਧਰਮ ਦੇ ਮੂਲ ਸਿਧਾਂਤਾਂ ਨੂੰ ਨਹੀਂ ਸਮਝਦੇ।" ਉਨ੍ਹਾਂ ਨੇ ਕਿਹਾ ਕਿ ਗੁਜਰਾਤ ਦੇ ਲੋਕ ਇਨ੍ਹਾਂ ਦੇ ਝੂਠ ਨੂੰ ਚੰਗੀ ਤਰ੍ਹਾਂ ਦੇਖ ਸਕਦੇ ਹਨ ਅਤੇ ਇਸ ਲਈ ਉਹ ਭਾਜਪਾ ਸਰਕਾਰ ਨੂੰ ਫੈਸਲਾਕੁੰਨ ਸਬਕ ਸਿਖਾਉਣਗੇ। ਕਾਂਗਰਸ ਨੇਤਾ ਨੇ ਕਿਹਾ, "ਮੈਂ ਫਿਰ ਤੋਂ ਕਹਿ ਰਿਹਾ ਹਾਂ ਕਿ ਗੁਜਰਾਤ 'ਚ 'ਇੰਡੀਆ' ਗਠਜੋੜ ਜਿੱਤਣ ਵਾਲਾ ਹੈ।" ਉਹਨਾਂ ਨੇ ਲੋਕ ਸਭਾ 'ਚ ਰਾਸਟਰਪਤੀ ਦੇ ਭਾਸਣ 'ਤੇ ਧੰਨਵਾਦ ਮਤੇ 'ਤੇ ਚਰਚਾ ਦੌਰਾਨ ਕਿਹਾ ਸੀ ਕਿ ਗੁਜਰਾਤ 'ਚ ਅਗਲੀਆਂ ਵਿਧਾਨ ਸਭਾ ਚੋਣਾਂ 'ਚ 'ਭਾਰਤ' ਗਠਜੋੜ ਭਾਜਪਾ ਨੂੰ ਹਰਾਏਗਾ। ਕਾਂਗਰਸ ਦੀ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਨੇ ਕਿਹਾ ਕਿ ਭਾਜਪਾ ਨੇ ਗੁਜਰਾਤ ਵਿੱਚ ਰਾਹੁਲ ਗਾਂਧੀ ਦੀ ਗੱਲ ਨੂੰ ਸਹੀ ਸਾਬਤ ਕਰ ਦਿੱਤਾ ਹੈ ਕਿ ਸੱਤਾਧਾਰੀ ਪਾਰਟੀ ਸਿਰਫ ਹਿੰਸਾ ਅਤੇ ਨਫਰਤ ਦੀ ਰਾਜਨੀਤੀ ਕਰਦੀ ਹੈ। ਉਨ੍ਹਾਂ ਨੇ 'ਐਕਸ' 'ਤੇ ਪੋਸਟ ਕੀਤਾ, "ਗੁਜਰਾਤ ਵਿੱਚ ਆਰਐੱਸਐੱਸ-ਭਾਜਪਾ ਦੇ ਲੋਕਾਂ ਦੁਆਰਾ ਕਾਂਗਰਸ ਦਫਤਰ 'ਤੇ ਕਾਇਰਤਾਪੂਰਨ ਅਤੇ ਹਿੰਸਕ ਹਮਲਾ ਬਹੁਤ ਮੰਦਭਾਗਾ ਅਤੇ ਨਿੰਦਣਯੋਗ ਹੈ। ਸੰਸਦ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਜੋ ਵੀ ਕਿਹਾ, ਭਾਜਪਾ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਉਹ ਸਿਰਫ ਹਿੰਸਾ ਅਤੇ ਨਫਰਤ ਦੀ ਰਾਜਨੀਤੀ ਕਰਦੇ ਹਨ। ਪ੍ਰਿਅੰਕਾ ਗਾਂਧੀ ਨੇ ਕਿਹਾ ਕਿ ਸਮਾਂ ਆਉਣ 'ਤੇ ਗੁਜਰਾਤ ਦੇ ਲੋਕ ਜਰੂਰ ਸਬਕ ਸਿਖਾਉਣਗੇ।




# ਹਥਿਆਰਾਂ ਸਣੇ ਫੜੇ ਗਏ ਪੰਜੇ ਮੁਲਜ਼ਮਾਂ ਨੇ ਕੀਤੇ ਵੱਡੇ ਖੁਲਾਸੇ, ਟਲ ਗਈਆਂ ਵੱਡੀਆਂ ਵਾਰਦਾਤਾਂ !

ਫ?ਲੌਰ 5 ਜੁਲਾਈ। ਹਥਿਆਰਾਂ ਦੀ ਖੇਪ ਸਣੇ ਫੜੇ ਗਏ ਖੱਤਰੀ ਅਤੇ ਗੁੱਜਰ ਗੈਂਗ ਦੇ ਪੰਜੇ ਗੁਰਗਿਆਂ ਨੂੰ ਪੁਲਸ ਵੱਲੋਂ ਅਦਾਲਤ 'ਚ ਪੇਸ਼ ਕਰ ਕੇ 5 ਦਿਨ ਦੇ ਪੁਲਸ ਰਿਮਾਂਡ 'ਤੇ ਲਿਆ ਰਿਮਾਂਡ ਦੌਰਾਨ ਉਨ੍ਹਾਂ ਨੇ ਕਈ ਅਹਿਮ ਖੁਲਾਸੇ ਕੀਤੇ। ਫੜੇ ਗਏ ਮੁੱਖ ਮੁਲਜ਼ਮ ਚੰਦਰ ਸ਼ੇਖਰ ਪੰਡਤ ਨੇ ਦੱਸਿਆ ਕਿ ਉਸ ਦਾ ਆਪਣੇ ਹੀ ਪਿੰਡ ਹੁਸ਼ਿਆਰਪੁਰ 'ਚ ਪੈਂਦੇ ਮੇਹਟੀਆਣਾ ਦੇ ਗਿੱਲ ਗੈਂਗ ਨਾਲ ਦੁਸ਼ਮਣੀ ਚੱਲ ਰਹੀ ਸੀ, ਜਿਸ ਕਾਰਨ ਉਸ ਨੇ ਦੱਸਿਆ ਕਿ ਗਿੱਲ ਗੈਂਗ ਚਿੱਟੇ ਦਾ ਕਾਰੋਬਾਰ ਵੱਡੇ ਪੱਧਰ 'ਤੇ ਕਰਦਾ ਹੈ। ਉਸ ਦੀ ਪਛਾਣ ਦਾ ਇਕ ਲੜਕਾ ਸੀ, ਜੋ ਪੜ੍ਹਨ 'ਚ ਬਹੁਤ ਹੁਸ਼ਿਆਰ ਸੀ, ਜਿਸ ਨੇ ਵਿਦੇਸ਼ ਜਾਣ ਲਈ ਆਈਲੈਟਸ ਕੀਤੀ। ਉਸ 'ਚ ਉਸ ਨੇ ਸਾਢੇ 7 ਬੈਂਡ ਵੀ ਲਏ। ਉਹ ਚਿੱਟੇ ਦਾ ਆਦੀ ਹੋ ਗਿਆ। ਗਿੱਲ ਗੈਂਗ ਕੋਲੋਂ ਖਰੀਦੇ ਚਿੱਟੇ ਨਾਲ ਉਸ ਦੀ ਮੌਤ ਹੋ ਗਈ, ਜਿਸ ਦਾ ਉਸ ਨੂੰ ਬੇਹੱਦ ਦੁੱਖ ਹੋਇਆ। ਉਸ ਨੇ ਗਿੱਲ ਗੈਂਗ ਨੂੰ ਨਸ਼ੇ ਦਾ ਕਾਰੋਬਾਰ ਬੰਦ ਕਰਨ ਲਈ ਕਿਹਾ ਤਾਂ ਉਸ ਗੈਂਗ ਨੇ ਉਸ ਨੂੰ ਪਿੰਡ 'ਚ ਪੈਂਦੀ ਬਰਸਾਤੀ ਚੋਅ ਕੋਲ ਬੁਲਾ ਕੇ ਉਥੇ ਉਸ ਨਾਲ ਬੁਰੀ ਤਰ੍ਹਾਂ ਕੁੱਟਮਾਰ ਕਰ ਕੇ ਜ਼ਲੀਲ ਕੀਤਾ। ਆਪਣੇ ਨਾਲ ਹੋਈ ਜ਼ਲਾਲਤ ਦਾ ਬਦਲਾ ਲੈਣ ਲਈ ਉਸ ਨੇ 20 ਜੂਨ ਨੂੰ ਆਪਣੇ ਸਾਥੀਆਂ ਨਾਲ ਮਿਲ ਕੇ ਗਿੱਲ ਅਤੇ ਉਸ ਦੇ ਗੈਂਗ ਦੇ ਲੜਕਿਆਂ ਨੂੰ ਚੰਗਾ ਸਬਕ ਸਿਖਾਇਆ ਅਤੇ ਉਸ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ। ਉਸ ਝਗੜੇ ਤੋਂ ਬਾਅਦ ਉਸ ਨੂੰ ਪਤਾ ਲੱਗਾ ਕਿ ਗਿੱਲ ਗੈਂਗ ਉਨ੍ਹਾਂ ਨੂੰ ਜਾਨੋਂ ਮਾਰਨ ਦੀ ਤਿਆਰੀ ਰਚ ਰਿਹਾ ਹੈ। ਇਸ ਤੋਂ ਪਹਿਲਾਂ ਗਿੱਲ ਗੈਂਗ ਉਨ੍ਹਾਂ ਨੂੰ ਮਾਰ ਦਿੰਦਾ, ਉਸ ਨੇ ਵਿਦੇਸ਼ ਅਮਰੀਕਾ 'ਚ ਬੈਠੇ ਆਪਣੇ ਗੈਂਗ ਦੇ ਸਰਗਣਾ ਗੁੱਜਰ ਅਤੇ ਖੱਤਰੀ ਨਾਲ ਗੱਲ ਕਰ ਕੇ ਗਿੱਲ ਗੈਂਗ ਦੇ ਪੂਰੀ ਤਰ੍ਹਾਂ ਖਾਤਮੇ ਦੀ ਗੱਲ ਕਹੀ, ਜਿਸ 'ਤੇ ਗੁੱਜਰ ਨੇ ਉਨ੍ਹਾਂ ਨੂੰ ਕਿਹਾ ਕਿ ਉਹ ਕਤਲ ਦੇ ਦੋਸ਼ 'ਚ ਜੇਲ ਵਿਚ ਬੰਦ ਉਸ ਦੇ ਭਰਾ ਬਿੰਨੀ ਗੁੱਜਰ ਨੂੰ ਮਿਲਣ। ਉਹ ਉਨ੍ਹਾਂ ਲਈ ਹਥਿਆਰਾਂ ਦਾ ਪ੍ਰਬੰਧ ਕਰਵਾ ਦੇਵੇਗਾ। ਹਥਿਆਰ ਖਰੀਦਣ ਲਈ ਜਿੰਨਾ ਵੀ ਖਰਚ ਆਵੇਗਾ, ਉਹ ਉਸ ਦੀ ਪੇਮੈਂਟ ਵਿਦੇਸ਼ ਤੋਂ ਭੇਜ ਦੇਵੇਗਾ। ਬਿੰਨੀ ਗੁੱਜਰ ਨਾਲ ਜਦੋਂ ਉਨ੍ਹਾਂ ਜੇਲ 'ਚ ਮੁਲਾਕਾਤ ਕੀਤੀ ਤਾਂ ਉਸ ਨੇ ਉਨ੍ਹਾਂ ਨੂੰ ਮੱਧ ਪ੍ਰਦੇਸ਼ 'ਚ ਪੈਂਦੇ ਪਿੰਡ ਖੰਡਵਾ ਭੇਜ ਦਿੱਤਾ, ਜਿਥੋਂ ਉਨ੍ਹਾਂ ਨੇ 4 ਪਿਸਤੌਲਾਂ, ਇਕ ਰਿਵਾਲਵਰ, 8 ਮੈਗਜ਼ੀਨ ਅਤੇ ਗੋਲੀਆਂ ਖਰੀਦੀਆਂ। ਜਾਂਦੇ ਸਮੇਂ ਉਹ ਟਰੇਨ ਰਾਹੀਂ ਗਏ ਸਨ, ਆਉਂਦੇ ਸਮੇਂ ਉਹ ਬੱਸ ਰਾਹੀਂ ਆਏ। ਉਹ ਆਪਣੇ ਮੋਟਰਸਾਈਕਲ ਲੁਧਿਆਣਾ ਖੜ੍ਹੇ ਕਰ ਗਏ ਸਨ। ਫਿਲੌਰ 'ਚ ਉਨ੍ਹਾਂ ਨੂੰ ਹਾਈਟੈਕ ਨਾਕੇ 'ਤੇ ਇੰਸਪੈਕਟਰ ਸੁਖਦੇਵ ਸਿੰਘ ਅਤੇ ਉਨ੍ਹਾਂ ਦੀ ਟੀਮ ਨੇ ਹਥਿਆਰਾਂ ਸਮੇਤ ਫੜ ਲਿਆ। ਜੇਕਰ ਉਹ ਪੁਲਸ ਦੇ ਹੱਥ ਨਾ ਆਉਂਦੇ ਤਾਂ ਉਨ੍ਹਾਂ ਨੇ ਇਨ੍ਹਾਂ ਹਥਿਆਰਾਂ ਨਾਲ ਪਹਿਲਾਂ ਗਿੱਲ ਗੈਂਗ ਨੂੰ ਪੂਰੀ ਤਰ੍ਹਾਂ ਖਤਮ ਕਰਨਾ ਸੀ। ਇਸੇ ਲਈ ਉਨ੍ਹਾਂ ਨੇ 4 ਪਿਸਤੌਲਾਂ ਨਾਲ ਡਬਲ 8 ਮੈਗਜ਼ੀਨ ਲਏ ਸਨ। ਫੜੇ ਗਏ ਪੰਜੇ ਮੁਲਜ਼ਮਾਂ ਨੇ ਦੱਸਿਆ ਕਿ ਗਿੱਲ ਗੈਂਗ ਦੇ ਖਾਤਮੇ ਤੋਂ ਬਾਅਦ ਉਨ੍ਹਾਂ ਨੇ ਆਪਣੇ ਸਰਗਣਾ ਗੁੱਜਰ



ਅਤੇ ਖੱਤਰੀ ਦੇ ਅਗਲੇ ਨਿਰਦੇਸ਼ ਦੀ ਪਾਲਣਾ ਕਰਨੀ ਸੀ। ਉਹ ਉਨ੍ਹਾਂ ਨੂੰ ਪਹਿਲਾਂ ਹੀ ਦੱਸ ਚੁੱਕੇ ਸਨ ਕਿ ਗਿੱਲ ਗੈਂਗ ਨੂੰ ਖਤਮ ਕਰਨ ਤੋਂ ਬਾਅਦ ਉਹ ਉਨ੍ਹਾਂ ਨੂੰ ਅਗਲਾ ਨਿਰਦੇਸ਼ ਦੇਣਗੇ। ਉਹ ਉਨ੍ਹਾਂ ਨੂੰ ਜੋ ਵੀ ਕੰਮ ਸੌਂਪਦੇ, ਉਸ ਨੂੰ ਉਨ੍ਹਾਂ ਨੇ ਹਰ ਹਾਲ 'ਚ ਪੂਰਾ ਕਰਨਾ ਸੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਸਰਗਣਾ ਗੁੱਜਰ ਅਤੇ ਖੱਤਰੀ ਨੇ ਉਨ੍ਹਾਂ ਨਾਲ ਵਾਅਦਾ ਕੀਤਾ ਸੀ ਕਿ ਉਹ ਪੰਜਾਬ 'ਚ ਗੈਂਗ ਦਾ ਦਬਦਬਾ ਬਣਾਉਣ ਲਈ ਇਥੋਂ ਕਿਤੋਂ ਵੀ ਉਹ ਵਿਦੇਸ਼ ਤੋਂ ਫਿਰੌਤੀ ਮੰਗਣ ਅਤੇ ਨਾ ਦੇਣ ਵਾਲਿਆਂ 'ਤੇ ਜੇਕਰ ਉਹ ਉਥੋਂ ਗੋਲੀ ਚਲਾਉਣ ਦਾ ਨਿਰਦੇਸ਼ ਦੇਣ ਤਾਂ ਉਹ ਉਸ ਦੀ ਪਾਲਣਾ ਕਰਨ। ਉਹ ਕਿਸੇ ਵੀ ਹਾਲਤ ਵਿਚ ਪੁਲਸ ਦੇ ਹੱਥ ਨਾ ਲੱਗਣ। ਜੇਕਰ ਉਨ੍ਹਾਂ 'ਤੇ ਪੰਜਾਬ ਵਿਚ ਵੱਡੇ ਅਪਰਾਧਕ ਕੇਸ ਦਰਜ ਹੋ ਜਾਂਦੇ ਹਨ ਅਤੇ ਪੁਲਸ ਉਨ੍ਹਾਂ ਦੇ ਪਿੱਛੇ ਹੱਥ ਧੋ ਕੇ ਪੈ ਜਾਵੇਗੀ ਤਾਂ ਉਹ ਅੱਗੇ ਗੈਂਗ 'ਚ ਨਵੇਂ ਲੜਕਿਆਂ ਨੂੰ ਸ਼ਾਮਲ ਕਰ ਕੇ ਖੁਦ ਉਨ੍ਹਾਂ ਵੱਲੋਂ ਦੱਸੇ ਏਜੰਟ ਕੋਲ ਪੁੱਜ ਜਾਣ। ਉਹ ਉਨ੍ਹਾਂ ਨੂੰ ਮੈਕਸੀਕੋ ਭੇਜ ਦੇਵੇਗਾ, ਜਿਥੋਂ ਉਹ ਡੌਂਕੀ ਲਗਵਾ ਕੇ ਉਨ੍ਹਾਂ ਨੂੰ ਆਪਣੇ ਕੋਲ ਬੁਲਾ ਲੈਣਗੇ। ਫਿਰ ਉਹ ਵੀ ਵਿਦੇਸ਼ 'ਚ ਬੈਠ ਕੇ ਜਿਨ੍ਹਾਂ ਲੜਕਿਆਂ ਨੂੰ ਉਹ ਗੈਂਗ 'ਚ ਸ਼ਾਮਲ ਕਰ ਕੇ ਆਉਣਗੇ ਅੱਗੇ ਉਨ੍ਹਾਂ ਤੋਂ ਕੰਮ ਲੈਣਗੇ। ਫਿਲੌਰ ਪੁਲਸ ਜੇਕਰ ਸਮਾਂ ਰਹਿੰਦੇ ਇਨ੍ਹਾਂ ਨੂੰ ਨਾ ਫੜਦੀ ਤਾਂ ਆਉਣ ਵਾਲੇ ਦਿਨਾਂ 'ਚ ਇਸ ਗਿਰੋਹ ਨੇ ਪੰਜਾਬ 'ਚ ਵੱਡੀ ਅੱਤ ਮਚਾਉਣੀ ਸੀ।

## ਪੁਲਸ ਨੇ ਸਰਚ ਆਪ੍ਰੇਸ਼ਨ ਦੌਰਾਨ ਕਈ ਪਿੰਡਾਂ 'ਚ ਘਰ-ਘਰ ਜਾ ਕੇ ਲਈ ਤਲਾਸ਼ੀ

ਪਾਤੜਾਂ 5 ਜੁਲਾਈ। ਸੂਬਾ ਸਰਕਾਰ ਵੱਲੋਂ ਜਾਰੀ ਹਦਾਇਤਾਂ ਦੇ ਮੱਦੇਨਜਰ ਸੀਨੀਅਰ ਪੁਲਸ ਅਧਿਕਾਰੀਆਂ ਦੇ ਦਿੱਤੇ ਦਿਸ਼ਾ- ਨਿਰਦੇਸ਼ਾਂ 'ਤੇ ਚਲਦਿਆਂ ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਤਹਿਤ ਪਾਤੜਾਂ ਪੁਲਸ ਨੇ ਪਾਤੜਾਂ ਅਤੇ ਇਸ ਦੇ ਨਾਲ ਲੱਗਦੇ ਵੱਖ-ਵੱਖ ਪਿੰਡਾਂ ਵਿਚ ਅੱਜ ਸਵੇਰੇ ਰੇਡ ਕਰਕੇ ਘਰਾਂ ਦੀ ਤਲਾਸ਼ੀ ਕੀਤੀ। ਨਸ਼ਿਆਂ ਖਿਲਾਫ ਵਿੱਢੀ ਮੁਹਿੰਮ ਤਹਿਤ ਇਹ ਆਪਰੇਸ਼ਨ ਪਾਤੜਾਂ ਦੇ ਹਰਮਨ ਨਗਰ ਤੋਂ ਇਲਾਵਾ



ਪਿੰਡ ਕਾਹਨਗੜ੍ਹ, ਖਸਪੁਰ, ਦੁਤਾਲ ਮੌਲਵੀਵਾਲਾ ਵਿਖੇ ਅੱਜ ਸਵੇਰੇ 5 ਵਜੇ ਰੇਡ ਕੀਤੀ ਗਈ ਹੈ ਜਦੋਂ ਕਿ ਘਰਾਂ ਵਿਚ ਲੋਕ ਸੁੱਤੇ ਪਏ ਸੀ ਉਸ ਵਕਤ ਪੁਲਸ ਦੇ ਅਧਿਕਾਰੀਆਂ ਨੇ ਪਿੰਡਾਂ ਵਿਚ ਘਰ - ਘਰ ਤਲਾਸ਼ੀ ਲੈ ਕੇ ਡਰੱਗ ਰੋਕੋ ਮੁਹਿੰਮ ਚਲਾਈ । ਇਸ ਮੁਹਿੰਮ ਤਹਿਤ ਭਾਵੇਂ ਕੁਝ ਨਹੀਂ ਮਿਲਿਆ ਪਰ ਲੋਕਾਂ ਨੂੰ ਇਸ ਸਬੰਧੀ ਇੱਕ ਖੌਫ ਜਰੂਰ ਦੇਖਣ ਨੂੰ ਮਿਲਿਆ। ਇਸ ਮੌਕੇ ਜਾਣਕਾਰੀ ਦਿੰਦੇ ਹੋਏ ਪਾਤੜਾਂ ਥਾਣਾ ਮੁਖੀ ਸਬ ਇੰਸਪੈਕਟਰ ਯਸਪਾਲ ਸ਼ਰਮਾਂ ਨੇ ਦੱਸਿਆ ਕਿ ਪਾਤੜਾਂ ਇਲਾਕੇ ਅੰਦਰ ਨਸ਼ਿਆ ਦੇ ਸੌਦਾਗਰਾਂ ਨੂੰ ਨੱਥ ਪਾਉਣ ਲਈ ਅੱਜ ਸਵੇਰ ਸਮੇਂ ਵੱਖ-ਵੱਖ ਪੁਲਸ ਟੀਮਾਂ ਬਣਾ ਕੇ ਸ਼ੱਕੀ ਘਰਾਂ ਦੇ ਤਲਾਸ਼ੀ ਲਈ ਗਈ ਹੈ ਤਾਂ ਜੋ ਕੋਈ ਵੀ ਵਿਅਕਤੀ ਨਸ਼ਿਆਂ ਦੀ ਸਮੱਗਲਿੰਗ ਨਾ ਕਰ ਸਕੇ । ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਪੁਲਸ ਵੱਲੋਂ ਨਸ਼ਿਆਂ ਦਾ ਧੰਦਾ ਕਰਨ ਵਾਲਿਆਂ ਖ਼?ਲਾਫ ਵਿਸ਼ੇਸ਼ ਮੁਹਿੰਮ ਚਲਾਈ ਜਾਵੇਗੀ ਤਾਂ ਜੋ ਕਿਸੇ ਵੀ ਮਾੜੇ ਅਨਸਰ ਨੂੰ ਨੱਥ ਪਾਈ ਜਾ ਸਕੇ। ਇਸ ਮੌਕੇ ਉਨ੍ਹਾਂ ਨਾਲ ਪੁਲਸ ਫੋਰਸ ਦੇ ਜਵਾਨਾਂ ਤੋਂ ਇਲਾਵਾ ਲੇਡੀਜ ਪੁਲਸ ਫੋਰਸ ਵੀ ਮੌਜੂਦ ਸੀ।

## ਪਾਣੀ ਵਾਲੀ ਟੈਂਕੀ 'ਤੇ ਚੜ੍ਹ ਗਏ ਮਾਂ-ਪੁੱਤ, ਪਤਾ ਲੱਗਾ ਤਾਂ ਪੁਲਸ ਨੂੰ ਪੈ ਗਈਆਂ ਭਾਜੜਾਂ

ਲੁਧਿਆਣਾ 5 ਜੁਲਾਈ। ਲੁਧਿਆਣਾ ਪੁਲਸ ਨੂੰ ਉਸ ਵੇਲੇ ਭਾਜੜਾਂ ਪੈ ਗਈਆਂ, ਜਦੋਂ ਚਾਂਦ ਸਿਨੇਮਾ ਦੇ ਸਾਹਮਣੇ ਬਣੀ ਪਾਣੀ ਦੀ ਟੈਂਕੀ ਦੇ ਉੱਪਰ ਮਾਂ ਅਤੇ ਪੁੱਤ ਦੇ ਚੜ੍ਹੇ ਹੋਣ ਦੀ ਜਾਣਕਾਰੀ ਮਿਲੀ। ਮਾਂ-ਪੁੱਤ ਨੂੰ ਟੈਂਕੀ 'ਤੇ ਚੜ੍ਹਿਆ ਦੇਖ ਕੇ ਰਾਹਗੀਰਾਂ ਨੇ ਪੁਲਸ ਕੰਟਰੋਲ ਰੂਮ 'ਤੇ ਸੂਚਨਾ ਦਿੱਤੀ, ਜਿਸ ਤੋਂ ਬਾਅਦ ਥਾਣਾ ਡਵੀਜ਼ਨ ਨੰ. 4 ਦੀ ਪੁਲਸ ਮੌਕੇ 'ਤੇ ਪੁੱਜ ਗਈ। ਇਹ ਦੇਖ ਕੇ ਪੁਲਸ ਦੇ ਹੱਥ-ਪੈਰ ਫੁੱਲ ਗਏ ਤਾਂ ਕਿ ਕੋਈ ਅਣਹੋਣੀ ਨਾ ਹੋ ਜਾਵੇ। ਇਸ ਦੇ ਨਾਲ ਹੀ ਫਾਇਰ ਬ੍ਰਿਗੇਡ ਦੀ ਗੱਡੀ ਵੀ ਮੌਕੇ 'ਤੇ ਪੁੱਜ ਗਈ। ਕਿਸੇ ਤਰ੍ਹਾਂ ਪੁਲਸ ਮੁਲਾਜ਼ਮ ਉੱਪਰ ਗਏ ਅਤੇ ਮਾਂ-ਪੁੱਤ ਨੂੰ ਸਮਝਾ ਕੇ ਹੇਠਾਂ ਲੈ ਕੇ ਆਏ ਤਾਂ ਜਾ ਕੇ ਪੁਲਸ ਨੇ ਸੁੱਖ ਦਾ ਸਾਹ ਲਿਆ। ਥਾਣਾ ਡਵੀਜ਼ਨ ਨੰ. 4 ਦੇ ਐੱਸ.ਐੱਚ.ਓ. ਹਰਸ਼ਪਾਲ ਸਿੰਘ ਨੇ ਦੱਸਿਆ



ਕਿ ਉਨ੍ਹਾਂ ਨੂੰ ਦੁਪਹਿਰ ਲਗਭਗ ਸਾਢੇ 3 ਵਜੇ ਸੂਚਨਾ ਮਿਲੀ ਸੀ ਕਿ ਪਾਣੀ ਵਾਲੀ ਟੈਂਕੀ 'ਤੇ 2 ਲੋਕ ਚੜ੍ਹੇ ਹੋਏ ਹਨ। ਉਹ ਤੁਰੰਤ ਪੁਲਸ ਪਾਰਟੀ ਨਾਲ ਮੌਕੇ 'ਤੇ ਪੁੱਜ ਗਏ। ਉਨ੍ਹਾਂ ਦੇਖਿਆ ਕਿ ਟੈਂਕੀ 'ਤੇ ਇਕ ਅੱਧਖੜ ਉਮਰ ਦੀ ਔਰਤ ਅਤੇ ਇਕ ਨੌਜਵਾਨ ਹੈ, ਜੋ ਕਿ ਮਾਂ-ਪੁੱਤ ਹਨ। ਉਨ੍ਹਾਂ ਨੇ ਪਹਿਲਾਂ ਉਨ੍ਹਾਂ ਨੂੰ ਹੇਠੋਂ ਸਮਝਾਉਣ ਦਾ ਯਤਨ ਕੀਤਾ। ਇਸ ਤੋਂ ਬਾਅਦ ਉਨ੍ਹਾਂ ਦੇ ਪੁਲਸ ਮੁਲਾਜ਼ਮ ਟੈਂਕੀ ਦੇ ਉੱਪਰ ਚੜ੍ਹੇ, ਜਿਨ੍ਹਾਂ ਨੇ ਦੋਵਾਂ ਨੂੰ ਸਮਝਾਇਆ ਅਤੇ ਕਿਹਾ ਕਿ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਕੋਈ ਪ੍ਰੇਸ਼ਾਨੀ ਨਹੀਂ ਹੋਵੇਗੀ ਤੇ ਪੁਲਸ ਉਨ੍ਹਾਂ ਦੀ ਮਦਦ ਕਰੇਗੀ। ਇਸ ਤੋਂ ਬਾਅਦ ਉਨ੍ਹਾਂ ਨੂੰ ਹੇਠਾਂ ਉਤਾਰਿਆ ਗਿਆ। ਪੁਲਸ ਦਾ ਕਹਿਣਾ ਹੈ ਕਿ ਉਕਤ ਔਰਤ ਦੀ ਹਾਲਤ ਵਿਗੜ ਗਈ ਸੀ। ਫਿਲਹਾਲ, ਇਨ੍ਹਾਂ ਹੀ ਪਤਾ ਲੱਗਾ ਹੈ ਕਿ ਉਨ੍ਹਾਂ ਦਾ ਕੋਈ ਪ੍ਰਾਪਰਟੀ ਵਿਵਾਦ ਹੈ। ਮਹਿਲਾ ਦੇ ਠੀਕ ਹੋਣ ਤੋਂ ਬਾਅਦ ਉਨ੍ਹਾਂ ਦੀ ਸ਼ਿਕਾਇਤ ਲੈ ਕੇ ਅੱਗੇ ਦੀ ਕਾਰਵਾਈ ਕੀਤੀ ਜਾਵੇਗੀ।

## ਰੂਹ ਕੰਬਾਊ ਵਾਰਦਾਤ: ਲਾਅ ਕਾਲਜ ਦੇ ਪ੍ਰੋਫੈਸਰ ਨੇ ਮਾਂ ਦੇ ਸਾਹਮਣੇ ਵੱਢ ਦਿੱਤਾ ਪਿਓ

ਨੈਸ਼ਨਲ ਡੈਸਕ 5 ਜੁਲਾਈ। ਸ਼ਹਿਰ ਦੇ ਇੱਕ ਪ੍ਰਾਈਵੇਟ ਲਾਅ ਕਾਲਜ ਦੇ ਇੱਕ ਸਹਾਇਕ ਪ੍ਰੋਫੈਸਰ ਨੇ ਬੁੱਧਵਾਰ ਨੂੰ ਕਥਿਤ ਤੌਰ 'ਤੇ ਆਪਣੇ ਪਿਤਾ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ। ਪੁਲਸ ਨੇ ਦੋਸੀ ਨੂੰ ਗ੍ਰਿਫਤਾਰ ਕਰ ਲਿਆ ਹੈ। ਪੁਲਸ ਦੇ ਡਿਪਟੀ ਕਮਿਸਨਰ ਪ੍ਰਤੀਕ ਸਿੰਘ ਨੇ ਦੱਸਿਆ ਕਿ ਜਨਤਕ ਖੇਤਰ ਦੇ ਅਦਾਰੇ ਨਾਲਕੋ ਦੇ ਸੇਵਾਮੁਕਤ ਅਧਿਕਾਰੀ ਸੁਨੀਲ ਚੌਧਰੀ ਦੀ ਛਾਤੀ ਅਤੇ ਢਿੱਡ 'ਤੇ ਚਾਕੂ ਨਾਲ ਕਈ ਵਾਰ ਕੀਤੇ ਗਏ ਸਨ। ਪੁਲਸ ਮੁਤਾਬਕ ਦੋਸੀ ਅਨਿਰੁੱਧ ਚੌਧਰੀ (38) ਆਪਣੀ ਪਤਨੀ ਨਾਲ ਝਗੜੇ ਤੋਂ ਬਾਅਦ ਇੱਥੇ ਮਾਨਚੇਸਵਰ ਥਾਣੇ ਦੇ ਅਧੀਨ ਕਾਲਰਾਹੰਗਾ ਖੇਤਰ ਦੇ ਇਕ ਅਪਾਰਟਮੈਂਟ 'ਚ ਆਪਣੇ ਮਾਤਾ-ਪਿਤਾ ਨਾਲ ਰਹਿ ਰਿਹਾ ਸੀ। ਇਹ ਦਰਦਨਾਕ ਘਟਨਾ ਸਵੇਰੇ ਉਸਦੀ ਮਾਂ ਸੁਨੀਤਾ ਦੇ ਸਾਹਮਣੇ ਵਾਪਰੀ। ਸਿੰਘ ਨੇ ਦੱਸਿਆ ਕਿ ਸੂਚਨਾ ਮਿਲਣ ਤੋਂ ਬਾਅਦ ਸਵੇਰੇ 4.30 ਵਜੇ ਪੀ.ਸੀ.ਆਰ ਵੈਨ ਮੌਕੇ 'ਤੇ ਪਹੁੰਚੀ ਅਤੇ ਗੰਭੀਰ ਜਖਮੀ ਸੁਨੀਲ ਨੂੰ ਕੈਪੀਟਲ ਹਸਪਤਾਲ ਪਹੁੰਚਾਇਆ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।




ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਇਹ ਘਟਨਾ ਵਿੱਤੀ ਵਿਵਾਦ ਕਾਰਨ ਵਾਪਰੀ ਹੈ। ਪੁਲਸ ਅਨੁਸਾਰ ਅਨਿਰੁੱਧ ਚੌਧਰੀ 'ਤੇ ਕਥਿਤ ਤੌਰ 'ਤੇ ਭਾਰੀ ਕਰਜਾ ਸੀ, ਜਿਸ ਕਾਰਨ ਉਹ ਪਰੇਸ਼ਾਨ ਰਹਿੰਦਾ ਸੀ। ਆਰਥਿਕ ਮਦਦ ਨੂੰ ਲੈ ਕੇ ਉਸ ਦਾ ਆਪਣੇ ਪਿਤਾ ਨਾਲ ਝਗੜਾ ਸੀ। ਜਦੋਂ ਸੁਨੀਲ ਨੇ ਪੈਸੇ ਦੇਣ ਤੋਂ ਇਨਕਾਰ ਕੀਤਾ ਤਾਂ ਦੋਸੀ ਪੁੱਤਰ ਨੇ ਉਸ 'ਤੇ ਤੇਜਧਾਰ ਚਾਕੂ ਨਾਲ ਕਈ ਵਾਰ ਹਮਲਾ ਕਰਕੇ ਉਸ ਨੂੰ ਮਾਰ ਦਿੱਤਾ। ਮਾਨਚੇਸਵਰ ਪੁਲਸ ਨੇ ਭਾਰਤੀ ਨਿਆਂ ਸੰਹਿਤਾ (ਬੀਐਨਐਸ) ਦੀਆਂ ਸਬੰਧਤ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਹੈ। ਘਟਨਾ ਸਥਾਨ 'ਤੇ ਪੁੱਜੇ ਫੋਰੈਂਸਿਕ ਮਾਹਿਰਾਂ ਨੇ ਘਟਨਾ ਵਾਲੀ ਥਾਂ ਤੋਂ ਸਬੂਤ ਇਕੱਠੇ ਕਰਨੇ ਸ਼ੁਰੂ ਕਰ ਦਿੱਤੇ ਹਨ, ਜਿਸ ਵਿੱਚ ਅਪਰਾਧ ਵਿੱਚ ਵਰਤਿਆ ਗਿਆ ਹਥਿਆਰ ਅਤੇ ਘਟਨਾ ਸਮੇਂ ਦੋਸੀ ਅਤੇ ਉਸਦੇ ਪਿਤਾ ਵੱਲੋਂ ਪਹਿਨੇ ਕੱਪੜੇ ਸਾਮਲ ਹਨ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਲਾਸ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਘਟਨਾ ਬਾਰੇ ਹੋਰ ਜਾਣਕਾਰੀ ਹਾਸਲ ਕਰਨ ਲਈ ਅਨਿਰੁਧ ਦੀ ਮਾਂ ਤੋਂ ਵੀ ਪੁੱਛਗਿੱਛ ਕੀਤੀ ਜਾਵੇਗੀ।

## ਬੀਮਾਰੀਆਂ ਤੋਂ ਤੰਗ ਆਏ ਵਿਅਕਤੀ ਨੇ ਨਹਿਰ 'ਚ ਛਾਲ ਮਾਰ ਕੇ ਕੀਤੀ ਖੁਦਕੁਸ਼ੀ

ਫਾਜ਼ਿਲਕਾ 5 ਜੁਲਾਈ। ਉਪ-ਮੰਡਲ ਦੇ ਪਿੰਡ ਘੱਲੂ ਦੇ ਇਕ ਵਿਅਕਤੀ ਵੱਲੋਂ ਬੀਮਾਰੀਆਂ ਤੋਂ ਤੰਗ ਆ ਕੇ ਗੰਗ ਕੈਨਾਲ ਨਹਿਰ 'ਚ ਛਾਲ ਮਾਰ ਕੇ ਖੁਦਕੁਸ਼ੀ ਕਰਨ ਦੀ ਦੁਖਦਾਈ ਖਬਰ ਹੈ। ਜਾਣਕਾਰੀ ਅਨੁਸਾਰ ਪ੍ਰਵੀਨ ਨਾਂ ਦਾ ਇਕ ਵਿਅਕਤੀ ਜੋ ਕਿ ਪਿਛਲੇ 8 ਸਾਲ ਤੋਂ ਕਈ ਬੀਮਾਰੀਆਂ ਤੋਂ ਪਰੇਸ਼ਾਨ ਦੱਸਿਆ ਜਾ ਰਿਹਾ ਸੀ। ਆਪਣੇ ਇਲਾਜ 'ਤੇ ਲੱਖਾਂ ਰੁਪਏ ਖਰਚ ਕਰ ਚੁੱਕਿਆ ਸੀ। ਇਸ ਕਾਰਨ ਮਾਨਸਿਕ ਪਰੇਸ਼ਾਨੀ ਦੇ ਚੱਲਦਿਆਂ ਉਸ ਨੇ ਗੰਗਾ ਕੈਨਾਲ ਨਹਿਰ 'ਚ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ, ਜਿਸ ਦੀ ਲਾਸ਼ ਰਾਜਸਥਾਨ ਦੀ ਇਕ ਨਹਿਰ 'ਚੋਂ ਬਰਾਮਦ ਹੋਈ। ਥਾਣਾ ਖੂਈ ਖੇੜਾ ਪੁਲਸ ਨੇ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਦੀ ਮੋਰਚਰੀ 'ਚ ਰਖਵਾਇਆ ਹੈ।

## ਸੂਬੇ ਦੇ ਇਨ੍ਹਾਂ 12 ਜਿਲ੍ਹਿਆਂ ਲਈ ਜਾਰੀ ਹੋਇਆ ਅਲਰਟ

ਜਲੰਧਰ 5 ਜੁਲਾਈ। ਉੱਤਰ ਭਾਰਤ ਦੇ ਵੱਖ-ਵੱਖ ਸੂਬਿਆਂ ਵਿਚ ਮੌਸਮ ਨੇ ਕਰਵਟ ਬਦਲੀ ਹੈ ਅਤੇ ਬਾਰਿਸ਼ ਦੀ ਦਸਤਕ ਨਾਲ ਤਾਪਮਾਨ ਵਿਚ ਵੱਡਾ ਬਦਲਾਅ ਦੇਖਣ ਨੂੰ ਮਿਲਿਆ ਹੈ। ਪੰਜਾਬ ਵਿਚ 266 ਐੱਮ. ਐੱਮ. ਬਾਰਿਸ਼ ਨਾਲ ਵੱਖ-ਵੱਖ ਸੂਬਿਆਂ ਦੇ ਤਾਪਮਾਨ ਵਿਚ 6 ਤੋਂ 7 ਡਿਗਰੀ ਸੈਲਸੀਅਸ ਦੀ ਗਿਰਾਵਟ ਆਈ ਹੈ, ਜਿਸ ਨਾਲ ਲੋਕਾਂ ਨੇ ਸੁੱਖ ਦਾ ਸਾਹ ਲਿਆ ਹੈ। ਪੰਜਾਬ, ਹਰਿਆਣਾ ਤੇ ਹਿਮਾਚਲ 'ਚ ਸ਼ੁਰੂ ਹੋਇਆ ਬਾਰਿਸ਼ ਦਾ ਸਿਲਸਿਲਾ 5 ਜੁਲਾਈ ਨੂੰ ਵੀ ਜਾਰੀ ਰਹੇਗਾ। ਮਾਨਸੂਨ ਦੇ ਸਮੇਂ ਤੋਂ ਪਹਿਲਾਂ ਦਸਤਕ ਦੇਣ ਕਾਰਨ ਭਿਆਨਕ ਗਰਮੀ ਤੋਂ ਵੱਡੀ ਰਾਹਤ ਮਿਲੀ ਹੈ। ਮੌਸਮ ਵਿਗਿਆਨ ਵਿਭਾਗ ਦੇ ਚੰਡੀਗੜ੍ਹ ਕੇਂਦਰ ਵੱਲੋਂ ਹਰਿਆਣਾ, ਚੰਡੀਗੜ੍ਹ ਤੇ ਦਿੱਲੀ ਵਿਚ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ, ਜਦੋਂ ਕਿ ਪੰਜਾਬ ਦੇ 12 ਜ਼?ਲ੍ਹਿਆਂ ਵਿਚ ਔਰੇਂਜ ਅਲਰਟ ਨਾਲ ਭਾਰੀ ਬਾਰਿਸ਼ ਦੀ ਚਿਤਾਵਨੀ ਦਿੱਤੀ ਗਈ ਹੈ। ਔਰੇਂਜ ਅਲਰਟ ਪਠਾਨਕੋਟ, ਜਲੰਧਰ, ਹੁਸ਼ਿਆਰਪੁਰ, ਕਪੂਰਥਲਾ, ਸ਼ਹੀਦ ਭਗਤ ਸਿੰਘ ਨਗਰ, ਫਤਹਿਗੜ੍ਹ ਸਾਹਿਬ, ਰੂਪਨਗਰ, ਨਵਾਂਸ਼ਹਿਰ, ਤਰਨਤਾਰਨ, ਅੰਮ੍ਰਿਤਸਰ ਅਤੇ ਗੁਰਦਾਸਪੁਰ ਜ਼?ਲ੍ਹੇ ਸ਼ਾਮਲ ਹਨ। ਇਸੇ ਸਿਲਸਿਲੇ ਵਿਚ 6 ਜੁਲਾਈ ਨੂੰ ਪੰਜਾਬ ਦੇ ਕੁਝ ਜ਼?ਲ੍ਹੇ ਯੈਲੋ ਅਲਰਟ ਦੀ ਲਪੇਟ ਵਿਚ ਰਹਿਣਗੇ। ਵੱਖ-ਵੱਖ ਸਰੋਤਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਪੰਜਾਬ ਵਿਚ ਪਿਛਲੇ 24 ਘੰਟਿਆਂ ਦੌਰਾਨ 266 ਐੱਮ. ਐੱਮ. ਤੋਂ ਵੱਧ ਬਾਰਿਸ਼ ਹੋਈ। ਬੀਤੇ ਦਿਨੀਂ 44.1 ਡਿਗਰੀ ਦੇ ਮੁਕਾਬਲੇ ਪੰਜਾਬ ਦਾ ਵੱਧ ਤੋਂ ਵੱਧ ਤਾਪਮਾਨ 37.5 ਡਿਗਰੀ ਸੈਲਸੀਅਸ ਰਿਕਾਰਡ ਕੀਤਾ ਗਿਆ।

## ਪੰਜਾਬ 'ਚ ਵੱਡੀ ਵਾਰਦਾਤ, ਨਿਹੰਗਾਂ ਨੇ ਭਰੇ ਬਾਜਾਰ 'ਚ ਸੜਕ ਵਿਚਾਲੇ ਵੱਢਿਆ ਸ਼ਿਵ ਸੈਨਾ ਆਗੂ

ਲੁਧਿਆਣਾ 5 ਜੁਲਾਈ। ਥਾਣਾ ਡਿਵੀਜਨ ਨੰਬਰ 2 ਦੇ ਖੇਤਰ ਵਿਚ ਸ਼?ਵ ਸੈਨਾ ਆਗੂ ਸੰਦੀਪ ਉਰਫ ਗੋਰਾ ਥਾਪਰ 'ਤੇ ਕੁਝ ਅਣਪਛਾਤੇ ਨਿਹੰਗਾਂ ਨੇ ਭਰੇ ਬਾਜਾਰ ਸ਼ਰੇਆਮ ਕਿਰਪਾਨਾਂ ਨਾਲ ਹਮਲਾ ਕਰ ਦਿੱਤਾ। ਨਿਹੰਗਾਂ ਦੇ ਬਾਣੇ ਵਿਚ ਤਿੰਨ ਲੋਕਾਂ ਨੇ ਐਕਟਿਵਾ 'ਤੇ ਜਾ ਰਹੇ ਸ਼?ਵ ਸੈਨਾ ਆਗੂ ਸੰਦੀਪ ਉਰਫ ਗੋਰਾ ਨੂੰ ਭਰੇ ਬਾਜਾਰ ਵਿਚ ਰੋਕਿਆ ਅਤੇ ਇਕ ਤੋਂ ਬਾਅਦ ਇਕ ਤਲਵਾਰ ਨਾਲ ਤਾਬੜ-ਤੋੜ ਵਾਰ ਕਰਨੇ ਸ਼ੁਰੂ ਕਰ ਦਿੱਤੇ। ਇਸ ਦੌਰਾਨ ਖੂਨ ਨਾਲ ਲਥਪਥ ਸੰਦੀਪ ਉਰਫ ਗੋਰਾ ਜਮੀਨ 'ਤੇ ਡਿੱਗ ਗਿਆ ਅਤੇ ਇਸ ਦੇ ਬਾਵਜੂਦ ਇਕ ਨਿਹੰਗ ਉਸ 'ਤੇ ਤਲਵਾਰ ਨਾਲ ਤਾਬੜਤੋੜ ਵਾਰ ਕਰਦਾ ਰਿਹਾ। ਜਿਸ ਤੋਂ ਬਾਅਦ ਬੇਹੱਦ ਗੰਭੀਰ ਹਾਲਤ ਵਿਚ ਗੋਰਾ ਨੂੰ ਸਿਵਲ ਹਸਪਤਾਲ ਲਿਜਾਇਆ ਗਿਆ। ਜਿੱਥੇ ਮੁੱਢਲੀ ਸਹਾਇਤਾ ਤੋਂ ਬਾਅਦ ਉਸ ਨੂੰ ਸੀ. ਐੱਮ. ਸੀ. ਹਸਪਤਾਲ ਰੈਫਰ ਕਰ ਦਿੱਤਾ ਗਿਆ। ਇਸ ਦੇ ਨਾਲ ਹੀ ਸ਼?ਵ ਸੈਨਾ ਦੇ ਆਗੂਆਂ ਨੇ ਪੁਲਸ ਪ੍ਰਸਾਸਨ ਖ਼?ਲਾਫ ਨਾਅਰੇਬਾਜੀ ਕੀਤੀ ਹੈ। ਇਥੇ ਹੈਰਾਨ ਕਰ ਵਾਲੀ ਗੱਲ ਇਹ ਹੈ ਕਿ ਜਿਸ ਸਮੇਂ ਸ਼ਿਵ ਸੈਨਾ ਆਗੂ 'ਤੇ ਹਮਲਾ ਹੋਇਆ, ਉਸ ਸਮੇਂ ਉਸ ਨਾਲ ਪੰਜਾਬ ਪੁਲਸ ਦਾ ਸੁਰੱਖਿਆ ਮੁਲਾਜਮ ਵੀ ਮੌਜੂਦ ਸੀ ਅਤੇ ਇਕ ਨਿਹੰਗ ਉਸ ਨੂੰ ਗੱਲਾਂ ਵਿਚ ਪਾ ਕੇ ਪਿੱਛੇ ਲੈ ਗਿਆ ਜਿਸ ਤੋਂ ਬਾਅਦ ਉਹ ਨਜਰ ਨਹੀਂ ਆਇਆ।

## ਦੋਸਤ ਨਾਲ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਗਏ ਨੌਜਵਾਨ ਦੀ ਸ਼ੱਕੀ ਹਾਲਾਤ 'ਚ ਮੌਤ

ਬਟਾਲਾ 5 ਜੁਲਾਈ। ਬਟਾਲਾ ਵਿਖੇ ਸ਼ੱਕੀ ਹਾਲਾਤ 'ਚ ਨੌਜਵਾਨ ਦੀ ਮੌਤ ਹੋਣ ਦਾ ਸਮਾਚਾਰ ਮਿਲਿਆ ਹੈ। ਇਸ ਸਬੰਧੀ ਦੱਸਿਆ ਕਿ ਜਸਪਿੰਦਰ ਕੌਰ ਪਤਨੀ ਸੁਰਿੰਦਰ ਸਿੰਘ ਵਾਸੀ ਅੰਮ੍ਰਿਤਸਰ ਰੋਡ ਬਾਈਪਾਸ ਬਟਾਲਾ ਨੇ ਪੁਲਸ ਨੂੰ ਦਰਜ



ਪੁਲਸ ਚੌਂਕੀ ਸਿੰਬਲ ਬਟਾਲਾ ਦੇ ਇੰਚਾਰਜ ਏ. ਐੱਸ. ਆਈ. ਸੁਖਰਾਜ ਸਿੰਘ ਨੇ ਕਰਵਾਏ ਬਿਆਨ ਵਿਚ ਲਿਖਵਾਇਆ ਕਿ ਮੇਰੇ ਲੜਕੇ ਸਾਹਿਲਪ੍ਰੀਤ ਸਿੰਘ ਨੂੰ ਬੀਤੇ ਦਿਨ ਉਸ ਦਾ ਦੋਸਤ ਜਸਵਿੰਦਰ ਸਿੰਘ ਵਾਸੀ ਸ਼ਾਂਤੀ ਨਗਰ ਕਾਹਨੂੰਵਾਨ ਰੋਡ ਬਟਾਲਾ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਲਈ ਲੈ ਜਾਣ ਵਾਸਤੇ ਘਰੋਂ ਲੈ ਗਿਆ ਸੀ। ਅੱਜ ਸਵੇਰੇ 7 ਵਜੇ ਦੇ ਕਰੀਬ ਸਾਨੂੰ ਫੋਨ 'ਤੇ ਦੱਸਿਆ ਕਿ ਤੁਹਾਡੇ ਲੜਕੇ ਦੀ ਤਬੀਅਤ ਖਰਾਬ ਹੋ ਗਈ ਹੈ, ਜਿਸ 'ਤੇ ਅਸੀਂ ਮੌਕੇ 'ਤੇ ਪਹੁੰਚੇ ਤਾਂ ਵੇਖਿਆ ਕਿ ਸਾਡਾ ਲੜਕਾ ਮ੍ਰਿਤਕ ਹਾਲਾਤ ਵਿਚ ਪਿਆ ਸੀ। ਜਸਪਿੰਦਰ ਕੌਰ ਨੇ ਪੁਲਸ ਨੂੰ ਲਿਖਵਾਇਆ ਕਿ ਉਸ ਨੂੰ ਸ਼ੱਕ ਹੈ ਕਿ ਮੇਰੇ ਲੜਕੇ ਸਾਹਿਲਪ੍ਰੀਤ ਨੂੰ ਉਸ ਦੇ ਦੋਸਤ ਨੇ ਕੋਈ ਜ਼ਹਿਰੀਲੀ ਦਵਾਈ ਦੇ ਦਿੱਤੀ ਹੈ, ਜਿਸ ਨਾਲ ਲੜਕੇ ਦੀ ਮੌਤ ਹੋ ਗਈ ਹੈ। ਚੌਂਕੀ ਇੰਚਾਰਜ ਨੇ ਦੱਸਿਆ ਕਿ ਮ੍ਰਿਤਕ ਦੀ ਮਾਤਾ ਦੇ ਬਿਆਨ 'ਤੇ ਜਸਵਿੰਦਰ ਸਿੰਘ ਵਿਰੁੱਧ ਧਾਰਾ 105 ਬੀ. ਐੱਨ. ਐੱਸ. ਤਹਿਤ ਕਾਰਵਾਈ ਕਰਦਿਆਂ ਥਾਣਾ ਸਿਵਲ ਲਾਈਨ ਵਿਖੇ ਕੇਸ ਦਰਜ ਕਰ ਦਿੱਤਾ ਹੈ ਅਤੇ ਲਾਸ਼ ਨੂੰ ਕਬਜ਼ੇ ਵਿਚ ਲੈਣ ਉਪਰੰਤ ਪੋਸਟਮਾਰਟਮ ਲਈ ਸਿਵਲ ਹਸਪਤਾਲ ਬਟਾਲਾ ਵਿਖੇ ਭੇਜ ਦਿੱਤਾ ਗਿਆ ਹੈ।

## ਭਾਜਪਾ ਦੀ ਸਾਬਕਾ ਰਾਜ ਸਭਾ ਮੈਂਬਰ ਗੁਰਚਰਨ ਕੌਰ ਪੰਜਗਰਾਈਂ ਦਾ ਦਿਹਾਂਤ

ਜੈਤੋ 5 ਜੁਲਾਈ। ਪੰਜਾਬ ਤੋਂ ਭਾਜਪਾ ਦੀ ਸਾਬਕਾ ਰਾਜ ਸਭਾ ਮੈਂਬਰ ਗੁਰਚਰਨ ਕੌਰ ਪੰਜਗਰਾਈਂ ਦਾ ਅੱਜ ਉਨ੍ਹਾਂ ਦੇ ਪਿੰਡ ਪੰਜਗਰਾਈਂ ਵਿਖੇ ਦੇਹਾਂਤ ਹੋ ਗਿਆ। ਇਹ ਜਾਣਕਾਰੀ ਭਾਰਤੀ ਜਨਤਾ ਪਾਰਟੀ ਫਰੀਦਕੋਟ ਦੇ ਉਪ ਪ੍ਰਧਾਨ ਅਤੇ ਮਾਰਕੀਟ ਕਮੇਟੀ ਜੈਤੋ ਦੇ ਸਾਬਕਾ ਚੇਅਰਮੈਨ ਸਾਮ ਲਾਲ ਗੋਇਲ ਨੇ ਦਿੱਤੀ । ਉਨ੍ਹਾਂ ਦੀ ਉਮਰ ਲਗਭਗ 88 ਸਾਲ ਸੀ। ਗੁਰਚਰਨ ਕੌਰ ਪੰਜਗਰਾਈਂ ਜੂਨ 2001 ਤੋਂ ਜੁਲਾਈ 2004 ਤੱਕ ਭਾਜਪਾ ਵੱਲੋਂ ਰਾਜ ਸਭਾ ਮੈਂਬਰ ਰਹੇ। ਉਹ ਕੁਝ ਮਹੀਨਿਆਂ ਤੋਂ ਬੀਮਾਰ ਸੀ। ਉਨ੍ਹਾਂ ਨੇ ਅੱਜ ਦੁਪਹਿਰ ਆਪਣੇ ਘਰ ਪੰਜਗਰਾਈਂ ਵਿਖੇ ਆਖਰੀ ਸਾਹ ਲਿਆ। ਸਾਬਕਾ ਰਾਜ ਸਭਾ ਮੈਂਬਰ ਗੁਰਚਰਨ ਕੌਰ ਪੰਜਗਰਾਈਂ ਭਾਰਤੀ ਜਨਤਾ ਪਾਰਟੀ ਦੀ ਕੌਮੀ ਕਾਰਜਕਾਰਨੀ ਮੈਂਬਰ, ਪੰਜਾਬ ਭਾਜਪਾ ਦੇ ਜਨਰਲ ਸਕੱਤਰ ਅਤੇ ਹਿਮਾਚਲ ਪ੍ਰਦੇਸ ਭਾਜਪਾ ਦੇ ਇੰਚਾਰਜ ਸਮੇਤ ਪਾਰਟੀ ਵਿਚ ਕਈ ਉੱਚ ਅਹੁਦਿਆਂ 'ਤੇ ਰਹੇ। ਉਹ ਆਪਣੇ ਪਿੱਛੇ ਪਤੀ ਅਤੇ ਇਕ ਪੁੱਤਰ ਛੱਡ ਗਏ ਹਨ। ਬੀਬੀ ਗੁਰਚਰਨ ਕੌਰ ਪੰਜਗਰਾਈਂ ਦਾ ਅੰਤਿਮ ਸੰਸਕਾਰ 6 ਜੁਲਾਈ ਨੂੰ ਸਵੇਰੇ 11 ਵਜੇ ਪਿੰਡ ਪੰਜਗਰਾਈਂ ਵਿਖੇ ਕੀਤਾ ਜਾਵੇਗਾ।

## ਸਾਂਝੀ ਮੋਟਰ ਤੋਂ ਖੇਤ ਨੂੰ ਪਾਣੀ ਲਾਉਣ ਨੂੰ ਲੈ ਕੇ ਹੋਇਆ ਝਗੜਾ, 1 ਵਿਅਕਤੀ ਦਾ ਕਰ'ਤਾ ਕਤਲ

ਮਾਨਸਾ 5 ਜੁਲਾਈ। ਜ਼ਿਲ੍ਹੇ ਦੇ ਪਿੰਡ ਮਲਕੋ ਦੇ ਇਕ ਖੇਤ ਵਿਚ ਲੱਗੀ ਸਾਂਝੀ ਮੋਟਰ ਉਸ ਸਮੇਂ ਇਕ ਵਿਅਕਤੀ ਦੀ ਮੌਤ ਦਾ ਕਾਰਨ ਬਣ ਗਈ, ਜਦੋਂ ਉਹ ਵਿਅਕਤੀ ਆਪਣੇ ਖੇਤ ਨੂੰ ਪਾਣੀ ਲਗਾਉਣ ਲਈ ਗਿਆ। ਮ੍ਰਿਤਕ ਦੀ ਪਤਨੀ ਦੀ ਸ਼ਿਕਾਇਤ 'ਤੇ ਥਾਣਾ ਬੋਹਾ ਦੀ ਪੁਲਸ ਨੇ ਇਕ ਹੀ ਪਰਿਵਾਰ ਦੇ ਤਿੰਨ ਵਿਅਕਤੀਆਂ ਖਿਲਾਫ਼ ਮਾਮਲਾ ਦਰਜ ਕਰਕੇ ਇਕ ਵਿਅਕਤੀ ਨੂੰ ਸਾਲ ਸੀ। ਗੁਰਚਰਨ ਕੌਰ ਪੰਜਗਰਾਈਂ ਜੂਨ 2001 ਤੋਂ ਜੁਲਾਈ 2004 ਤੱਕ ਭਾਜਪਾ ਵੱਲੋਂ ਰਾਜ ਸਭਾ ਮੈਂਬਰ ਰਹੇ। ਉਹ ਕੁਝ ਮਹੀਨਿਆਂ ਤੋਂ ਬੀਮਾਰ ਸੀ। ਉਨ੍ਹਾਂ ਨੇ ਅੱਜ ਦੁਪਹਿਰ ਆਪਣੇ ਘਰ ਪੰਜਗਰਾਈਂ ਵਿਖੇ ਆਖਰੀ ਸਾਹ ਲਿਆ। ਸਾਬਕਾ ਰਾਜ ਸਭਾ ਮੈਂਬਰ ਗੁਰਚਰਨ ਕੌਰ ਪੰਜਗਰਾਈਂ ਭਾਰਤੀ ਜਨਤਾ ਗ੍ਰਿਫਤਾਰ ਕਰਨ ਉਪਰੰਤ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਜਸਵਿੰਦਰ ਕੌਰ ਵਾਸੀ ਮਲਕੋ ਨੇ ਦੱਸਿਆ ਕਿ ਪਿੰਡ ਸਥਿਤ ਉਨ੍ਹਾਂ ਦੇ ਖੇਤ ਵਿਚ ਸਾਂਝੀ ਮੋਟਰ ਲੱਗੀ ਹੋਈ ਹੈ, ਉਸ ਦਾ ਉਸ ਨਾਲ ਹੱਥੋਪਾਈ ਕਰਦੇ ਉਸ 'ਤੇ ਕੱਸੀ ਨਾਲ ਹਮਲਾ ਕਰ ਦਿੱਤਾ ਅਤੇ ਇਲਾਜ ਦੌਰਾਨ ਉਸ




ਪਤੀ ਬਲਰਾਜ ਸਿੰਘ ਜਦੋਂ ਪਾਣੀ ਲਾਉਣ ਗਿਆ ਤਾਂ ਲਾਈਟ ਚਲੀ ਗਈ ਅਤੇ ਜਦੋਂ ਲਾਈਟ ਆਈ ਤਾਂ ਉਸ ਦਾ ਪਤੀ ਮੁੜ ਖੇਤ ਪਹੁੰਚਿਆ। ਉੱਥੇ ਮੌਜੂਦ ਕੁੱਝ ਲੋਕਾਂ ਨੇ ਪਾਣੀ ਲਗਾਉਣ ਲਈ ਦੇ ਪਤੀ ਦੀ ਮੌਤ ਹੋ ਗਈ। ਇਸ ਸ਼ਿਕਾਇਤ ਦੇ ਅਧਾਰ 'ਤੇ ਸਹਾਇਕ ਥਾਣੇਦਾਰ ਤਰਸੇਮ ਸਿੰਘ ਨੇ ਧਰਮ ਸਿੰਘ, ਪੁੱਤਰ ਰਛਪਾਲ ਸਿੰਘ ਅਤੇ ਨੂੰਹ ਕਰਮਜੀਤ ਕੌਰ ਵਾਸੀ ਮਲਕੋ ਖਿਲਾਫ਼ ਮਾਮਲਾ ਦਰਜ ਕਰ ਕੇ ਧਰਮ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਅਤੇ ਬਾਕੀਆਂ ਦੀ ਗ੍ਰਿਫਤਾਰੀ ਲਈ ਯਤਨ ਸ਼ੁਰੂ ਕਰ ਦਿੱਤੇ ਹਨ।

## ਬਿਆਸ ਤੋਂ ਪਰਤ ਰਹੇ ਪਰਿਵਾਰ ਨਾਲ ਵਾਪਰੀ ਅਣਹੋਣੀ, ਦੋ ਕਾਰਾਂ ਦੀ ਟੱਕਰ 'ਚ ਉੱਡੇ ਪਰਖੱਚੇ, ਇਕ ਦੀ ਦਰਦਨਾਕ ਮੌਤ

ਕਾਠਗੜ੍ਹ 5 ਜੁਲਾਈ। ਨਵਾਂਸਹਿਰ-ਰੋਪੜ ਮੁੱਖ ਮਾਰਗ 'ਤੇ ਸਥਿਤ ਘਈ ਪੈਟਰੋਲ ਪੰਪ ਨੇੜੇ ਇਕ ਸਵਿੱਫਟ ਕਾਰ ਅਤੇ ਆਲਟੋ ਕਾਰ ਵਿਚ ਭਿਆਨਕ ਟੱਕਰ ਹੋਣ ਕਾਰਨ ਸੜਕ ਹਾਦਸਾ ਵਾਪਰ ਗਿਆ। ਇਸ ਹਾਦਸੇ ਵਿਚ ਅਲਟੋ ਕਾਰ ਵਿਚ ਸਵਾਰ ਦੋ ਵਿਅਕਤੀ ਅਤੇ ਦੋ ਮਹਿਲਾਵਾਂ ਗੰਭੀਰ ਜਖਮੀ ਹੋ ਗਈਆਂ ਹਨ ਜਦੋਂਕਿ ਇਕ ਕੁੜੀ ਦੀ ਮੌਤ ਹੋ ਗਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਆਲਟੋ ਕਾਰ ਨੰਬਰ ਐੱਚ. ਪੀ. 12 ਈ 2568 ਜੋਕਿ ਬਿਆਸ ਤੋਂ ਨਾਲਾਗੜ੍ਹ ਹਿਮਾਚਲ ਪ੍ਰਦੇਸ ਜਾ ਰਹੀ ਸੀ। ਜਦੋਂ ਇਹ ਕਾਰ ਘਈ ਪੈਟਰੋਲ ਪੰਪ ਦੇ ਸਾਹਮਣੇ ਪੁੱਜੀ ਤਾਂ ਅੱਗੇ ਇਕ ਸਵਿੱਫਟ ਕਾਰ ਨੰਬਰ ਪੀ. ਬੀ. 20 ਡੀ 5630 ਜੋਕਿ ਸਬਜੀ ਲੈ ਕੇ ਅਚਾਨਕ ਸੜਕ 'ਤੇ ਚੜ੍ਹੀ ਤਾਂ ਪਿੱਛੋਂ ਆ ਰਹੀ ਆਲਟੋ ਕਾਰ ਦੀ ਇਸ ਨਾਲ ਟੱਕਰ ਹੋ ਗਈ। ਇਹ ਟੱਕਰ ਇੰਨੀ ਭਿਆਨਕ ਸੀ ਕਿ ਕਾਰਾਂ ਦੇ ਪਰਖੱਚੇ ਉੱਡ ਗਏ ਅਤੇ ਆਲਟੋ ਕਾਰ ਪਲਟੀਆਂ ਖਾਂਦੀ ਹੋਈ ਕਾਫੀ ਦੂਰ ਜਾ ਡਿੱਗੀ। ਜਿਸ ਵਿਚ ਇਕੋ ਪਰਿਵਾਰ ਦੇ ਪੰਜ ਲੋਕ ਸਵਾਰ ਸਨ, ਜੋਕਿ ਬਿਆਸ ਤੋਂ ਆਪਣੇ ਘਰ ਨਾਲਾਗੜ੍ਹ ਜਾ ਰਹੇ ਸੀ। ਇਸ ਮੌਕੇ ਸੜਕ ਸੁਰੱਖਿਆ ਫੋਰਸ ਮੌਕੇ 'ਤੇ ਪਹੁੰਚ ਗਈ ਅਤੇ ਬੜੀ ਮੁਸਕਿਲ ਨਾਲ ਰਾਹਗੀਰਾਂ ਦੀ ਮਦਦ ਨਾਲ ਆਲਟੋ ਕਾਰ ਸਵਾਰਾਂ ਨੂੰ ਬਾਹਰ ਕੱਢਿਆ ਅਤੇ ਐਂਬੂਲੈਂਸ ਰਾਹੀਂ ਬਲਾਚੌਰ ਦੇ ਸਰਕਾਰੀ ਹਸਪਤਾਲ ਭੇਜ ਦਿੱਤਾ। ਜਿੱਥੇ ਰਣਜੀਤ ਕੁਮਾਰ ਪੁੱਤਰ ਪ੍ਰੇਮ ਕੁਮਾਰ (50), ਸੌਰਵ ਪੁੱਤਰ ਰਣਜੀਤ ਕੁਮਾਰ (19), ਸੁਮਨ ਪਤਨੀ ਰਣਜੀਤ ਕੁਮਾਰ (45), ਬੰਦਨਾ ਪੁੱਤਰੀ ਰਣਜੀਤ ਕੁਮਾਰ (20), ਦਿਵਿਆ ਪੁੱਤਰੀ ਸੁਰਜੀਤ ਕੁਮਾਰ (17) ਗੰਭੀਰ ਰੂਪ ਵਿਚ ਜਖਮੀ ਹੋ ਗਏ। ਇਲਾਜ ਦੌਰਾਨ ਦਿਵਿਆ ਪੁੱਤਰੀ ਸੁਰਜੀਤ ਕੁਮਾਰ (17) ਸਾਲ ਦੀ ਮੌਤ ਹੋ ਗਈ ਹੈ ਜਿਸ ਦੀ ਲਾਸ ਨੂੰ ਬਲਾਚੌਰ ਦੇ ਸਰਕਾਰੀ ਹਸਪਤਾਲ ਦੀ ਮੋਰਚਰੀ ਵਿਚ ਰੱਖਵਾ ਦਿੱਤਾ ਗਿਆ ਹੈ ਅਤੇ ਰਣਜੀਤ ਕੁਮਾਰ, ਸੁਮਨ, ਬੰਧਨਾ ਅਤੇ ਸੌਰਵ ਨੂੰ ਚੰਡੀਗੜ੍ਹ 32 ਸੈਕਟਰ ਹਸਪਤਾਲ ਭੇਜ ਦਿੱਤਾ ਹੈ। ਸਵਿੱਫਟ ਕਾਰ ਵਿਚ ਸਵਾਰਾਂ ਦੇ ਮਾਮੂਲੀ ਸੱਟਾਂ ਲੱਗੀਆਂ ਸੀ ਜੋ ਕਿ ਹਸਪਤਾਲ ਤੋਂ ਮੁੱਢਲੀ ਸਹਾਇਤਾ ਲੈ ਕੇ ਚਲੇ ਗਏ ਹਨ।

## ਲੋਹੀਆਂ ਥਾਣੇ ਤੋਂ ਕੁਝ ਹੀ ਦੂਰੀ 'ਤੇ 7 ਦੁਕਾਨਾਂ ਦੇ ਸਟਰ ਤੋੜ ਕੇ ਚੋਰਾਂ ਨੇ ਹੱਥ ਕੀਤੇ ਸਾਫ

ਲੋਹੀਆਂ 5 ਜੁਲਾਈ। ਚੋਰਾਂ ਨੇ ਬੀਤੀ ਰਾਤ ਥਾਣਾ ਲੋਹੀਆਂ ਦੇ ਨੇੜਲੀਆਂ 7 ਦੁਕਾਨਾਂ ਨੂੰ ਨਿਸਾਨਾ ਬਣਾਉਂਦੇ ਹੋਏ ਜ਼?ਦਰਿਆਂ ਸਮੇਤ ਸਟਰ ਤੋੜ ਕੇ ਸਰੇਆਮ ਚੋਰੀਆਂ ਕੀਤੀਆਂ ਅਤੇ ਪੁਲਸ ਪ੍ਰਸਾਸਨ ਨੂੰ ਚੈਲੰਜ ਕਰਦੇ ਹੋਏ ਲੱਖਾਂ ਰੁਪਏ ਦੀ ਨਕਦੀ ਚੋਰੀ ਕਰਕੇ ਲੈ ਗਏ, ਜਦਕਿ ਚੋਰਾਂ ਵੱਲੋਂ ਦੁਕਾਨਾਂ 'ਚ ਪਏ ਸਾਮਾਨ ਨੂੰ ਹੱਥ ਤੱਕ ਨਹੀਂ ਲਾਇਆ ਗਿਆ। ਸੀ. ਸੀ. ਟੀ. ਵੀ. ਕੈਮਰਿਆਂ ਨੂੰ ਵੇਖ ਕੇ ਇਸ ਤਰ੍ਹਾਂ ਲੱਗ ਰਿਹਾ ਸੀ ਕਿ 22-24 ਵਰ੍ਹਿਆਂ ਦੇ ਨੌਜਵਾਨਾਂ ਦਾ ਇਹ ਕਾਰਾ ਹੈ ਅਤੇ ਉਕਤ ਚੋਰਾਂ ਨੇ ਮੂੰਹ ਲਪੇਟੇ ਹੋਏ ਸਨ। ਲੋਹੀਆਂ ਸਹਿਰ 'ਚ ਪੁਲਸ ਮੁਲਾਜਮਾਂ ਦੀ ਬਹੁਤ ਹੀ ਘੱਟ ਨਫਰੀ ਕਾਰਨ ਇਥੇ ਚੋਰੀਆਂ ਹੋਣੀਆਂ ਆਮ ਜਿਹੀ ਗੱਲ ਹੋ ਗਈ ਹੈ। ਇਹ ਚੋਰੀਆਂ ਤੜਕੇ 3 ਵਜੇ ਦੇ ਆਸ-ਪਾਸ ਹੋਈਆਂ ਜਾਪ ਰਹੀਆਂ ਹਨ, ਜਦਕਿ ਥਾਣਾ ਲੋਹੀਆਂ ਦੇ ਮੁਖੀ ਦਾ ਕਹਿਣਾ ਹੈ ਕਿ ਉਹ ਰਾਤ 1 ਵਜੇ ਘਰਾਂ ਨੂੰ ਨਾਕਾ ਖਤਮ ਕਰ ਕੇ ਗਏ ਸਨ। ਚੋਰੀਆਂ ਹੋਣ ਦੀ ਉਸ ਸਮੇਂ ਪਤਾ ਲਗਾ ਜਦੋਂ ਕੁਝ ਲੋਕ ਧਾਰਮਿਕ ਸਥਾਨਾਂ ਨੂੰ ਜਾ ਰਹੇ ਸਨ ਤੇ ਉਨ੍ਹਾਂ ਨੇ ਪਹਿਰੇਦਾਰ ਨੂੰ ਇਸ ਬਾਬਤ ਜਾਣਕਾਰੀ ਦਿੱਤੀ। ਜਾਣਕਾਰੀ ਅਨੁਸਾਰ ਚੋਰਾਂ ਨੇ ਪੁਲਸ ਮੁਲਾਜਮ ਅਵਤਾਰ ਸਿੰਘ ਹ ਚੋਰੀਆਂ ਤੜਕੇ 3 ਵਜੇ ਦੇ ਆਸ-ਪਾਸ ਹੋਈਆਂ ਜਾਪ ਰਹੀਆਂ ਹਨ, ਜਦਕਿ ਥਾਣਾ ਲੋਹੀਆਂ ਦੇ ਮੁਖੀ ਦਾ ਕਹਿਣਾ ਹੈ ਕਿ ਉਹ ਰਾਤ 1 ਵਜੇ ਘਰਾਂ ਨੂੰ ਨਾਕਾ ਖਤਮ ਕਰ ਕੇ ਗਏ ਸਨ। ਚੋਰੀਆਂ ਹੋਣ ਦੀ ਉਸ ਸਮੇਂ




ਪਤਾ ਲਗਾ ਜਦੋਂ ਦੇ ਘਰ ਦੇ ਅਗਲੇ ਹਿੱਸੇ 'ਚ ਕਿਰਾਏ 'ਤੇ ਦਿੱਤੀ ਦੁਕਾਨ ਗ੍ਰਾਮ ਸੁਵਿਧਾ ਡਿਜੀਟਲ ਸੈਂਟਰ ਦਾ ਸਟਰ ਤੋੜ ਦਿੱਤੇ ਅਤੇ ਉਥੋਂ 40 ਹਜਾਰ ਰੁਪਏ ਚੋਰੀ ਕੀਤੇ, ਜਦਕਿ ਉਸ ਦੇ ਨਾਲ ਹੀ ਏਕਮ ਫੂਡ ਤੋਂ 4 ਹਜਾਰ ਰੁਪਏ ਦੀ ਚੋਰੀ ਕੀਤੀ, ਜਿਸ ਤੋਂ ਬਾਅਦ ਇਹ ਚੋਰ ਜਿਨ੍ਹਾਂ ਦੀ ਗਿਣਤੀ 3-4 ਦੱਸੀ ਜਾ ਰਹੀ ਹੈ, ਨੇ ਥਾਣੇ ਤੋਂ ਭਗਤ ਸਿੰਘ ਚੌਕ ਨੂੰ ਜਾਂਦੇ ਹੋਏ ਮੁੱਖ ਸੜਕ 'ਤੇ ਹੀ ਧਾਲੀਵਾਲ ਮੈਡੀਕਲ ਸਟੋਰ, ਰਾਜਵੀਰ ਰੈਡੀਮੇਡ ਸਟੋਰ, ਬਰਜਿੰਦਰ ਰੈਡੀਮੇਡ ਸਟੋਰ, ਸੁਰਿੰਦਰਾ ਇਲੈਕਟ੍ਰੀਕਲਜ ਦੀਆਂ ਦੁਕਾਨਾਂ ਦੇ ਸਟਰ ਕਿਸੇ ਮਸੀਨ ਨਾਲ ਤੋੜ ਕੇ ਕ੍ਰਮਵਾਰ 33 ਹਜਾਰ, 22 ਹਜਾਰ, 3 ਹਜਾਰ ਤੇ 33 ਹਜਾਰ ਰੁਪਏ ਦੀ ਨਕਦੀ ਚੋਰੀ ਕੀਤੀ। ਉਪਰੰਤ ਇਹ ਚੋਰ ਇੰਦਰਾ ਦਾਣਾ ਮੰਡੀ ਦੇ ਨਜਦੀਕ ਦਿੱਲੀ ਪੈਸਟੀਸਾਈਡ ਨੂੰ ਨਿਸਾਨਾ ਬਣਾਉਂਦੇ ਹੋਏ ਇਕ ਐੱਲ. ਸੀ. ਡੀ. ਅਤੇ 5 ਹਜਾਰ ਰੁਪਏ ਲੈ ਕੇ ਫਰਾਰ ਹੋ ਗਏ। ਬਾਅਦ 'ਚ ਰੋਹ 'ਚ ਆਏ ਹੋਏ ਵਪਾਰੀਆਂ ਨੇ ਵਪਾਰ ਮੰਡਲ ਲੋਹੀਆਂ ਦੇ ਪ੍ਰਧਾਨ ਅਵਤਾਰ ਸਿੰਘ ਚੰਦੀ, ਜਗਜੀਤ ਸਿੰਘ ਨੋਨੀ ਪ੍ਰਧਾਨ ਨਗਰ ਪੰਚਾਇਤ ਲੋਹੀਆਂ, ਮਨਿਆਰੀ ਯੂਨੀਅਨ, ਸਰਾਫਾ ਯੂਨੀਅਨ ਅਤੇ ਕਰਿਆਨਾ ਯੂਨੀਅਨ ਦੇ ਵਪਾਰੀਆਂ ਨੇ ਐੱਸ. ਐੱਚ. ਓ. ਲੋਹੀਆਂ ਬਖਸੀਸ ਸਿੰਘ ਤੋਂ ਮੰਗ ਕੀਤੀ ਕਿ ਇਨ੍ਹਾਂ ਚੋਰਾਂ ਨੂੰ ਫੜਿਆ ਜਾਵੇ ਤੇ ਸਹਿਰ 'ਚ ਲਾਅ ਐਂਡ ਆਰਡਰ ਦੀ ਸਥਿਤੀ ਨੂੰ ਕੰਟਰੋਲ 'ਚ ਕੀਤਾ ਜਾਵੇ। ਸਹਿਰ 'ਚ ਦੁਬਾਰਾ ਤੋਂ ਪੀ. ਸੀ. ਆਰ. ਦੀ ਟੀਮ ਦੀ ਨਿਯੁਕਤੀ ਕਰਨ ਦੀ ਵੀ ਮੰਗ ਕੀਤੀ ਗਈ।

ਕੌਮੀ ਪਤ੍ਰਿਕਾ
ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।
Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad
Ph. : 011-41509689, 011-23315814
Mob. : 9971359517, 9312262300
E-mail address: qpatrika@gmail.com
R.N.I. No. 39272/81
Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਐਨਸੀਸੀ ਏਅਰ ਵਿੰਗ ਦੇ ਸਾਲਾਨਾ ਸਿਖਲਾਈ ਕੈਂਪ ਦਾ ਉਦਘਾਟਨ



**ਪਟਿਆਲਾ, 5 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**
ਐਨ.ਸੀ.ਸੀ ਗਰੁੱਪ ਹੈੱਡਕੁਆਰਟਰ, ਪਟਿਆਲਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ 2 ਜੁਲਾਈ ਤੋਂ 11 ਜੁਲਾਈ 2024 ਤੱਕ ਚੰਡੀਗੜ੍ਹ ਯੂਨੀਵਰਸਿਟੀ, ਮੋਹਾਲੀ ਵਿਖੇ 3 ਪੰਜਾਬ ਏਅਰ ਸਕੁਐਡਰਨ ਦੇ ਕਮਾਂਡਿੰਗ ਅਫਸਰ ਗਰੁੱਪ ਕੈਪਟਨ ਅਜੈ ਭਾਰਦਵਾਜ (ਕੈਂਪ ਕਮਾਂਡੈਂਟ) ਦੀ ਦੇਖ-ਰੇਖ ਹੇਠ ਸਾਲਾਨਾ ਸਿਖਲਾਈ ਕੈਂਪ ਲਗਾਇਆ ਜਾ ਰਿਹਾ ਹੈ। ਇਸ ਕੈਂਪ ਵਿੱਚ ਸੀਨੀਅਰ ਅਤੇ ਜੂਨੀਅਰ ਡਵੀਜ਼ਨਾਂ ਦੇ 600 ਦੇ ਕਰੀਬ ਕੈਡਿਟ ਭਾਗ ਲੈ ਰਹੇ ਹਨ। ਗਰੁੱਪ ਕੈਪਟਨ ਅਜੈ ਭਾਰਦਵਾਜ (ਕੈਂਪ ਕਮਾਂਡੈਂਟ) ਨੇ ਵੱਖ-ਵੱਖ ਸਕੂਲਾਂ ਅਤੇ ਕਾਲਜਾਂ ਤੋਂ ਆਏ ਕੈਡਿਟਾਂ ਅਤੇ ਐਨ.ਸੀ.ਸੀ ਅਧਿਕਾਰੀਆਂ ਦਾ ਸਵਾਗਤ ਕੀਤਾ ਅਤੇ ਆਉਣ ਵਾਲੇ ਦਿਨਾਂ ਵਿੱਚ ਹੋਣ ਵਾਲੀ ਸਿਖਲਾਈ ਬਾਰੇ ਵੀ ਚਾਨਣਾ ਪਾਇਆ। ਇਸ ਸਿਖਲਾਈ ਕੈਂਪ ਦੀ ਮਹੱਤਤਾ ਇਸ ਲਈ ਵੱਧ ਜਾਂਦੀ ਹੈ ਕਿਉਂਕਿ 'ਏ' ਸਰਟੀਫਿਕੇਟ ਲਈ ਇਹ ਕੈਂਪ ਲਾਉਣਾ ਲਾਜ਼ਮੀ ਹੈ। ਇਸ ਦੇ ਨਾਲ ਹੀ ਪ੍ਰੀ ਏਅਰ ਫੋਰਸ ਕੈਂਪ ਲਈ ਕੈਡਿਟਾਂ ਦੀ ਚੋਣ ਦੀ ਪ੍ਰਕਿਰਿਆ ਵੀ ਇੱਥੋਂ ਸ਼ੁਰੂ ਹੋਵੇਗੀ। ਇਸ ਮੌਕੇ ਜੂਨੀਅਰ ਵਾਰੰਟ ਅਫਸਰ ਏ.ਕੇ.ਝਾ, ਐਨ.ਸੀ.ਸੀ.ਏਅਰ ਵਿੰਗ ਤੋਂ ਜੂਨੀਅਰ ਵਾਰੰਟ ਅਫਸਰ ਪੀ.ਕੇ.ਤਿਆਗੀ, ਸਕੂਲ ਅਤੇ ਕਾਲਜ ਦੇ ਐਨ.ਓ ਅਤੇ ਸਮੁੱਚਾ ਪੀ.ਆਈ ਸਟਾਫ ਹਾਜ਼ਰ ਸੀ। ਵਰਨਣਯੋਗ ਹੈ ਕਿ ਇਸ ਸਿਖਲਾਈ ਕੈਂਪ ਦੀ ਦੇਖ-ਰੇਖ ਸ਼੍ਰੀ ਜੀ.ਪੀ ਸਿੰਘ ਚੰਡੀਗੜ੍ਹ ਯੂਨੀਵਰਸਿਟੀ, ਮੋਹਾਲੀ ਵੱਲੋਂ ਕੀਤੀ ਜਾ ਰਹੀ ਹੈ।

# ਪੰਜਾਬ ਵੱਲੋਂ ਬਕਾਇਆ ਵਸੂਲੀ ਲਈ ਯਕਮੁਸ਼ਤ ਨਿਪਟਾਰਾ ਯੋਜਨਾ ਲਈ ਆਖਰੀ ਮਿਤੀ ਵਿੱਚ 16 ਅਗਸਤ ਤੱਕ ਵਾਧਾ: ਚੀਮਾ

**ਚੰਡੀਗੜ੍ਹ, 5 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**
ਪੰਜਾਬ ਦੇ ਵਿੱਤ, ਯੋਜਨਾ, ਆਬਕਾਰੀ ਅਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਐਲਾਨ ਕੀਤਾ ਕਿ ਸੂਬਾ ਸਰਕਾਰ ਨੇ ਬਕਾਇਆ ਵਸੂਲੀ ਲਈ ਪੰਜਾਬ ਯਕਮੁਸ਼ਤ ਨਿਪਟਾਰਾ (ਸੋਧ) ਯੋਜਨਾ ਤਹਿਤ ਅਰਜ਼ੀਆਂ ਦਾਖਲ ਕਰਨ ਦੀ ਆਖਰੀ ਮਿਤੀ 16 ਅਗਸਤ, 2024 ਤੱਕ ਵਧਾ ਦਿੱਤੀ ਹੈ।

ਇੱਥੇ ਜਾਰੀ ਪ੍ਰੈਸ ਬਿਆਨ ਵਿੱਚ ਇਹ ਪ੍ਰਗਟਾਵਾ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਸ ਸਕੀਮ ਦੀ ਸਮਾਂ ਸੀਮਾ ਵਿੱਚ ਵਾਧਾ ਕਰਨ ਦਾ ਉਦੇਸ਼ ਕੇਸਾਂ ਦੀ ਪਾਲਣਾ ਦੇ ਬੋਝ ਨੂੰ ਘਟਾਉਣਾ ਅਤੇ ਵਪਾਰ ਅਤੇ ਉਦਯੋਗ ਨੂੰ ਜੀ.ਐਸ.ਟੀ ਪ੍ਰਣਾਲੀ ਅਧੀਨ ਆਪਣੀ ਪਾਲਣਾ ਨੂੰ ਵਧਾਉਣ ਦੇ ਯੋਗ ਬਣਾਉਣਾ ਹੈ।

15 ਨਵੰਬਰ, 2023 ਤੋਂ ਲਾਗੂ ਬਕਾਇਆ ਵਸੂਲੀ ਲਈ ਪੰਜਾਬ ਵਨ ਟਾਈਮ ਸੈਟਲਮੈਂਟ ਸਕੀਮ, 2023, ਕਰਦਾਤਾਵਾਂ ਨੂੰ ਆਪਣੇ ਬਕਾਏ ਦਾ ਯਕਮੁਸ਼ਤ ਨਿਪਟਾਰੇ ਦਾ ਮੌਕਾ ਪ੍ਰਦਾਨ ਕਰਦੀ ਹੈ। ਇਹ ਸਕੀਮ ਸ਼ੁਰੂ ਵਿੱਚ 30 ਜੂਨ, 2024 ਤੱਕ ਵੈਧ ਸੀ।

ਕਰਦਾਤਾ ਜਿਨ੍ਹਾਂ ਦੇ ਮੁਲਾਂਕਣ 31 ਮਾਰਚ, 2024 ਤੱਕ ਬਣਾਏ ਗਏ ਸਨ, ਅਤੇ 31 ਮਾਰਚ, 2024 ਤੱਕ ਰਿਮਾਂਡ ਆਰਡਰ ਪਾਸ ਕੀਤੇ ਜਾਣ ਤੋਂ ਬਾਅਦ ਸਾਰੇ ਸੁਧਾਰ/ਸੰਸ਼ੋਧਨ/ਮੁਲਾਂਕਣ, ਕੁੱਲ



ਮੰਗ (ਮੂਲ ਮੁਲਾਂਕਣ ਆਰਡਰ ਅਨੁਸਾਰ ਟੈਕਸ, ਜੁਰਮਾਨਾ, ਅਤੇ ਵਿਆਜ) ਦੇ ਨਾਲ ਸੰਬੰਧਿਤ ਐਕਟਾਂ ਦੇ ਤਹਿਤ 31 ਮਾਰਚ, 2024 ਤੱਕ ਇੱਕ ਕਰੋੜ ਰੁਪਏ ਬਣਦੇ ਸਨ, ਇਸ ਸਕੀਮ ਅਧੀਨ ਨਿਪਟਾਰਾ ਕਰਨ ਲਈ ਅਰਜ਼ੀ ਦੇਣ ਦੇ ਯੋਗ ਹਨ।

ਸਕੀਮ ਦੇ ਮੁੱਖ ਲਾਭਾਂ ਵਿੱਚ 31 ਮਾਰਚ, 2024 ਤੱਕ 1 ਲੱਖ ਰੁਪਏ ਤੱਕ ਦੇ ਬਕਾਏ ਦੇ ਮਾਮਲੇ ਵਿੱਚ ਕਰ, ਵਿਆਜ ਅਤੇ ਜੁਰਮਾਨੇ ਦੀ ਪੂਰੀ ਛੋਟ ਸ਼ਾਮਲ ਹੈ, ਅਤੇ ਇੱਕ ਲੱਖ ਤੋਂ ਇੱਕ ਕਰੋੜ ਰੁਪਏ ਦੇ ਬਕਾਏ ਦੇ ਮਾਮਲਿਆਂ ਵਿੱਚ 100% ਵਿਆਜ, 100% ਜੁਰਮਾਨਾ, ਅਤੇ 50% ਕਰ ਦੀ ਰਕਮ ਦੀ ਛੋਟ ਹੈ। ਡੀਲਰ ਓ.ਟੀ.ਐਸ-2023 ਦੇ ਤਹਿਤ ਅਰਜ਼ੀ ਦੇਣ ਵੇਲੇ ਸੀ.ਐਸ.ਟੀ ਐਕਟ, 1956 ਦੇ ਅਧੀਨ ਕਾਨੂੰਨੀ ਫਾਰਮ ਦੀ ਅਸਲ ਜਮ੍ਹਾਂ ਕਰ ਸਕਦੇ ਹਨ, ਅਤੇ ਮੁਆਫੀ ਦੀ ਗਣਨਾ ਉਸ ਅਨੁਸਾਰ ਕੀਤੀ ਜਾਵੇਗੀ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਕਰਦਾਤਾਵਾਂ ਨੂੰ ਪੂਰਾ ਸਹਿਯੋਗ ਦੇਣ ਅਤੇ ਕਰਪਾਲਣਾ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਦੀ ਵਚਨਬੱਧਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਵਧੀ ਹੋਈ ਸਮਾਂ-ਸੀਮਾ ਸਦਕਾ ਬਿਨੈਕਾਰਾਂ ਨੂੰ ਇਸ ਲਾਭਕਾਰੀ ਸਕੀਮ ਦਾ ਲਾਭ ਉਠਾਉਣ ਲਈ ਹੋਰ ਮੌਕਾ ਪ੍ਰਦਾਨ ਕੀਤਾ ਗਿਆ ਹੈ।

# ਹਰੇਕ ਤਰ੍ਹਾਂ ਦੀ ਆਪਦਾ ਦੇ ਲਈ ਬਣਾਏ ਆਪਦਾ ਮਿੱਤਰਾਂ ਨੂੰ ਪਹਿਲਾਂ ਹੀ ਟ੍ਰੇਨਿੰਗ ਦੇ ਕੇ ਕੀਤਾ ਗਿਆ ਹੈ ਤਿਆਰ-ਡਿਪਟੀ ਕਮਿਸਨਰ

**ਪਠਾਨਕੋਟ, 5 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**
ਕਿਸੇ ਵੀ ਤਰ੍ਹਾਂ ਦੀ ਕੁਦਰਤੀ ਆਪਦਾ ਦੋਰਾਨ ਵਿਸੇਸ ਤੋਰ ਤੇ ਸਹਿਯੋਗੀ ਤੋਰ ਤੇ ਕਾਰਜ ਲਈ ਜਿਲ੍ਹੇ ਅੰਦਰ ਆਪਦਾ ਮਿੱਤਰ ਤਿਆਰ ਕੀਤੇ ਗਏ ਹਨ ਤਾਂ ਜੋ ਉਹ ਕਿਸੇ ਵੀ ਕਿਸਮ ਦੀ ਆਪਦਾ ਦੋਰਾਨ ਅਪਣਾ ਸਹਿਯੋਗ ਦੇ ਸਕਣ, ਇਸ ਦੇ ਲਈ ਆਪਦਾ ਮਿੱਤਰਾਂ ਨੂੰ ਵਿਸੇਸ ਤੋਰ ਤੇ ਟ੍ਰੇਨਿੰਗ ਵੀ ਦਿੱਤੀ ਗਈ ਹੈ ਅਤੇ ਅੱਜ ਇਨ੍ਹਾਂ ਆਪਦਾ ਮਿੱਤਰਾਂ ਨੂੰ ਵਿਸੇਸ ਤੋਰ ਤੇ ਤਿਆਰ ਕਰਵਾਈਆਂ ਐਮਰਜੇਂਸੀ ਰਿਸਪੋਂਸ ਕਿੱਟਾਂ ਦੀ ਵੰਡ ਕੀਤੀ ਗਈ ਹੈ। ਇਹ ਵਿਚਾਰ ਸ੍ਰੀ ਆਦਿੱਤਿਆ ਉੱਪਲ ਡਿਪਟੀ ਕਮਿਸਨਰ ਪਠਾਨਕੋਟ ਨੇ ਅੱਜ ਸੈਲੀ ਰੋਡ ਵਿਖੇ ਸਥਿਤ ਆੱਡੀਟੋਰੀਅਮ ਵਿਖੇ ਇੱਕ ਵਿਸੇਸ ਪ੍ਰੋਗਰਾਮ ਦੋਰਾਨ ਸੰਬੋਧਤ ਕਰਦਿਆਂ ਕੀਤਾ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਅੰਕੁਰਜੀਤ ਸਿੰਘ ਵਧੀਕ ਡਿਪਟੀ ਕਮਿਸਨਰ (ਜ), ਸ੍ਰੀ ਕਾਲਾ ਰਾਮ ਕਾਂਸਲ ਐਸ.ਡੀ.ਐਮ. ਧਾਰ ਕਲ੍ਹਾਂ, ਮੇਜਰ ਡਾ. ਸੁਮਿਤ ਮੁਧ ਐਸ.ਡੀ.ਐਮ. ਪਠਾਨਕੋਟ, ਪਵਨ ਕੁਮਾਰ ਜਿਲ੍ਹਾ ਮਾਲ ਅਫਸਰ ਪਠਾਨਕੋਟ ਅਤੇ ਹੋਰ ਵੱਖ ਵੱਖ ਵਿਭਾਗਾਂ ਦੇ ਜਿਲ੍ਹਾ ਅਧਿਕਾਰੀ ਵੀ ਹਾਜਰ ਸਨ।ਇਸ ਮੋਕੇ ਤੇ ਸੰਬੋਧਤ ਕਰਦਿਆਂ ਸ੍ਰੀ ਆਦਿੱਤਿਆ ਉੱਪਲ ਡਿਪਟੀ ਕਮਿਸਨਰ ਪਠਾਨਕੋਟ ਨੇ ਕਿਹਾ ਕਿ ਕਿਸੇ ਵੀ ਆਪਦਾ ਵਿੱਚ ਵਿਸੇਸ ਤੋਰ ਤੇ ਸਹਿਯੋਗ ਦੇ ਲਈ ਆਪਦਾ ਮਿੱਤਰ ਤਿਆਰ ਕੀਤੇ ਗਏ ਹਨ ਅਤੇ ਇਨ੍ਹਾਂ ਆਪਦਾ ਮਿੱਤਰਾਂ ਨੂੰ ਵਿਸੇਸ ਤੋਰ ਤੇ ਟ੍ਰੇਨਿੰਗ ਵੀ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਅੱਜ ਸਾਰੇ ਆਪਦਾ ਮਿੱਤਰਾਂ ਨੂੰ ਐਮਰਜੇਂਸੀ ਰਿਸਪੋਂਸ ਕਿੱਟਾਂ





ਦੀ ਵੰਡ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਜਿਲ੍ਹਾ ਪ੍ਰਸਾਸਨ ਵੱਲੋਂ ਜਿਲ੍ਹੇ ਅੰਦਰ ਸਭਾਵਿੱਤ ਹੜ੍ਹਾਂ ਦੀ ਸਥਿਤੀ ਨਾਲ ਨਜਿੱਠਣ ਦੇ ਲਈ ਸਾਰੀਆਂ ਤਿਆਰੀਆਂ ਕੀਤੀਆਂ ਗਈਆਂ ਹਨ।

ਜਿਨ੍ਹਾਂ ਖੇਤਰਾਂ ਅੰਦਰ ਸੰਭਾਵਿੱਤ ਹੜ ਆ ਸਕਦੇ ਹਨ ਉਨ੍ਹਾਂ ਖੇਤਰਾਂ ਅੰਦਰ ਰੈਸਕਿਓ ਕੈਂਪ ਵੀ ਬਣਾਏ ਗਏ ਹਨ ਤਾਂ ਜੋ ਕਿਸੇ ਤਰ੍ਹਾਂ ਦੀ ਆਪਦਾ ਦੋਰਾਨ ਲੋਕਾਂ ਨੂੰ ਸਹਾਇਤਾਂ ਪ੍ਰਦਾਨ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਸੰਭਾਵਿੱਤ ਹੜ ਪ੍ਰਭਾਵਿੱਤ ਖੇਤਰਾਂ ਅੰਦਰ ਇੱਕ ਸਰਕਾਰੀ ਅਫਸਰ ਨੂੰ ਨੋਡਲ ਅਫਸਰ ਲਗਾਇਆ ਗਿਆ ਹੈ ਅਤੇ ਇੱਕ ਕਲੱਸਟਰ ਅਫਸਰ ਲਗਾਇਆ ਗਿਆ ਹੈ ਇਸ ਤੋਂ ਇਲਾਵਾ ਬਾਕੀ ਟੀਮ ਮੈਂਬਰਾਂ ਦੀਆਂ ਵੀ ਹਰੇਕ ਸੰਭਾਵਿੱਤ ਹੜ ਪ੍ਰਭਾਵਿੱਤ ਖੇਤਰਾਂ ਅੰਦਰ ਡਿਊਟੀਆਂ ਲਗਾਈਆਂ ਗਈਆਂ ਹਨ।ਇਸ ਮੋਕੇ ਤੇ ਸ੍ਰੀ ਅੰਕੁਰਜੀਤ ਸਿੰਘ ਵਧੀਕ ਡਿਪਟੀ ਕਮਿਸਨਰ (ਜ) ਪਠਾਨਕੋਟ ਨੇ ਵੀ ਆਪਦਾ ਮਿੱਤਰਾਂ ਨੂੰ ਸੰਬੋਧਤ ਕਰਦਿਆਂ ਉਨ੍ਹਾਂ ਦੀਆਂ ਜਿਮੇਦਾਰੀਆਂ ਅਤੇ ਉਨ੍ਹਾਂ ਦੇ ਕਾਰਜਾਂ ਤੇ ਵੀ ਰੋਸਨੀ ਪਾਈ। ਇਸ ਤੋਂ ਇਲਾਵਾ ਆਪਦਾ ਮਿੱਤਰ ਖੜਕ ਸਿੰਘ ਕੈਡਿਟ ਐਨ.ਸੀ.ਸੀ. ਆਈ.ਟੀ.ਆਈ. ਪਠਾਨਕੋਟ, ਲੇਡੀ ਕਾਂਸਟੇਬਲ ਸੋਨਮ ਪੰਜਾਬ ਪੁਲਿਸ ਪਠਾਨਕੋਟ, ਗੁਲਾਬ ਸਿੰਘ ਸਿਹਤ ਵਿਭਾਗ ਸੁਜਾਨਪੁਰ ਜੋ ਕਿ ਸਾਰੇ ਆਪਦਾ ਮਿੱਤਰ ਹਨ ਉਨ੍ਹਾਂ ਨੇ ਵੀ ਅਪਣੇ ਵਿਚਾਰ ਰੱਖੇ ਅਤੇ ਆਪਦਾ ਦੋਰਾਨ ਕੀਤੇ ਜਾਣ ਵਾਲੇ ਕਾਰਜਾਂ ਤੇ ਵੀ ਰੋਸਨੀ ਪਾਈ।

# ਆਮ ਲੋਕਾਂ ਦੀ ਸਹੂਲਤ ਲਈ ਡੀ.ਸੀ. ਦਫ਼ਤਰ ਵਿਖੇ ਬਣਾਇਆ ਗਿਆ ਮੁੱਖ ਮੰਤਰੀ ਸਹਾਇਤਾ ਕੇਂਦਰ

**➢ ਲੋਕਾਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਹਫਤੇ ਵਿੱਚ ਲਗਾਏ ਜਾਣਗੇ 2 ਜਨ ਸੁਵਿਧਾ ਕੈਂਪ ➢ ਡਿਪਟੀ ਕਮਿਸ਼ਨਰ ਪਰਨੀਤ ਸ਼ੇਰਗਿੱਲ ਨੇ ਜ਼ਿਲ੍ਹੇ ਦੇ ਅਧਿਕਾਰੀਆਂ ਨੂੰ ਲੋਕਾਂ ਦੀਆਂ ਸ਼ਿਕਾਇਤਾਂ ਦੇ ਤੁਰੰਤ ਨਿਪਟਾਰੇ ਲਈ ਦਿੱਤੇ ਆਦੇਸ਼**

**ਫਤਹਿਗੜ੍ਹ ਸਾਹਿਬ, 5 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**
ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਆਮ ਲੋਕਾਂ ਦੀ ਸਹੂਲਤ ਲਈ ਡੀ.ਸੀ. ਦਫਤਰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮੁੱਖ ਮੰਤਰੀ ਸਹਾਇਤਾ ਕੇਂਦਰ ਬਣਾਇਆ ਗਿਆ ਹੈ ਤਾਂ ਜ਼ੋ ਲੋਕਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਸ਼੍ਰੀਮਤੀ ਪਰਨੀਤ ਸ਼ੇਰਗਿੱਲ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮੁੱਖ ਮੰਤਰੀ ਸਹਾਇਤਾ ਕੇਂਦਰ ਦੀ ਸ਼ੁਰੂਆਤ ਕਰਨ ਮੌਕੇ ਗੱਲਬਾਤ ਕਰਦਿਆਂ ਦਿੱਤੀ। ਉਨ੍ਹਾਂ ਦੱਸਿਆ ਕਿ ਇਸ ਸਹਾਇਤਾ ਕੇਂਦਰ ਤੇ ਕਰਮਚਾਰੀਆਂ ਦੀ ਡਿਊਟੀ ਲਗਾਈ ਗਈ ਹੈ ਜੋ ਕਿ ਡੀ.ਸੀ. ਦਫ਼ਤਰ ਵਿਖੇ ਆਉਣ ਵਾਲੇ ਲੋਕਾਂ ਨੂੰ ਸਹੀ ਜਾਣਕਾਰੀ ਮੁਹੱਈਆ ਕਰਵਾ ਕੇ ਉਨ੍ਹਾਂ ਦਾ ਮਾਰਗ ਦਰਸ਼ਨ ਕਰਨਗੇ ਤਾਂ ਜ਼ੋ ਲੋਕਾਂ ਨੂੰ ਅਧਿਕਾਰੀਆਂ ਨੂੰ ਮਿਲਣ ਵਿੱਚ ਕਿਸੇ ਕਿਸਮ ਦੀ ਪ੍ਰੇਸ਼ਾਨੀ ਪੇਸ਼ ਨਾ ਆਵੇ।

ਸ਼੍ਰੀਮਤੀ ਪਰਨੀਤ ਸ਼ੇਰਗਿੱਲ ਨੇ ਦੱਸਿਆ ਕਿ ਲੋਕਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਉਨ੍ਹਾਂ ਦੇ ਘਰਾਂ ਨੇੜੇ ਕਰਨ ਦੇ ਮੰਤਵ ਨਾਲ 09 ਜੁਲਾਈ ਤੋਂ ਹਰੇਕ




ਹਫਤੇ ਮੰਗਲਵਾਰ ਤੇ ਸ਼ੁਕਰਵਾਰ ਵਾਲੇ ਦਿਨ ਪਿੰਡਾਂ ਦੇ ਕਲਸਟਰ ਬਣਾ ਕੇ ਜਨ ਸੁਵਿਧਾ ਕੈਂਪ ਲਗਾਏ ਜਾਣਗੇ ਤਾਂ ਜ਼ੋ ਲੋਕਾਂ ਨੂੰ ਆਪਣੀਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਦਫ਼ਤਰਾਂ ਦੇ ਗੇੜੇ ਨਾ ਮਾਰਨੇ ਪੈਣ। ਉਨ੍ਹਾਂ ਹੋਰ ਦੱਸਿਆ ਕਿ ਮੁੱਖ ਮੰਤਰੀ ਦੇ ਆਦੇਸ਼ਾਂ ਅਨੁਸਾਰ ਹਰੇਕ ਹਫਤੇ ਵੀਰਵਾਰ ਵਾਲੇ ਦਿਨ ਸਵੇਰੇ 09:00 ਵਜੇ ਤੋਂ ਦੁਪਿਹਰ 01:30 ਵਜੇ ਤੱਕ ਉਹ ਆਪਣੇ ਦਫ਼ਤਰ ਵਿੱਚ ਬੈਠ ਕੇ ਲੋਕਾਂ ਦੀਆਂ ਸ਼ਿਕਾਇਤਾਂ ਸੁਣਨਗੇ। ਉਨ੍ਹਾਂ ਜ਼ਿਲ੍ਹੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਸ਼ਿਕਾਇਤਾਂ ਸਬੰਧੀ ਹਰੇਕ ਵੀਰਵਾਰ ਨੂੰ ਉਨ੍ਹਾਂ ਦੇ ਦਫ਼ਤਰ ਵਿਖੇ ਪਹੁੰਚਣ ਤਾਂ ਜੋ ਉਨ੍ਹਾਂ ਦੀਆਂ ਸ਼ਿਕਾਇਤਾਂ ਦਾ ਹੱਲ ਕੀਤਾ ਜਾ ਸਕੇ।

ਡਿਪਟੀ ਕਮਿਸ਼ਨਰ ਨੇ ਹੋਰ ਦੱਸਿਆ ਕਿ ਆਮ ਲੋਕਾਂ ਵੱਲੋਂ ਪ੍ਰਾਪਤ ਹੋਈਆਂ ਸ਼ਿਕਾਇਤਾਂ ਦਾ ਸਮੇਂ ਸਿਰ ਨਿਪਟਾਰਾ ਕਰਨ ਨੂੰ ਯਕੀਨੀ ਬਣਾਉਣ ਵਾਸਤੇ ਸਮੂਹ ਅਧਿਕਾਰੀਆਂ ਨੂੰ ਜਵਾਬਦੇਹ ਬਣਾਇਆ ਜਾਵੇਗਾ ਅਤੇ ਸਮੇਂ ਸਿਰ ਸ਼ਿਕਾਇਤਾਂ ਦਾ ਨਿਪਟਾਰਾ ਨਾ ਕਰਨ ਵਾਲੇ ਵਿਭਾਗ ਦੇ ਜ਼ਿਲ੍ਹਾ ਅਧਿਕਾਰੀ ਦੀ ਜਿੰਮੇਵਾਰੀ ਤੈਅ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਸ਼ਿਕਾਇਤ ਦਾ ਰਾਜ ਪੱਧਰ ਤੇ ਨਿਪਟਾਰਾ ਕਰਨਯੋਗ ਹੋਵੇਗਾ ਤਾਂ ਉਹ ਸ਼ਿਕਾਇਤਾਂ ਮੁੱਖ ਮੰਤਰੀ ਪੰਜਾਬ ਨੂੰ ਭੇਜੀਆਂ ਜਾਣਗੀਆਂ। ਉਨ੍ਹਾਂ ਜ਼ਿਲ੍ਹੇ ਦੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਲੋਕਾਂ ਵੱਲੋਂ ਪ੍ਰਾਪਤ ਹੋਈਆਂ ਸ਼ਿਕਾਇਤਾਂ ਦਾ ਸਮੇਂ ਸਿਰ ਨਿਪਟਾਰਾ ਕਰਨ ਨੂੰ ਯਕੀਨੀ ਬਣਾਇਆ ਜਾਵੇ।

ਸ਼੍ਰੀਮਤੀ ਸ਼ੇਰਗਿੱਲ ਨੇ ਦੱਸਿਆ ਕਿ ਲੋਕਾਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਬਣਾਏ ਗਏ ਮੁੱਖ ਮੰਤਰੀ ਸਹਾਇਤਾ ਕੇਂਦਰ ਦਾ ਇੰਚਾਰਜ ਪੀ.ਸੀ.ਐਸ. ਅਧਿਕਾਰੀ ਹੋਵੇਗਾ ਅਤੇ ਉਸ ਨੂੰ ਲੋੜੀਂਦਾ ਸਟਾਫ ਮੁਹੱਈਆ ਕਰਵਾਇਆ ਜਾਵੇਗਾ ਅਤੇ ਪ੍ਰਾਪਤ ਸ਼ਿਕਾਇਤਾਂ ਦਾ ਮੁਕੰਮਲ ਰਿਕਾਰਡ ਰੱਖਿਆ ਜਾਵੇਗਾ ਅਤੇ ਸ਼ਿਕਾਇਤ ਦਾ ਨਿਪਟਾਰਾ ਕਰਨ ਤੇ ਸਬੰਧਤ ਵਿਅਕਤੀ ਨਾਲ ਫੋਨ ਰਾਹੀਂ ਸੰਪਰਕ ਕਰਕੇ ਸ਼ਿਕਾਇਤ ਦੀ ਮੌਜੂਦਾ ਸਥਿਤੀ ਬਾਰੇ ਜਾਣੂ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸ਼ਨ ਆਮ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਪੂਰੀ ਗੰਭੀਰਤਾ ਨਾਲ ਕੰਮ ਕਰ ਰਿਹਾ ਹੈ ਅਤੇ ਭਵਿੱਖ ਵਿੱਚ ਵੀ ਲੋਕਾਂ ਦੀਆਂ ਸ਼ਿਕਾਇਤਾਂ ਦਾ ਫੌਰੀ ਹੱਲ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ ਜਾਵੇਗੀ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਸ਼੍ਰੀਮਤੀ ਈਸ਼ਾ ਸਿੰਗਲ ਵੀ ਮੌਜੂਦ ਸਨ।

# ਪੰਛੀਆਂ ਲਈ ਮਿੱਟੀ ਦੇ ਕਟੋਰੇ ਵੰਡੇ ਗਏ ਅਤੇ ਵਾਤਾਵਰਣ ਨੂੰ ਸ਼ੁੱਧ ਰੱਖਣ ਲਈ ਬੂਟੇ ਵੰਡੇ ਗਏ




**ਨਾਭਾ, 5 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**
ਐਨ. ਐਸ. ਓ. ਟੀਮ ਦੇ ਪ੍ਰਧਾਨ ਸਮਾਜ ਸੇਵਕ ਮੋਨੂੰ ਦੀ ਅਗਵਾਈ ਵਿੱਚ ਬੇ-ਜ਼ੁਬਾਨ ਪੰਛੀਆਂ ਲਈ ਮਿੱਟੀ ਦੇ ਕਟੋਰੇ ਵੰਡੇ ਗਏ ਅਤੇ ਵਾਤਾਵਰਣ ਨੂੰ ਸ਼ੁੱਧ ਰੱਖਣ ਲਈ ਬੂਟੇ ਵੰਡੇ ਗਏ, ਤਾਂ ਜੋ ਵਾਤਾਵਰਣ ਨੂੰ ਹਰਿਆ-ਭਰਿਆ ਰੱਖਿਆ ਜਾ ਸਕੇ। ਵਿਸ਼ਾਲ ਵਾਲੀਆ (ਮੋਨੂੰ) ਨੇ ਆਪਣੇ ਟੀਮ ਮੈਂਬਰਾਂ ਅੱਗੇ ਹੱਥ ਜੋੜ ਕੇ ਬੇਨਤੀ ਕੀਤੀ, ਕਿ ਹਰੇਕ ਮੈਂਬਰ 11 ਬੂਟੇ ਜ਼ਰੂਰ ਲਗਾਵੇ ਅਤੇ ਉਨ੍ਹਾਂ ਦੀ ਦੇਖਭਾਲ ਵੀ ਕਰੇ। ਇਸ ਮੌਕ? ਤੇ ਹਰਪ੍ਰੀਤ ਸਿੰਘ, ਜਸਵਿੰਦਰ ਸਿੰਘ, ਮੁਕੇਸ਼, ਵਰਿੰਦਰ ਦਾਨੀ, ਨੀਟਾ, ਹਿੰਮਤ, ਕ੍ਰਿਸ਼ਨਾ, ਭਰਤ ਆਦਿ ਮੌਜੂਦ ਰਹੇ। ਇਸ ਮੌਕ? ਐਨ. ਐਸ.ਓ. ਟੀਮ ਵੱਲੋਂ ਅਨਾਥ, ਅਪਾਹਿਜ, ਨੇਤਰਹੀਣ ਆਦਿ ਜ਼ਰੂਰਤਮੰਦ ਵਿਅਕਤੀਆਂ ਲਈ ਰਾਸ਼ਨ ਅਤੇ ਲੇਖਨ ਸਮੱਗਰੀ (ਸਟੇਸ਼ਨਰੀ) ਦੀ ਸੇਵਾ ਵੀ ਨਿਭਾਈ ਗਈ।

ਸੰਸਥਾ ਵੱਲੋਂ ਇਹ ਸੇਵਾ ਪਿਛਲੇ 6 ਸਾਲਾਂ ਤੋਂ ਨਿਰੰਤਰ ਜਾਰੀ ਹੈ। ਇਸ ਮੌਕ? ਐਨ. ਐਸ. ਓ. ਸੰਸਥਾ ਦੇ ਪ੍ਰਧਾਨ ਵਿਸ਼ਾਲ ਵਾਲੀਆ (ਮੋਨੂੰ) ਵੱਲੋਂ ਟੀਮ ਮੈਂਬਰਾਂ ਅਤੇ ਪਹੁੰਚੇ ਸੱਜਣਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ।

# ਡਾਈਟਸ ਨੇ ਭਾਰਤ ਦੇ ਨੇਤਾ ਖੇਤੀਬਾੜੀ ਸਮੂਹ ਟੈਫੇ ਮੋਟਰਜ਼ ਦੇ ਨਾਲ ਸਹਿਯੋਗ 'ਤੇ ਦਸਤਖਤ ਕੀਤੇ



**ਚੰਡੀਗੜ੍ਹ, 5 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**
ਡਾਈਟਸ ਆਪਣੀ 'ਡਿਊਲ+' ਰਣਨੀਤੀ ਵਿੱਚ ਇੱਕ ਅਤੇ ਆਧਾਰਸ਼ਿਲਾ ਜੋੜਿਆ ਗਿਆ ਹੈ, ਅਲਟਰਨੇਟਿਵ ਡਰਾਇਵ ਸਿਸਟਮ ਦਾ ਅੱਗੇ ਵਿਕਾਸ ਅਤੇ ਇੰਟਰਨਲ ਇੰਜਨ ਇੰਜਨ ਬਿਜ਼ਨਸ ਕਾ ਵਿਸਤਾਰ ਕਾਂਗਰਸ ਸ਼ਾਮਲ ਹੈ। ਭਾਰਤੀ ਖੇਤੀ ਸਮੂਹ ਟੈਫੇ ਮੋਟਰਸ ਐਂਡ ਟ੍ਰੈਕਟਰਸ ਲਿਮਟਿਡ ਨੇ ਡਾਓਟਸ ਦੇ ਨਾਲ ਤੁਹਾਡੀ ਸਹਾਇਤਾ ਦੀ ਘੋਸ਼ਣਾ ਦੇ ਸਹਿਯੋਗੀ ਡਾਯਟਸ ਨੂੰ ਭਾਰਤ ਵਿੱਚ ਆਪਣੇ ਕਾਰੋਬਾਰ ਦਾ ਵਿਸਥਾਰ ਕਰਨ ਦੀ ਆਗਿਆ ਪ੍ਰਦਾਨ ਕਰੋ ਅਤੇ ਉਹ ਅੱਜ ਵਿਸ਼ਵ ਵਿੱਚ ਸਭ ਤੋਂ ਵੱਧ ਅੱਗੇ ਵਧਦੇ ਭਾਰਤੀ ਬਾਜ਼ਾਰ ਦਾ ਲਾਭ ਉਠਾ ਸਕਦੇ ਹਨ। ਟੈਫੇ ਮੋਟਰਸ, ਟੈਫੇ ਦੀ ਸਹਾਇਕ ਕੰਪਨੀ ਹੈ – ਜੋ ਵਿਸ਼ਵ ਕੀ ਤੀਸਰੀ ਸਭ ਤੋਂ ਵੱਡੀ ਟਰੈਕਟਰ ਨਿਰਮਾਤਾ ਕੰਪਨੀ ਹੈ। 2023 ਵਿੱਚ, ਭਾਰਤੀ ਅਰਥਵਿਵਸਥਾ ਵਿੱਚ ਲਗਭਗ 6 ਤੋਂ 7 ਪ੍ਰਤੀਸ਼ਤ ਵਾਧਾ ਹੋਇਆ ਹੈ ਅਤੇ ਉਮੀਦ ਹੈ ਕਿ 2050 ਤੱਕ ਭਾਰਤ ਦੀ ਜੀਡੀਪੀ ਚੌਗੁਣੀ ਹੋ ਸਕਦੀ ਹੈ। ਇਸ ਮਜ਼ਬੂਤੀ ਨੂੰ ਪ੍ਰਾਪਤ ਕਰਨ ਲਈ ਖੇਤੀ ਅਤੇ ਨਿਰਮਾਣ ਖੇਤਰ ਦੀ ਪ੍ਰਮੁੱਖ ਭੂਮਿਕਾ ਹੋਵੇਗੀ।

ਪੂਰੀ ਸਹਾਇਤਾ ਦੀ ਸ਼ੁਰੂਆਤ ਦੇ ਰੂਪ ਵਿੱਚ, ਟੈਫੇ ਮੋਟਰਸ ਡਾਈਟਸ ਲਈ 2.2* (50–75 hp) ਅਤੇ 2.9 * (75–100 hp) ਵਿੱਚ ਲਗਭਗ 30,000 ਇੰਜਣਾਂ ਦਾ ਨਿਰਮਾਣ, ਉਤਪਾਦਨ ਦੇ ਮਿਆਰਾਂ ਦੇ ਅਧਾਰ ਸਮੂਹ ਦੁਆਰਾ ਬਣਾਏ ਗਏ ਇੰਜਨ ਵਿਆਪਕ ਲੜੀ ਨੂੰ ਵਧਾਇਆ ਅਤੇ ਅਨੁਪੂਰਕ ਬਣਾਇਆ ਜਾ ਸਕਦਾ ਹੈ। ਟੈਫੇ ਮੋਟਰਸ ਭਾਰਤੀ ਬਾਜ਼ਾਰ ਦੀ ਨਵੀਂ ਚੋਣ ਦੇ ਨਾਲ-ਨਾਲ ਡਾਈਟਸ ਦੀ ਲੋੜ ਦੀ ਲੋੜ ਲਈ ਇੰਜਣ ਦਾ ਉਤਪਾਦਨ ਕਰੋ। ਇੰਜਣ ਦਾ ਉਤਪਾਦ ਭਾਰਤ ਵਿੱਚ ਰਾਜਸਥਾਨ ਦੇ ਅਲਵਰ ਵਿੱਚ ਸਥਿਤ ਟੈਫੇ ਮੋਟਰਸ ਦੀ ਵਿਸ਼ਵ ਸ਼ਕਤੀ ਉਤਪਾਦਨ ਸੁਵਿਧਾਵਾਂ ਤਿਆਰ ਕੀਤੀਆਂ ਗਈਆਂ ਹਨ।

ਡਾਈਟਸ ਭਾਰਤੀ ਉਤਪਾਦਨ ਦੇ ਆਧਾਰ ਦਾ ਉਪਯੋਗ ਪ੍ਰਭਾਵ (ਵਿਸ਼ੇਸ਼ ਰੂਪ ਤੋਂ ਏਸ਼ੀਆ ਪ੍ਰਸ਼ਾਤ ਖੇਤਰ) ਵਿੱਚ ਬਾਕੀ ਇੰਜਣ ਨੂੰ ਪ੍ਰੋਤਸਾਹਨ ਦੇਣ ਲਈ ਬਹਾਲ ਬਣਾਉਣ, ਪੈਦਾਵਾਰ ਅਤੇ ਰਸਦ ਵਿੱਚ ਲਾਗਤ ਦਾ ਲਾਭ ਮਿਲ ਸਕਦਾ ਹੈ।

ਡਾਈਟਸ ਕੇ ਸੀਈਓ ਡਾ. ਸੇਬੇਸਟੀਅਨ ਸੀ. ਸ਼ੂਲਟੀ ਦੱਸਦੇ ਹਨ, ÷ਟੈਫੇ ਮੋਟਰਸ ਦੇ ਨਾਲ ਰਣਨੀਤਕ ਸਹਿਯੋਗ ਲਈ ਛੋਟੇ ਕਾਂਬਸਨ ਇੰਜਣਾਂ ਨੂੰ ਅੱਗੇ ਵਧਾਉਂਦੇ ਹੋਏ ਬਾਜ਼ਾਰਾਂ ਵਿੱਚ ਡਾਓਟਸ ਦੀ ਪਹੁੰਚ ਅਤੇ ਦੂਰੀ ਤਕ ਮਜ਼ਬੂਤੀ ਮਿਲਦੀ ਹੈ। ਅਪਣੱਤ ਹੈ, ਜੋ ਕਿ ਤਕਨਾਲੋਜੀ ਦੀ ਤਬਦੀਲੀ ਅਤੇ ਭੂਰਾਜਨੀਤੀ ਕਾਰਨ ਲਗਾਤਾਰ ਹਮਲਾਵਰ ਹੋ ਰਿਹਾ ਹੈ।

ਇਹ ਸਹਾਇਤਾ ਡਾਟਸ ਨੂੰ ਕੁਸ਼ਲ ਅਤੇ ਪ੍ਰਤੀਕਿਰਿਆ ਉਤਪਾਦ ਨੂੰ ਯਕੀਨੀ ਬਣਾਉਣ ਲਈ ਆਪਣੇ ਆਪ ਦੇ ਆਧਾਰ ਦਾ ਵਿਸਥਾਰ ਕਰਨ ਦਾ ਮੌਕਾ ਪ੍ਰਦਾਨ ਕਰਦਾ ਹੈ। ਇਹ ਭੂ-ਰਾਜਨੀਤਿਕ ਰੂਪ ਤੋਂ ਤਣਾਅਪੂਰਣ ਤਣਾਅ ਵਿੱਚ ਸਪਲਾਈ ਲੜੀਵਾਂ 'ਤੇ ਤੁਹਾਡੀ ਨਿਰਭਰਤਾ ਨੂੰ ਵੀ ਘੱਟ ਕਰਨਾ – ਸਬੰਧਤ ਲਾਭਾਂ ਦਾ ਉਸ ਤੋਂ ਬਿਨਾਂ ਤਿਆਰ ਕਰਨਾ। ਖਾਸ ਤੌਰ 'ਤੇ ਡਾਯਟਸ ਕੇ ਜਰਮਨੀ ਦੇ ਉਤਪਾਦ ਸਥਾਨਾਂ ਦਾ ਲਾਭ ਹੋਵੇਗਾ।

ਟੈਫੇ ਮੋਟਰਸ ਦੀ ਗੱਲ ਕਰਦੇ ਹੋਏ, ਟੈਫੇ ਮੋਟਰਸ ਦੇ ਸੀਓ ਸੰਦੀਪ ਸਿੰਹਾ ਨੇ ਕਿਹਾ, ÷ਟੈਫੇ ਮੋਟਰਸ ਅਤੇ ਡਾਓਟਸ ਕੇ ਵਿਚਕਾਰ ਇਹ ਰਣਨੀਤੀ ਸਹਿਯੋਗੀ ਤੌਰ 'ਤੇ ਲਾਭਕਾਰੀ ਹੋਵੇਗੀ, ਇਹ ਸਥਾਨਕ ਅਤੇ ਸਮਾਜਿਕ ਦੋਵੇਂ ਬਾਜ਼ਾਰਾਂ ਦੀ ਮੰਗ ਨੂੰ ਪੂਰਾ ਕਰਨ ਲਈ ਇਸ ਤਰ੍ਹਾਂ ਦੇ ਇੰਜਣਾਂ ਦੇ ਉਤਪਾਦ। ਸਾਂਝੇ ਸੰਸਾਧਨਾਂ ਅਤੇ ਪ੍ਰੌਦਯੋਗਿਕੀਆਂ ਤੱਕ ਪਹੁੰਚ ਪ੍ਰਦਾਨ ਕਰਨ ਲਈ ਜੋ ਟੈਫੇ ਮੋਟਰਸ ਅਤੇ ਸਮੂਹ ਦੀ ਸਥਿਤੀ ਦੇ ਅਨੁਪੂਰਕ ਅਨੁਪੂਰਕ ਹਨ, ਇਸ ਨੂੰ ਸਹਾਇਤਾ ਪ੍ਰਦਾਨ ਕਰਨ ਲਈ ਭਾਰਤੀ ਮਹੱਤਵਪੂਰਨ ਗੁਣਵੱਤਾ ਬਾਜ਼ਾਰਾਂ ਵਿੱਚ ਨਵੀਆਂ ਐਪਲੀਕੇਸ਼ਨਾਂ ਲਈ ਸਭ ਤੋਂ ਉੱਚੇ ਇੰਜਣਾਂ ਦੀ ਉੱਚਿਤਤਾ ਪ੍ਰਦਾਨ ਕੀਤੀ ਜਾ ਸਕਦੀ ਹੈ।

# ਐਸ. ਸੀ ਸਿਖਿਆਰਥੀਆਂ ਲਈ ਡੇਅਰੀ ਸਿਖਲਾਈ ਕੋਰਸ ਦਾ ਪਹਿਲਾ ਬੈਚ 15 ਜੁਲਾਈ ਤੋਂ

**ਹੁਸ਼ਿਆਰਪੁਰ, 5 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-:**
ਡੇਅਰੀ ਵਿਕਾਸ ਵਿਭਾਗ, ਪੰਜਾਬ ਵੱਲੋਂ ਐਸ. ਸੀ ਸਿਖਿਆਰਥੀਆਂ ਲਈ ਮੁਫ਼ਤ ਡੇਅਰੀ ਸਿਖਲਾਈ ਕੋਰਸ 15 ਜੁਲਾਈ, 2024 ਤੋਂ ਡੇਅਰੀ ਸਿਖਲਾਈ ਕੇਂਦਰ ਫਗਵਾੜਾ ਵਿਖੇ ਚਲਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੰਯੁਕਤ ਡਾਇਰੈਕਟਰ ਕਸ਼ਮੀਰ ਸਿੰਘ ਨੇ ਦੱਸਿਆ ਕਿ ਇਸ ਸਿਖਲਾਈ ਦੌਰਾਨ ਸਿਖਿਆਰਥੀਆਂ ਨੂੰ 3500 ਰੁਪਏ ਵਜੀਫਾ ਵੀ ਦਿੱਤਾ ਜਾਵੇਗਾ। ਇਸ ਸਿਖਲਾਈ ਪ੍ਰੋਗਰਾਮ ਵਿਚ ਦੁਧਾਰੂ ਪਸ਼ੂਆਂ ਦੀ ਖਰੀਦ ਤੋਂ ਲੈ ਕੇ ਰੱਖ-ਰਖਾਅ, ਖਾਧ ਖੁਰਾਕ, ਨਸਲ ਸੁਧਾਰ, ਸਾਂਭ-ਸੰਭਾਲ ਅਤੇ ਸੁਚੱਜੇ ਮੰਡੀਕਰਨ ਦੀਆਂ ਨਵੀਨਤਮ ਤਕਨੀਕਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਇਨ੍ਹਾਂ ਸਿਖਿਆਰਥੀਆਂ ਦੀ ਚੋਣ ਜ਼ਿਲ੍ਹਾ ਲੈਵਲ ਕਮੇਟੀ ਵੱਲੋਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਸੰਬੰਧੀ ਅਨੁਸੂਚਿਤ ਜਾਤੀ ਦੇ ਵਿਅਕਤੀ (ਮਰਦ/ਔਰਤ) ਜਿਨ੍ਹਾਂ ਦੀ ਉਮਰ 18 ਤੋਂ 50 ਸਾਲ ਦੇ ਵਿਚ ਹੋਵੇ, ਪੰਜਵੀਂ ਪਾਸ ਹੋਵੇ, ਪੇਂਡੂ ਪਿਛੋਕੜ ਨਾਲ ਸਬੰਧ ਰੱਖਦਾ ਹੋਵੇ 15 ਜੁਲਾਈ ਤੱਕ ਦਫ਼ਤਰ ਡਿਪਟੀ ਡਾਇਰੈਕਟਰ ਡੇਅਰੀ, ਮਿੰਨੀ ਸਕੱਤਰੇਤ, ਚੌਥੀ ਮੰਜ਼ਿਲ, ਕਮਰਾ ਨੰਬਰ 439 ਵਿਖੇ ਆਪਣਾ ਅਧਾਰ ਕਾਰਡ, ਯੋਗਤਾ ਸਰਟੀਫਿਕੇਟ, ਅਨੁਸੂਚਿਤ ਜਾਤੀ ਸਰਟੀਫਿਕੇਟ ਲੈ ਕੇ ਫਾਰਮ ਭਰ ਸਕਦੇ ਹਨ। ਟ੍ਰੇਨਿੰਗ ਉਪਰੰਤ ਉਮੀਦਵਾਰਾਂ ਨੂੰ 2, 5 ਅਤੇ 10 ਦੁਧਾਰੂ ਪਸ਼ੂਆਂ ਦੀ ਖਰੀਦ 'ਤੇ 33 ਫੀਸਦੀ ਵਿੱਤੀ ਸਹਾਇਤਾ ਦਿੱਤੀ ਜਾਵੇਗੀ।

ਵਿਭਾਗ ਵੱਲੋਂ ਐਨ.ਐਲ.ਐਮ ਸਕੀਮ ਅਧੀਨ ਦੁਧਾਰੂ ਪਸ਼ੂਆਂ ਦੇ ਬੀਮੇ 'ਤੇ 70 ਫੀਸਦੀ ਸਬਸਿਡੀ ਦਾ ਪ੍ਰਬੰਧ ਹੈ। ਉਨ੍ਹਾਂ ਕਿਹਾ ਕਿ ਵਧੇਰੇ ਜਾਣਕਾਰੀ ਲਈ ਦਫ਼ਤਰ ਦੇ ਫੋਨ ਨੰਬਰ 01882-220025 ਅਤੇ 98722-77136 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਡਾ: ਕਰਨਜੀਤ ਸਿੰਘ ਗਿੱਲ ਨੇ ਮੁੱਖ ਖੇਤੀਬਾੜੀ ਅ.ਫਸਰ, ਸ਼੍ਰੀ ਮੁਕਤਸਰ ਸਾਹਿਬ ਦਾ ਸੰਭਾਲਿਆ ਚਾਰਜ਼

**ਸ੍ਰੀ ਮੁਕਤਸਰ ਸਾਹਿਬ 5 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**
ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਡਾ: ਕਰਨਜੀਤ ਸਿੰਘ ਗਿੱਲ ਨੇ ਮੁੱਖ ਖੇਤੀਬਾੜੀ ਅ.ਫਸਰ, ਜਿ ?ਲ੍ਹਾ ਸ਼੍ਰੀ ਮੁਕਤਸਰ ਸਾਹਿਬ ਦਾ ਚਾਰਜ਼ ਸੰਭਾਲ ਲਿਆ ਹੈ। ਇਸ ਤੋਂ ਪਹਿਲਾਂ ਉਹ ਆਪਣੀਆਂ ਸੇਵਾਵਾਂ ਜਿ ?ਲ੍ਹਾ ਬਠਿੰਡਾ ਵਿਖੇ ਮੁੱਖ ਖੇਤੀਬਾੜੀ ਅ.ਫਸਰ ਵਜੋਂ ਨਿਭਾ ਰਹੇ ਸਨ। ਇਸ ਮੌਕੇ ਸਮੂਹ ਸਟਾਫ਼ ਨੇ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ।

ਇਸ ਮੌਕੇ ਡਾ: ਕਰਨਜੀਤ ਸਿੰਘ ਗਿੱਲ ਨੇ ਮੁੱਖ ਖੇਤੀਬਾੜੀ ਅ.ਫਸਰ, ਜਿ ?ਲ੍ਹਾ ਸ਼੍ਰੀ ਮੁਕਤਸਰ ਸਾਹਿਬ ਨੇ ਭਰੋਸਾ ਦਿਵਾਇਆ ਕਿ ਉਹ ਆਪਣੀ ਜਿੰਮੇਦਾਰੀ ਅਤੇ ਪੂਰੀ ਇਮਾਨਦਾਰੀ ਤੇ ਲਗਨ ਨਾਲ ਡਿਉਟੀ ਨਿਭਾਉਣਗੇ। ਉਨ੍ਹਾਂ ਸਾਰੇ ਸਟਾਫ਼ ਨੂੰ ਹਦਾਇਤ ਕਰਦਿਆਂ ਕਿਹਾ ਕਿ ਡਾਇਰੈਕਟਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਡਾ: ਜਸਵੰਤ ਸਿੰਘ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੰਜਾਬ ਸਰਕਾਰ ਦੀਆਂ ਸਕੀਮਾਂ ਅਤੇ ਕਿਸਾਨੀ ਹਿੱਤ ਦੀਆਂ ਸਹੂਲਤਾਂ ਪਿੰਡ ਪੱਧਰ ਤੇ ਕਿਸਾਨਾਂ ਤੱਕ ਪਹੁੰਚਾਉਣ ਲਈ ਪੂਰੀ ਮਿਹਨਤ ਕੀਤੀ ਜਾਵੇ।

ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਫ਼ਸਲਾਂ ਸਬੰਧੀ ਸੰਪੂਰਨ ਜਾਣਕਾਰੀ ਪ੍ ?ਾਪਤ ਕਰਨ ਲਈ ਬਲਾਕ ਦਫ਼ਤਰਾਂ ਨਾਲ ਤਾਲਮੇਲ ਕੀਤਾ ਜਾਵੇ ਅਤੇ ਪਿੰਡ ਪੱਧਰ ਦੇ ਅਧਿਕਾਰੀਆਂ/ਕਰਮਚਾਰੀਆਂ ਨਾਲ ਰਾਬਤਾ ਕਾਇਮ ਕੀਤਾ ਜਾਵੇ।

# ਜਿੱਥੇ ਵੀ ਜਾਣ ਪੰਜਾਬੀ ਝੰਡੇ ਜਿੱਤ ਦੇ ਗੱਡਦੇ ਨੇ-- ਪੰਜਾਬ ਦੀ ਧੀ ਨੇ ਕੈਨੇਡਾ ਪੁਲਿਸ ਵਿੱਚ ਭਰਤੀ ਹੋਕੇ ਵਧਾਇਆ ਪੰਜਾਬ ਅਤੇ ਮਾਪਿਆਂ ਦਾ ਮਾਣ

**ਮਾਛੀਵਾੜਾ ਸਾਹਿਬ, 5 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**
ਪੰਜਾਬੀ ਦੁਨੀਆਂ ਭਰ ਦੇ ਕਿਸੇ ਵੀ ਕੋਨੇ ਵਿੱਚ ਚਲੇ ਜਾਣ ਆਪਣੀ ਮਿਹਨਤ ਨਾਲ ਸਫਲਤਾ ਦੇ ਝੰਡੇ ਗੱਡ ਦਿੰਦੇ ਹਨ॥ਪੰਜਾਬ ਦੇ ਸਮਰਾਲਾ ਪੁਲਿਸ ਥਾਣੇ ਵਿੱਚ ਏ.ਐਸ.ਆਈ. ਦਵਿੰਦਰ ਸਿੰਘ ਗਰਚਾ ਦੀ ਧੀ ਸੰਦੀਪ ਕੌਰ ਨੇ ਕੈਨੇਡਾ ਦੀ ਪੁਲਸ 'ਚ ਭਰਤੀ ਹੋ ਕੇ ਪੰਜਾਬ ਦਾ ਹੀ ਨਹੀਂ, ਪੂਰੇ ਭਾਰਤ ਦਾ ਨਾਂ ਰੌਸ਼ਨ ਕਰ ਦਿੱਤਾ ਹੈ। ਸੰਦੀਪ ਕੌਰ ਦਾ ਜਨਮ ਪਿੰਡ ਅੜੈਚਾਂ ਵਿਖੇ ਹੋਇਆ। ਸੰਦੀਪ ਕੌਰ ਬੀ. ਟੈੱਕ. ਦੀ ਡਿਗਰੀ ਲੈਣ ਤੋਂ ਬਾਅਦ ਅਗਲੇਰੀ ਪੜ੍ਹਾਈ ਲਈ ਕੈਨੇਡਾ ਚਲੀ ਗਈ ਅਤੇ ਉੱਥੇ ਮਿਹਨਤ ਸਦਕਾ ਕੈਨੇਡਾ ਪੁਲਸ 'ਚ ਭਰਤੀ ਹੋ ਗਈ।

ਇਹ ਪੂਰੇ ਪੰਜਾਬ ਵਾਸੀਆਂ ਲਈ ਬੜੇ ਹੀ ਮਾਣ ਵਾਲੀ ਗੱਲ ਹੈ। ਸੰਦੀਪ ਦੇ ਪਿਤਾ ਏ. ਐੱਸ. ਆਈ. ਦਵਿੰਦਰ ਸਿੰਘ ਗਰਚਾ ਜਦੋਂ ਕੈਨੇਡਾ ਤੋਂ ਵਾਪਸ ਆ ਕੇ ਆਪਣੀ ਡਿਊਟੀ 'ਤੇ ਥਾਣਾ ਸਮਰਾਲਾ ਵਿਖੇ ਪਹੁੰਚੇ ਤਾਂ ਡੀ. ਐੱਸ. ਪੀ. ਤਰਲੋਚਨ ਸਿੰਘ, ਐੱਸ. ਐੱਚ. ਓ. ਰਾਓ ਵਰਿੰਦਰ ਸਿੰਘ ਅਤੇ ਸਮੂਹ ਥਾਣਾ ਮੁਲਾਜ਼ਮਾਂ ਨੇ ਹਾਰ ਪਾ ਕੇ ਉਨ੍ਹਾਂ ਦਾ ਸੁਆਗਤ ਕੀਤਾ ਅਤੇ ਮੂੰਹ ਮਿੱਠਾ ਕਰਵਾਇਆ। ਦਵਿੰਦਰ ਸਿੰਘ ਗਰਚਾ ਨੇ ਦੱਸਿਆ ਕਿ ਮੇਰੇ ਤਿੰਨ ਬੱਚੇ ਹਨ ਅਤੇ ਤਿੰਨੇਂ ਹੀ ਕੈਨੇਡਾ 'ਚ ਰਹਿੰਦੇ ਹਨ। ਮੇਰੀ ਧੀ ਸੰਦੀਪ ਕੌਰ ਨੇ ਬੀ. ਟੈੱਕ. ਦੀ ਪੜ੍ਹਾਈ ਕਰਨ ਤੋਂ ਬਾਅਦ ਕੈਨੇਡਾ ਜਾ ਕੇ ਪੜ੍ਹਨ ਦਾ ਫ਼ੈਸਲਾ ਕੀਤਾ। ਉਨ੍ਹਾਂ ਦੱਸਿਆ ਕਿ ਧੀ ਸੰਦੀਪ ਕੌਰ 2017 'ਚ ਕੈਨੇਡਾ ਗਈ



ਅਤੇ ਉੱਥੇ ਜਾ ਕੇ ਉਸ ਨੇ ਕੈਨੇਡਾ ਪੁਲਸ 'ਚ ਭਰਤੀ ਹੋਣ ਲਈ ਆਪਣੀ ਪੜ੍ਹਾਈ ਪੂਰੀ ਕੀਤੀ।

ਇਹ ਮੇਰੇ ਅਤੇ ਮੇਰੇ ਪਰਿਵਾਰ ਲਈ ਬਹੁਤ ਮਾਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਜਿਹੜੇ ਮਾਂ-ਪਿਓ ਅੱਜ ਵੀ ਕੁੜੀਆਂ ਅਤੇ ਮੁੰਡਿਆਂ 'ਚ ਫ਼ਰਕ ਰੱਖਦੇ ਹਨ, ਉਨ੍ਹਾਂ ਲਈ ਮੇਰੀ ਧੀ ਇੱਕ ਮਿਸਾਲ ਹੈ ਅਤੇ ਮੈਂ ਉਨ੍ਹਾਂ ਮਾਪਿਆਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਕੁੜੀਆਂ ਵੀ ਤੁਹਾਡਾ ਨਾਂ ਰੌਸ਼ਨ ਕਰ ਸਕਦੀਆਂ ਹਨ ਅਤੇ ਆਪਣੀਆਂ ਬੱਚੀਆਂ ਨੂੰ ਵੱਧ ਤੋਂ ਵੱਧ ਪੜ੍ਹਾਓ।

ਇਸ ਮੌਕੇ ਡੀ. ਐੱਸ. ਪੀ. ਤਰਲੋਚਨ ਸਿੰਘ ਨੇ ਕਿਹਾ ਕਿ ਸਾਡੇ ਥਾਣੇ ਦੇ ਏ. ਐੱਸ. ਆਈ. ਦਵਿੰਦਰ ਸਿੰਘ ਗਰਚਾ ਦੀ ਧੀ ਸੰਦੀਪ ਕੌਰ ਨੇ ਕੈਨੇਡਾ ਪੁਲਸ 'ਚ ਭਰਤੀ ਹੋ ਪੁਲਸ ਜ਼ਿਲ੍ਹਾ ਖੰਨਾ ਦਾ ਨਾਂ ਰੌਸ਼ਨ ਕੀਤਾ ਹੈ ਅਤੇ ਸਾਨੂੰ ਆਪਣੀ ਧੀ ਸੰਦੀਪ ਕੌਰ 'ਤੇ ਬਹੁਤ ਮਾਣ ਹੈ।

ਸੰਦੀਪ ਕੌਰ ਦੀ ਮਾਂ ਪਰਮਜੀਤ ਕੌਰ ਨੇ ਕਿਹਾ ਕਿ ਮੇਰੀ ਧੀ ਸ਼ੁਰੂ ਤੋਂ ਹੀ ਪੜ੍ਹਾਈ 'ਚ ਬਹੁਤ ਹੁਸ਼ਿਆਰ ਸੀ। ਉਸਨੇ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਕਿਹਾ ਕਿ ਉਹ ਵੀ ਆਪਣੇ ਭੈਣ-ਭਰਾ ਕੋਲ ਕੈਨੇਡਾ ਜਾ ਕੇ ਵੱਸਣਾ ਚਾਹੁੰਦੀ ਹੈ। ਅਸੀਂ ਉਸ ਨੂੰ ਹੋਰ ਪੜ੍ਹਨ ਲਈ ਕੈਨੇਡਾ ਭੇਜ ਦਿੱਤਾ, ਜਿੱਥੇ ਜਾ ਕੇ ਮੇਰੀ ਧੀ ਨੇ ਕੈਨੇਡਾ ਪੁਲਸ 'ਚ ਭਰਤੀ ਹੋ ਗਈ, ਜਿਸ 'ਤੇ ਸਾਨੂੰ ਸਾਰਿਆਂ ਨੂੰ ਬਹੁਤ ਮਾਣ ਹੈ।

# ਅੰਮ੍ਰਿਤਸਰ ਅੰਡਰ 19 ਨੇ 86 ਦੌੜਾਂ ਨਾਲ ਜਿੱਤਿਆ ਕੁਆਰਟਰ ਫਾਈਨਲ

**ਅੰਮ੍ਰਿਤਸਰ 5 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**
ਅੰਮ੍ਰਿਤਸਰ ਅੰਡਰ 19 ਟੀਮ ਨੇ ਕੁਆਰਟਰ ਫਾਈਨਲ ਜਿੱਤ ਕੇ ਪੰਜਾਬ ਰਾਜ ਅੰਤਰ ਜ਼ਿਲ੍ਹਾ ਅੰਡਰ 19 ਟੂਰਨਾਮੈਂਟ ਦੇ ਸੈਮੀਫਾਈਨਲ ਵਿੱਚ ਬਠਿੰਡਾ ਨੂੰ 86 ਦੌੜਾਂ ਨਾਲ ਹਰਾ ਦਿੱਤਾ। ਬਠਿੰਡਾ ਨੇ ਟਾਸ ਜਿੱਤ ਕੇ ਪਹਿਲਾਂ ਫੀਲਡਿੰਗ ਕਰਨ ਦਾ ਫੈਸਲਾ ਕੀਤਾ। ਪਹਿਲਾਂ ਬੱਲੇਬਾਜ਼ੀ ਕਰਦੇ ਹੋਏ ਅੰਮ੍ਰਿਤਸਰ 240 ਦੇ ਸਕੋਰ 'ਤੇ ਆਲ ਆਊਟ ਹੋ ਗਿਆ। ਵਰਿੰਦਰ ਸਿੰਘ ਲੋਹਟ ਨੇ 57 ਦੌੜਾਂ ਬਣਾਈਆਂ। ਲਕਸ਼ੈ ਕਾਂਸਲ ਨੇ 25 ਓਵਰਾਂ ਵਿੱਚ 67 ਦੌੜਾਂ ਦੇ ਕੇ 6 ਵਿਕਟਾਂ ਲਈਆਂ। ਜਵਾਬ 'ਚ ਬਠਿੰਡਾ ਦੀ ਟੀਮ 154 ਦੌੜਾਂ 'ਤੇ ਆਲ ਆਊਟ ਹੋ ਗਈ। ਸੂਰਜ ਨੇ 52 ਦੌੜਾਂ ਦੇ ਕੇ ਵਰੁਣਦੀਪ ਨੇ 64 ਦੌੜਾਂ ਦੇ ਕੇ 7 ਵਿਕਟਾਂ ਅਤੇ ਅਰਸ਼ਦੀਪ ਸਿੰਘ ਨੇ 45 ਦੌੜਾਂ ਦੇ ਕੇ 3 ਵਿਕਟਾਂ ਹਾਸਲ ਕੀਤੀਆਂ। ਸ਼੍ਰੀ ਘਨਸ਼ਾਮ ਥੋਰੀ ਡਿਪਟੀ ਕਮਿਸ਼ਨਰ ਕਮ ਪ੍ਰਧਾਨ ਏ.ਜੀ.ਏ. ਦੀ ਸਰਪ੍ਰਸਤੀ ਹੇਠ, ਸ.ਅਰਸ਼ਦੀਪ ਸਿੰਘ ਲੋਬਾਣਾ ਆਰ.ਟੀ.ਓ., ਅੰਮ੍ਰਿਤਸਰ ਕਮ ਮੀਤ ਪ੍ਰਧਾਨ ਏ.ਜੀ.ਏ. ਅਤੇ ਸ.ਇੰਦਰਜੀਤ ਸਿੰਘ ਬਾਜਵਾ ਹਨੀ.ਸਕੱਤਰ ਏ.ਜੀ.ਏ. ਨੇ ਟੀਮ ਨੂੰ ਆਪਣੀਆਂ ਸ਼ੁਭ ਕਾਮਨਾਵਾਂ ਦਿੱਤੀਆਂ।

# 2,70,000 ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਵਿਜੀਲੈਂਸ ਬਿਊਰੋ ਵੱਲੋਂ ਸਹਾਇਕ ਸਬ-ਇੰਸਪੈਕਟਰ ਖਿਲਾਫ਼ ਭਰਿਸ਼ਟਾਚਾਰ ਦਾ ਕੇਸ ਦਰਜ

**ਚੰਡੀਗੜ੍ਹ, 5 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**
ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਜਾਰੀ ਮੁਹਿੰਮ ਦੌਰਾਨ ਥਾਣਾ ਡਵੀਜ਼ਨ ਨੰਬਰ 5, ਲੁਧਿਆਣਾ ਸ਼ਹਿਰ ਵਿਖੇ ਤਾਇਨਾਤ ਸਹਾਇਕ ਸਬ ਇੰਸਪੈਕਟਰ (ਏ.ਐਸ.ਆਈ.) ਚਰਨਜੀਤ ਸਿੰਘ ਵਿਰੁੱਧ 2,70,000 ਰੁਪਏ ਰਿਸ਼ਵਤ ਮੰਗਣ ਅਤੇ ਹਾਸਲ ਕਰਨ ਦੇ ਦੋਸ਼ ਹੇਠ ਭ੍ਰਿਸ਼ਟਾਚਾਰ ਦਾ ਮੁਕੱਦਮਾ ਦਰਜ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਪੁਲਿਸ ਮੁਲਾਜ਼ਮ ਵਿਰੁੱਧ ਇਹ ਕੇਸ ਲੁਧਿਆਣਾ ਬੱਸ ਸਟੈਂਡ ਨੇੜੇ ਜਵਾਹਰ ਨਗਰ ਕੈਂਪ ਵਿਖੇ ਸਥਿਤ ਤਾਜ ਹੋਟਲ ਦੇ ਮਾਲਕ ਕਮਲਜੀਤ ਅਹੂਜਾ ਵੱਲੋਂ ਮੁੱਖ ਮੰਤਰੀ ਦੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ ਉਪਰ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਆਪਣੀ ਸ਼ਿਕਾਇਤ ਵਿੱਚ ਦੋਸ਼ ਲਾਇਆ ਕਿ ਉਕਤ ਏ.ਐਸ.ਆਈ. ਉਸਦੇ ਪਰਿਵਾਰਕ ਮੈਂਬਰਾਂ ਵਿਰੁੱਧ ਡਵੀਜ਼ਨ ਨੰਬਰ 5 ਥਾਣੇ ਵਿੱਚ ਦਰਜ ਇੱਕ ਕੇਸ ਵਿੱਚ ਆਈ.ਪੀ.ਸੀ. ਦੀ ਧਾਰਾ 307, 379-ਬੀ ਜੋੜਨ ਦੀਆਂ ਧਮਕੀਆਂ ਦੇ ਕੇ ਉਸ ਤੋਂ ਪਹਿਲਾਂ ਹੀ 2,70,000 ਰੁਪਏ ਰਿਸ਼ਵਤ ਵਜੋਂ ਵਸੂਲ ਚੁੱਕਿਆ ਹੈ ਅਤੇ ਹੁਣ ਹੋਰ ਰਿਸ਼ਵਤ ਮੰਗ ਰਿਹਾ ਹੈ। ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਸ਼ਿਕਾਇਤ ਦੀ ਪੜਤਾਲ ਦੌਰਾਨ ਸ਼ਿਕਾਇਤਕਰਤਾ ਵੱਲੋਂ ਲਾਏ ਗਏ ਦੋਸ਼ ਸਹੀ ਪਾਏ ਗਏ, ਜਿਸ ਸਬੰਧੀ ਸ਼ਿਕਾਇਤਕਰਤਾ ਨੇ ਸਬੂਤ ਵਜੋਂ ਏ.ਐਸ.ਆਈ. ਚਰਨਜੀਤ ਸਿੰਘ ਅਤੇ ਉਸ (ਸ਼ਿਕਾਇਤਕਰਤਾ) ਦਰਮਿਆਨ ਹੋਈ ਗੱਲਬਾਤ ਦੀ ਰਿਕਾਰਡਿੰਗ ਵੀ ਪੇਸ਼ ਕੀਤੀ ਹੈ। ਮੁੱਢਲੀ ਜਾਂਚ ਦੌਰਾਨ ਇਹ ਗੱਲ ਸਾਬਤ ਹੋਈ ਕਿ ਏ.ਐਸ.ਆਈ. ਚਰਨਜੀਤ ਸਿੰਘ ਵੱਲੋਂ ਇਸ ਥਾਣੇ ਦੇ ਐਸ.ਐਚ.ਓ. ਦੇ ਨਾਂ 'ਤੇ 2,70,000 ਰੁਪਏ ਦੀ ਰਿਸ਼ਵਤ ਲਈ ਗਈ ਸੀ ਅਤੇ ਉਹ ਸ਼ਿਕਾਇਤਕਰਤਾ ਨੂੰ ਬਿਨਾਂ ਕਿਸੇ ਪ੍ਰੇਸ਼ਾਨੀ ਦੇ ਉਸਦਾ ਹੋਟਲ ਚਲਾਉਣ ਬਦਲੇ 2 ਲੱਖ ਰੁਪਏ ਪ੍ਰਤੀ ਮਹੀਨਾ ਰਿਸ਼ਵਤ ਦੇਣ ਲਈ ਵੀ ਕਹਿ ਰਿਹਾ ਸੀ।

ਉਨ੍ਹਾਂ ਦੱਸਿਆ ਕਿ ਇਸ ਜਾਂਚ ਰਿਪੋਰਟ ਦੇ ਆਧਾਰ 'ਤੇ ਉਕਤ ਏ.ਐਸ.ਆਈ. ਚਰਨਜੀਤ ਸਿੰਘ ਖਿਲਾਫ ਵਿਜੀਲੈਂਸ ਬਿਊਰੋ ਦੇ ਥਾਣਾ ਲੁਧਿਆਣਾ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਮੁਲਜ਼ਮ ਨੂੰ ਗ੍ਰਿਫਤਾਰ ਕਰਨ ਲਈ ਯਤਨ ਕੀਤੇ ਜਾ ਰਹੇ ਹਨ ਕਿਉਂਕਿ ਉਹ ਵਾਰ-ਵਾਰ ਨੋਟਿਸ ਜਾਰੀ ਕਰਨ ਦੇ ਬਾਵਜੂਦ ਵੀ ਜਾਂਚ ਵਿੱਚ ਸ਼ਾਮਲ ਨਹੀਂ ਹੋਇਆ ਅਤੇ ਆਪਣੀ ਡਿਊਟੀ ਤੋਂ ਵੀ ਗੈਰ-ਹਾਜ਼ਰ ਚੱਲ ਰਿਹਾ ਹੈ।

ਬੁਲਾਰੇ ਨੇ ਦੱਸਿਆ ਕਿ ਜਾਂਚ ਦੌਰਾਨ ਇਸ ਕੇਸ ਵਿੱਚ ਉਕਤ ਐਸ.ਐਚ.ਓ. ਅਤੇ ਹੋਰ ਮੁਲਾਜ਼ਮਾਂ ਦੀ ਭੂਮਿਕਾ ਦੀ ਜਾਂਚ ਕੀਤੀ ਜਾਵੇਗੀ।

## ਸੰਪਾਦਕੀ

# ਨੀਟ ਘਪਲਾ ਅਤੇ ਸਿੱਖਿਆ ਸਨਅਤ ਦੀਆਂ ਅਲਾਮਤਾਂ

ਨੌਜਵਾਨਾਂ ਦੇ ਜੀਵਨ ਪੰਧ ਦਾ ਖ਼ਾਕਾ ਘੜਨ ਵਾਲੇ ਨੀਟ (ਕੌਮੀ ਯੋਗਤਾ ਤੇ ਦਾਖ਼ਲਾ ਟੈੱਸਟ) ਅਤੇ ਨੈੱਟ (ਕੌਮੀ ਯੋਗਤਾ ਟੈੱਸਟ) ਜਿਹੇ ਇਕਸਾਰ ਟੈੱਸਟਾਂ ਵਿੱਚ ਹੋਏ ਘਪਲਿਆਂ ਬਾਰੇ ਕਾਫ਼ੀ ਕੁਝ ਆਖਿਆ ਤੇ ਲਿਖਿਆ ਜਾ ਚੁੱਕਿਆ ਹੈ। ਕੌਮੀ ਟੈਸਟਿੰਗ ਅਥਾਰਿਟੀ (ਐੱਨਟੀਏ) ਦੇ ਕਾਰਵਿਹਾਰ ਖਿ ?ਲਾਫ਼ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਦੇ ਰੋਹ ਅਤੇ ਸਿਆਸੀ ਪਾਰਟੀਆਂ ਦੇ ਪ੍ਰਦਰਸ਼ਨਾਂ ਤੋਂ ਸੰਕੇਤ ਮਿਲਦਾ ਹੈ ਕਿ ਇਨ੍ਹਾਂ ਟੈੱਸਟਾਂ ਨੇ ਕਿਵੇਂ ਦੇਸ਼ ਦੇ ਸਿੱਖਿਆ ਧਰਾਤਲ ਦੀ ਕੇਂਦਰੀ ਸਪੇਸ ’ਤੇ ਕਬਜ਼ਾ ਕਰ ਲਿਆ ਹੈ। ਫਿਰ ਵੀ ਇਸ ਸਾਰੇ ਰੌਲੇ ਰੱਪੇ ਦੇ ਬਾਵਜੂਦ ਜਿਸ ਗੱਲ ਦੀ ਕਮੀ ਰੜਕ ਰਹੀ ਹੈ, ਉਹ ਹੈ ਇਸ ਕਿਸਮ ਦੇ ਟੈੱਸਟਾਂ ਦੇ ਮੂਲ ਤਰਕ ’ਤੇ ਕਿੰਤੂ ਕਰਨ ਅਤੇ ਇਹ ਸੋਚ ਵਿਚਾਰ ਕਰਨ ਦੀ ਹਿੰਮਤ ਕਿ ਇਸ ਦੇ ਨਾਲੋ-ਨਾਲ ਕੋਚਿੰਗ ਸਨਅਤ ਦੇ ਵਿਕਾਸ ਨੇ ਸਾਡੇ ਯੁਵਾ ਮਨਾਂ ਦੇ ਮਾਨਸਿਕ, ਸੱਭਿਆਚਾਰਕ ਅਤੇ ਸੁਹਜਮਈ ਵਿਕਾਸ ਨੂੰ ਕਿੰਨੀ ਵੱਡੀ ਸੱਟ ਮਾਰੀ ਹੈ। ਮੱਤ ਭੁੱਲੋ ਕਿ ਦੌਲਤ ਬਣਾਉਣ ਦਾ ਇਹ ਮਹਾ ਕਾਰੋਬਾਰ ਬੇਚੈਨੀ ਵਿੱਚ ਗ੍ਰਸੇ ਮਾਪਿਆਂ ਨੂੰ ਇਸ ਵਾਅਦੇ ਨਾਲ ਫੁਸਲਾਉਂਦਾ ਰਹਿੰਦਾ ਹੈ ਕਿ ਉਨ੍ਹਾਂ ਦੇ ਬੱਚਿਆਂ ਨੂੰ ਇੱਕ ਦਿਸ਼ਾਵੀ ‘ਪ੍ਰੀਖਿਆ ਯੋਧਾ’ ਬਣਾ ਕੇ ਇਨ੍ਹਾਂ ਟੈਸਟਾਂ ਨੂੰ ਪਾਸ ਕਰਨ ਦਾ ‘ਗੁਰਮੰਤਰ’ ਦੇ ਦਿੱਤਾ ਜਾਵੇਗਾ ਤਾਂ ਕਿ ਉਹ ਇੱਕ ਦੂਜੇ ਨਾਲ ਹੋੜ ਵਿੱਚ ਪਏ ਸਮਾਜ ਅੰਦਰ ਡਾਕਟਰ ਜਾਂ ਇੰਜਨੀਅਰ ਬਣ ਕੇ ਲਾਹੇਵੰਦ ਪੈਕੇਜ ਹਾਸਿਲ ਕਰ ਕੇ ‘ਸਫਲ’ ਅਖਵਾ ਸਕੇ।

ਅਜੇ ਵੀ ਸਮਾਂ ਹੈ ਕਿ ਅਸੀਂ ਇਸ ਤੱਥ ਨੂੰ ਸਵੀਕਾਰ ਕਰ ਲਈਏ ਕਿ ਬਹੁ-ਚੋਣੀ ਪ੍ਰਸ਼ਨ (ਐੱਮਸੀਕਿਊ) ਕੇਂਦਰਿਤ ਇਕਸਾਰ ਟੈੱਸਟ ਕਿਸੇ ਵਿਦਿਆਰਥੀ ਦੀ ਅਕਾਦਮਿਕ ਗਹਿਰਾਈ, ਗਹਿਨ ਸੋਚ ਅਤੇ ਰਚਨਾਕਾਰੀ ਕਲਪਨਾ ਦਾ ਮੁਲਾਂਕਣ ਨਹੀਂ ਕਰ ਸਕਦੇ। ਅਧਿਆਪਨ ਅਤੇ ਖੋਜ ਨਾਲ ਵਾਹ ਰੱਖਣ ਵਾਲਾ ਕੋਈ ਵੀ ਸੂਝਵਾਨ ਵਿਦਵਾਨ ਇਸ ਗੱਲ ’ਤੇ ਸਹਿਮਤ ਹੋਵੇਗਾ ਕਿ ਕਿਸੇ ਵਿਅਕਤੀ ਦੀ ਅਕਾਦਮਿਕ ਰੁਚੀ ਅਤੇ ਚਾਰ ਪੰਜ ਆਪਸ਼ਨਾਂ ’ਚੋਂ ਕੋਈ ‘ਸਹੀ ਉੱਤਰ’ ਲੱਭਣ ਅਤੇ ਓਐੱਮਆਰ ਸ਼ੀਟ ਵਿੱਚ ਝਟਪਟ ਸਹੀ ਪਾਉਣ ਦੀ ਯੋਗਤਾ ਵਿਚਕਾਰ ਨਾਤਾ ਹੋਣਾ ਜ਼ਰੂਰੀ ਨਹੀਂ ਹੁੰਦਾ। ਕਿਸੇ ਮੁੱਦੇ ਦੀ ਘੋਖ ਕਰਨ ਜਾਂ ਭੰਬਲਭੂਸਿਆਂ ਨੂੰ ਪ੍ਰਵਾਨ ਕਰਨ ਤੇ ਨਵੇਂ ਸੁਆਲ ਖੜ੍ਹੇ ਕਰਨ ਲਈ ਕਿਸੇ ਅਕਾਦਮਿਕ ਗਿਆਨ ਜਾਂ ਰਚਨਾਤਮਿਕ ਗਹਿਰੀ ਸੋਚ ਨੂੰ ਵਕਤ ਦਰਕਾਰ ਹੁੰਦਾ ਹੈ ਜਦਕਿ ਐੱਮਸੀਕਿਊ ਕੇਂਦਰਿਤ ਇਕਸਾਰ ਟੈੱਸਟ ਰੱਟਾ ਗਿਆਨ ਜਾਂ ਬਿਨਾਂ ਸੋਚ ਵਿਚਾਰ ਤੋਂ ਸਹੀ ਉੱਤਰ ਤਲਾਸ਼ ਕਰਨ ਦੀ ਕਿਸੇ ਤਰਕੀਬ ਨੂੰ ਆਤਮਸਾਤ ਕਰਨ ਦੀ ਮੰਗ ਕਰਦੇ ਹਨ।

ਦਰਅਸਲ, ਇਸ ਲਈ ਹਰ ਤਰ੍ਹਾਂ ਦੇ ਮੌਕ ਟੈੱਸਟਾਂ ਰਾਹੀਂ ਐੱਮਸੀਕਿਊਜ਼ ਦੀਆਂ ਅਮੁੱਕ ਲੜੀਆਂ ਨੂੰ ਹੱਲ ਕਰਨ ਲਈ ਬੇਤਹਾਸ਼ਾ ਅਭਿਆਸ ਜਾਂ ਮਕਾਨਕੀ ਰੁਟੀਨ ਦੀ ਲੋੜ ਪੈਂਦੀ ਹੈ। ਅਕਾਦਮਿਕ ਗਿਆਨ ਜਾਂ ਰਚਨਾਤਮਿਕ ਸੋਚ ਲਈ ਮਹਾਨ ਅਧਿਆਪਕਾਂ ਅਤੇ ਮੁਰਸ਼ਦਾਂ ਦੀ ਸੰਗਤ ਮਾਣਨ ਦੀ ਲੋੜ ਹੁੰਦੀ ਹੈ ਜਦੋਂ ਕਿ ਇਕਸਾਰ ਟੈੱਸਟਾਂ ਲਈ ਕੋਚਿੰਗ ਰਣਨੀਤੀਕਾਰਾਂ ਦੀ ਲੋੜ ਪੈਂਦੀ ਹੈ। ਮਿਸਾਲ ਦੇ ਤੌਰ ’ਤੇ ਨੀਟ ਜਿਹੀ ਪ੍ਰੀਖਿਆ ’ਤੇ ਗ਼ੌਰ ਕਰੋ। ਕੀ ਇਹ ਵਾਕਈ ਮੁਲਾਂਕਣ ਕਰਦੀ ਹੈ ਕਿ ਕਿਸੇ ਨੌਜਵਾਨ ਪ੍ਰੀਖਿਆਰਥੀ ਅੰਦਰ ਮੈਡੀਕਲ ਵਿਗਿਆਨ ਵਿੱਚ ਕਰੀਅਰ ਬਣਾਉਣ ਜਾਂ ਡਾਕਟਰ ਬਣਨ ਦੀ ਰੁਚੀ/ਝੁਕਾਅ ਹੈ ? ਡਾਕਟਰ ਬਣਨ ਲਈ ਸ਼ਾਇਦ ਦੇਖਣ ਪੜਤਾਲਣ ਦੀ ਗਹਿਰੀ ਸ਼ਕਤੀ, ਮਰੀਜ਼ ਦੇ ਸਰੀਰਕ ਹੀ ਨਹੀਂ ਸਗੋਂ ਮਾਨਸਿਕ ਅਤੇ ਹੋਂਦ ਦੀ ਅਵਸਥਾ ਦੇ ਲੱਛਣਾਂ ਤੱਕ ਪਹੁੰਚਣ ਦੇ ਸੂਖਮ ਫ਼ਨ ਅਤੇ ਸਭ ਤੋਂ ਵੱਧ, ਮੈਡੀਕਲ ਸ਼ਾਸਤਰ ਵਿੱਚ ਗਿਆਨ ਦੇ ਨਵੇਂ ਦਿਸਹੱਦਿਆਂ ਨੂੰ ਤਲਾਸ਼ ਕਰਨ ਦੇ ਗੁਣ ਹੋਣੇ ਜ਼ਰੂਰੀ ਹੁੰਦੇ ਹਨ ਪਰ ਨੀਟ ਜਿਹੇ ਕਿਸੇ ਇੱਕ ਟੈੱਸਟ ਵਿੱਚ ਭੌਤਿਕ ਵਿਗਿਆਨ, ਰਸਾਇਣ ਵਿਗਿਆਨ ਅਤੇ ਜੀਵ ਵਿਗਿਆਨ ਦੇ 180 ਪ੍ਰਸ਼ਨਾਂ ਦੇ ਸੈੱਟ ਨੂੰ ਹੱਲ ਕਰਨ ਲਈ 200 ਮਿੰਟ ਮਿਲਦੇ ਹਨ ਜਿਸ ਦਾ ਕਿਸੇ ਸੰਭਾਵੀ ਡਾਕਟਰ ਦੀਆਂ ਖ਼ੂਬੀਆਂ ਨਾਲ ਕੋਈ ਸਬੰਧ ਨਹੀਂ ਹੁੰਦਾ। ਇਹ ਇੱਕ ਇਸ ਕਿਸਮ ਦੀ ਲਾਟਰੀ ਹੈ ਜੋ ਮੈਡੀਕਲ ਕਿੱਤੇ ਲਈ ਸਹੀ ਕਿਸਮ ਦੇ ਨੌਜਵਾਨਾਂ ਦੀ ਤਲਾਸ਼ ਕਰਨ ਦੀ ਬਜਾਇ ਝਟਪਟ ਹੀ ਲੱਖਾਂ ਯੁਵਾ ਚਾਹਵਾਨਾਂ ਨੂੰ ਨਕਾਰ ਦਿੰਦੀ ਹੈ।

ਇਸੇ ਤਰ੍ਹਾਂ ਨੀਟ ਜਿਹੀ ਕੋਈ ਪ੍ਰੀਖਿਆ ਬਹੁਤ ਹੀ ਥੋਥੀ ਹੁੰਦੀ ਹੈ ਅਤੇ ਇਹ ਕਿਸੇ ਵੀ ਲਿਹਾਜ਼ ਤੋਂ ਕੁਦਰਤੀ ਵਿਗਿਆਨਾਂ ਤੇ ਮਾਨਵ ਵਿਗਿਆਨਾਂ ਜਿਹੀਆਂ ਬੁਨਿਆਦੀ ਗਿਆਨ ਪ੍ਰਣਾਲੀਆਂ ਵਿੱਚ ਕਿਸੇ ਦੀ ਖੋਜ ਪ੍ਰਵਿਰਤੀ ਜਾਂ ਅਧਿਆਪਨ ਯੋਗਤਾਵਾਂ ਜਾਂ ਦ੍ਰਿਸ਼ਟੀਆਂ ਦਾ ਮੁਲਾਂਕਣ ਕਰਨ ਦੇ ਸਮੱਰਥ ਨਹੀਂ ਹੁੰਦੀ। ਮਿਸਾਲ ਦੇ ਤੌਰ ’ਤੇ ਜੇ ਇਸ ਦੀ ਐੱਮਸੀਕਿਊ ਫਿਤਰਤ ਕਰ ਕੇ ਤੁਹਾਨੂੰ ਕੋਈ ਖ਼ਾਸ ਪਰਿਭਾਸ਼ਾ, ਕਿਸੇ ਇਤਿਹਾਸਕ ਘਟਨਾ ਦੀ ਤਰੀਕ ਜਾਂ ਇਵੇਂ ਹੀ ਸਮਾਜ ਸ਼ਾਸਤਰੀ ਮੈਕਸ ਵੈੱਬਰ ਦੀ ਕਿਤਾਬ ‘ਦਿ ਪ੍ਰੋਟੈਸਟੈਂਟ ਐਥਿਕਸ ਐਂਡ ਦਿ ਸਪਿਰਟ ਆਫ ਕੈਪੀਟਲਿਜ਼ਮ’ ਦੇ ਪ੍ਰਕਾਸ਼ਨ ਸਾਲ ਦਾ ਘੋਟਾ ਲਾਉਣਾ ਪੈਂਦਾ ਹੈ ਤਾਂ ਇਸ ਤੋਂ ਇਹ ਹਰਗਿਜ਼ ਪਤਾ ਨਹੀਂ ਲੱਗਦਾ ਕਿ ਤੁਸੀਂ ਸਮਾਜ ਸ਼ਾਸਤਰ ਦੇ ਕਿਸੇ ਗੰਭੀਰ ਖਰੜੇ ਦਾ ਅਧਿਐਨ ਕੀਤਾ ਹੈ, ਗਹਿਰੀਆਂ ਦਾਰਸ਼ਨਿਕ ਬਹਿਸਾਂ ਨੂੰ ਸਮਝਿਆ ਹੈ ਜਾਂ ਤੁਸੀਂ ਆਪਣੀਆਂ ਅਧਿਆਪਨ ਵਿਧੀਆਂ ਵਿੱਚ ਨਵੀਆਂ ਖੋਜ ਲੱਭਤਾਂ ਸਾਹਮਣੇ ਲਿਆਂਦੀਆਂ ਹਨ। ਤਰਾਸਦੀ ਇਹ ਹੈ ਕਿ ਐੱਨਟੀਏ ਜਿਹੀ ਮਸ਼ੀਨ ਕੋਲ ਕੋਈ ਰਚਨਾਤਮਿਕ ਸਰਪਲੱਸ ਹੀ ਨਹੀਂ ਹੈ; ਇਹ ਸਿਰਫ਼ ਸਾਰੇ ਤੱਥਮੂਲਕ/ਵਸਤੂਗਤ ਪ੍ਰਸ਼ਨ ਹੀ ਘੜ ਸਕਦੀ ਹੈ ਜਿਸ ਦਾ ਇੱਕੋ-ਇੱਕ ਸਹੀ ਉੱਤਰ ਹੁੰਦਾ ਹੈ ਤਾਂ ਕਿ ਬਾਕੀਆਂ ਨੂੰ ਝਟਪਟ ਨਕਾਰਨ ਦੇ ਔਜ਼ਾਰ ਦਾ ਇਸਤੇਮਾਲ ਹੋ ਸਕੇ।

ਇਸ ਤਰ੍ਹਾਂ ਦੇ ਇਕਸਾਰ ਟੈੱਸਟਾਂ ਨੂੰ ਪ੍ਰਵਾਨਿਤ ਅਤੇ ਪਾਵਨ ਕਰਾਰ ਦੇਣ ਦੇ ਆਹਰ ਵਿੱਚ ਅਸੀਂ ਪ੍ਰੇਸ਼ਾਨ, ਬੇਚੈਨ ਅਤੇ ਨਾਖੁਸ਼ ਬੱਚਿਆਂ ਦੀ ਪੀੜ੍ਹੀ ਪੈਦਾ ਕਰ ਰਹੇ ਹਾਂ। ਉਨ੍ਹਾਂ ਨੂੰ ਗਿਆਨ ਹਾਸਿਲ ਕਰਨ ਜਾਂ ਰਚਨਾਤਮਿਕ ਪ੍ਰਯੋਗ ਕਰਨ ਵਿੱਚ ਰੱਤੀ ਭਰ ਵੀ ਚਾਅ ਨਹੀਂ ਸਗੋਂ ਉਨ੍ਹਾਂ ਦੀ ਸ਼ਖ਼ਸੀਅਤਸਾਜ਼ੀ ਦੇ ਮੁੱਢਲੇ ਸਾਲਾਂ ਦਾ ਕਾਫ਼ੀ ਹਿੱਸਾ ਕੋਚਿੰਗ ਕੇਂਦਰਾਂ ਦੇ ਚੱਕਰ ਕੱਟਣ ਅਤੇ ਇਹ ਟੈੱਸਟ ਪਾਸ ਕਰਨ ਦੇ ਦਾਅਪੇਚ ਸਿੱਖਣ ਵਿੱਚ ਖਰਚ ਹੋ ਜਾਂਦਾ ਹੈ ਜਦੋਂਕਿ ਅਕਾਦਮਿਕ ਅਤੇ ਦਾਰਸ਼ਨਿਕ ਗਹਿਰਾਈ ਗੁਆ ਬੈਠਦੇ ਹਨ। ਭੌਤਿਕ ਵਿਗਿਆਨ ਉਹੀ ਹੈ ਜੋ ਕੋਟਾ ਫੈਕਟਰੀ ਸਿੱਖਣਯੋਗ ਗਿਣਦੀ ਹੈ; ਜਾਂ ਇਵੇਂ ਹੀ ਇਤਿਹਾਸ ਉਹੀ ਹੈ ਜਿਸ ਨੂੰ ਫੈਂਸੀ ਆਈਏਐੱਸ ਕੋਚਿੰਗ ਕੇਂਦਰ ‘ਬੇਸ਼ਕੀਮਤੀ’ ਤਸਲੀਮ ਕਰਦੇ ਹਨ। ਇਹ ਸੰਦੇਹਪੂਰਨ ਹੈ ਕਿ ਕੀ ਸਿੱਖਿਆ ਪ੍ਰਤੀ ਇਸ ਤਰ੍ਹਾਂ ਦੀ ਪ੍ਰਵਿਰਤੀ ਵਾਕਈ ਚੰਗੇ ਡਾਕਟਰ, ਜ਼ਹੀਨ ਇੰਜਨੀਅਰ ਜਾਂ ਮਹਾਨ ਅਧਿਆਪਕ/ਖੋਜੀ ਪੈਦਾ ਕਰ ਸਕਦੀ ਹੈ। ਇਹ ਟੈੱਸਟ ਨਾਕਾਮੀ ਦੀਆਂ ਕਹਾਣੀਆਂ ਤਾਂ ਘੜਦੇ ਹੀ ਹਨ, ਫਿਰ ਇਨ੍ਹਾਂ ਦੀਆਂ ‘ਸਫਲਤਾ ਦੀਆਂ ਕਹਾਣੀਆਂ’ ਕਿਸੇ ਵੀ ਲਿਹਾਜ਼ ਤੋਂ ਪ੍ਰੇਰਨਾਦਾਇਕ ਨਹੀਂ ਹੁੰਦੀਆਂ। ਇੰਝ, 1 ਲੱਖ ਕਰੋੜ ਰੁਪਏ ਦੇ ਕਾਰੋਬਾਰ ਦੀ ਇਸ ਕੋਚਿੰਗ ਸਨਅਤ ਦੇ ਧੁਰ ਅੰਦਰ ਭ੍ਰਿਸ਼ਟਾਚਾਰ ਅਤੇ ਘਾਲੇ-ਮਾਲੇ ਰਚੇ ਮਿਚੇ ਹੁੰਦੇ ਹਨ।

ਅਮੂਮਨ ਇਹ ਸਵਾਲ ਪੁੱਛਿਆ ਜਾਂਦਾ ਹੈ: ਕੀ ਇਸ ਦਾ ਕੋਈ ਬਦਲ ਹੈ, ਖ਼ਾਸਕਰ ਉਦੋਂ ਜਦੋਂ ਲੱਖਾਂ ਵਿਦਿਆਰਥੀ ਡਾਕਟਰ, ਇੰਜਨੀਅਰ, ਆਈਏਐੱਸ ਅਫਸਰ ਯੂਨੀਵਰਸਿਟੀ ਅਧਿਆਪਕ ਬਣਨਾ ਚਾਹੁੰਦੇ ਹੋਣ ? ਜਾਂ ਲੋਕਾਂ ਨੂੰ ਨਕਾਰਨ ਦਾ ਕੋਈ ਹੋਰ ਢੰਗ ਉਪਲਬਧ ਹੈ ? ਨੀਟ ਅਤੇ ਨੈੱਟ ਜਿਹੇ ਯੋਗਤਾ ਟੈੱਸਟਾਂ ਦਾ ਬਦਲ ਤਦ ਹੀ ਵਿਕਸਤ ਹੋ ਸਕਦਾ ਹੈ ਜੇ ਅਸੀਂ ਇਮਾਨਦਾਰੀ ਅਤੇ ਦਲੇਰੀ ਨਾਲ ਇਹ ਅਹਿਸਾਸ ਕਰੀਏ ਕਿ ਜੋ ਕੁਝ ਚੱਲ ਰਿਹਾ ਹੈ, ਉਹ ਗ਼ਲਤ ਹੈ। ਤਦ ਹੀ ਅਸੀਂ ਇੱਕ ਦੇਸ਼, ਇੱਕ ਪ੍ਰੀਖਿਆ ਜਿਹੇ ਵਿਚਾਰ ’ਤੇ ਕਿੰਤੂ ਕਰਨ ਅਤੇ ਚੋਣ ਕਰਨ ਦੇ ਵਿਕੇਂਦਰਿਤ ਪ੍ਰਕਿਰਿਆ ਅਪਣਾਉਣ ਜਾਂ ਕਾਲਜਾਂ, ਯੂਨੀਵਰਸਿਟੀਆਂ, ਅਕਾਦਮਿਕ ਸੰਸਥਾਵਾਂ ਨੂੰ ਆਪੋ-ਆਪਣੇ ਵਿਚਾਰਸ਼ੀਲ, ਕਲਪਨਾਸ਼ੀਲ ਖੋਜ ਮੁਖੀ ਪ੍ਰੀਖਿਆ ਜਾਂ ਦਾਖ਼ਲਾ ਟੈੱਸਟ ਲੈਣ ਵਿਉਂਤਣ ਦੇ ਤੌਰ-ਤਰੀਕੇ ਈਜਾਦ ਕਰਨ ਦੀ ਨਿਸਬਤਨ ਖ਼ੁਦਮੁਖ਼ਤਾਰੀ ਦੇਣ ਬਾਰੇ ਸੋਚਣ ਦੀ ਹਿੰਮਤ ਜੁਟਾ ਸਕਦੇ ਹਾਂ। ਇਹੀ ਇਕਮਾਤਰ ਰਾਹ ਹੈ ਜਿਸ ’ਤੇ ਚੱਲ ਕੇ ਅਸੀਂ ਕੋਚਿੰਗ ਕੇਂਦਰਾਂ ਨੂੰ ਗ਼ੈਰ-ਪ੍ਰਸੰਗਕ ਬਣਾ ਸਕਦੇ ਹਾਂ ਅਤੇ ਗਿਆਨ ਦੇ ਸੱਭਿਆਚਾਰ ਵਿੱਚ ਕੁਝ ਹੱਦ ਤੱਕ ਦਿਆਨਤਦਾਰੀ ਪੈਦਾ ਕਰ ਸਕਦੇ ਹਾਂ। ਕੀ ਐੱਨਟੀਏ ਦੇ ਟੈਕਨੋ ਮੈਨੇਜਰ ਇਸ ਮੂਲ ਸੱਚ ਨੂੰ ਸਮਝਣ ਦੇ ਸਮੱਰਥ ਹਨ ?

# ਖੇਤੀ ਨੀਤੀਆਂ ਵਿੱਚ ਤਬਦੀਲੀ ਦੀ ਜ਼ਰੂਰਤ

**ਡਾ. ਗਿਆਨ ਸਿੰਘ**



ਕੇਂਦਰੀ ਸੂਚਨਾ ਤੇ ਪ੍ਰਸਾਰਨ ਮੰਤਰੀ ਅਸ਼ਵਨੀ ਵੈਸ਼ਨਵ ਨੇ 19 ਜੂਨ 2024 ਨੂੰ ਕਿਹਾ ਹੈ ਕਿ ਕੇਂਦਰੀ ਕੈਬਨਿਟ ਨੇ ਖੇਤੀਬਾੜੀ ਲਾਗਤਾਂ ਅਤੇ ਕੀਮਤਾਂ ਕਮਿਸ਼ਨ (ਸੀਏਸੀਪੀ) ਦੀਆਂ ਸਿਫ਼ਾਰਸ਼ਾਂ ਦੇ ਆਧਾਰ ਉੱਤੇ ਸਾਉਣੀ ਦੀਆਂ 14 ਖੇਤੀਬਾੜੀ ਜਿਨਸਾਂ ਲਈ ਘੱਟੋ-ਘੱਟ ਸਮਰਥਨ ਕੀਮਤਾਂ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਸਾਉਣੀ ਮਾਰਕੀਟਿੰਗ ਸੀਜ਼ਨ 2024-25 ਲਈ ਸਾਉਣੀ ਦੀ ਮੁੱਖ ਖੇਤੀਬਾੜੀ ਜਿਨਸ ਝੋਨੇ ਦੀ ਘੱਟੋ-ਘੱਟ ਸਮਰਥਨ ਕੀਮਤ ਵਿੱਚ ਕੀਤੇ ਵਾਧੇ ਬਾਰੇ ਨੁਕਤਾਚੀਨੀ ਹੋਈ ਹੈ।

ਭਾਰਤ ਵਿੱਚ ਖੇਤੀਬਾੜੀ ਕੀਮਤ ਨੀਤੀ ਦੀ ਸ਼ੁਰੂਆਤ ਦੂਜੇ ਸੰਸਾਰ ਯੁੱਧ ਦੌਰਾਨ ਹੋ ਗਈ ਸੀ ਜਦੋਂ ਤਤਕਾਲੀ ਬ੍ਰਿਟਿਸ਼ ਸਰਕਾਰ ਨੇ ਅਨਾਜ ਪਦਾਰਥਾਂ ਦੀ ਭਾਰੀ ਥੁੜ੍ਹ ਕਾਰਨ ਤੇਜ਼ੀ ਨਾਲ ਵਧ ਰਹੀਆਂ ਕੀਮਤਾਂ ਤੋਂ ਖਪਤਕਾਰਾਂ ਨੂੰ ਰਾਹਤ ਦੇਣ ਲਈ ਕੁਝ ਮੁੱਖ ਖੇਤੀ ਜਿਨਸਾਂ ਦੀਆਂ ਵੱਧ ਤੋਂ ਵੱਧ ਕੀਮਤਾਂ ਤੈਅ ਕੀਤੀਆਂ ਤੇ ਕਿਸਾਨਾਂ ਦੇ ਹਿੱਤਾਂ ਦਾ ਖਿਆਲ ਰੱਖਦਿਆਂ ਕੁਝ ਜਿਨਸਾਂ ਦੀਆਂ ਘੱਟੋ-ਘੱਟ ਕੀਮਤਾਂ ਵੀ ਤੈਅ ਕੀਤੀਆਂ। ਦੂਜੇ ਸੰਸਾਰ ਯੁੱਧ ਤੋਂ ਬਾਅਦ ਵੀ ਭਾਰਤ ’ਚ ਅਨਾਜ ਥੁੜ੍ਹ ਜਾਰੀ ਰਹੀ। ਮੁਲਕ ਆਜ਼ਾਦ ਹੋਣ ਪਿੱਛੋਂ 1950 ’ਚ ਕੇਂਦਰ ਸਰਕਾਰ ਨੇ ਯੋਜਨਾ ਕਮਿਸ਼ਨ ਬਣਾਇਆ ਜਿਸ ਨੇ 1951 ਤੋਂ ਪੰਜ ਸਾਲਾ ਯੋਜਨਾਵਾਂ ਸ਼ੁਰੂ ਕੀਤੀਆਂ। ਪਹਿਲੀ ਪੰਜ ਸਾਲਾ ਯੋਜਨਾ (1951-56) ਦੌਰਾਨ ਮੁੱਖ ਤਰਜੀਹ ਖੇਤੀ ਵਿਕਾਸ ਨੂੰ ਦਿੱਤੀ ਗਈ ਜਿਸ ਸਦਕਾ ਮੁਲਕ ਵਿੱਚ ਅਨਾਜ ਪਦਾਰਥਾਂ ਦੀ ਥੁੜ੍ਹ ਉੱਤੇ ਕਾਬੂ ਪਾਇਆ ਜਾ ਸਕਿਆ। ਦੂਜੀ ਪੰਜ ਸਾਲਾ ਯੋਜਨਾ (1956-61) ਦੌਰਾਨ ਮੁੱਖ ਤਰਜੀਹ ਉਦਯੋਗਿਕ ਵਿਕਾਸ ਨੂੰ ਦਿੱਤੀ। ਇਸ ਸਮੇਂ ਦੌਰਾਨ ਮੁਲਕ ਵਿੱਚ ਮੁੜ ਤੋਂ ਅਨਾਜ ਪਦਾਰਥਾਂ ਦੀ ਥੁੜ੍ਹ ਸਾਹਮਣੇ ਆਈ। 1962-64 ਦੌਰਾਨ ਮੁਲਕ ਦੇ ਕਈ ਹਿੱਸਿਆਂ ਵਿੱਚ ਪਏ ਸੋਕੇ ਕਾਰਨ ਮੁਲਕ ਵਿੱਚ ਅਨਾਜ ਪਦਾਰਥਾਂ ਦੀ ਥੁੜ੍ਹ ਨੇ ਭਿਆਨਕ ਰੂਪ ਧਾਰਨ ਕਰ ਲਿਆ।

ਅਨਾਜ ਦੀ ਥੁੜ੍ਹ ਉੱਤੇ ਕਾਬੂ ਪਾਉਣ ਲਈ ਸਰਕਾਰ ਨੇ ਅਮਰੀਕਾ ਤੋਂ ਪੀਐੱਲ 480 ਅਧੀਨ ਅਨਾਜ ਮੰਗਵਾਇਆ ਜਿਸ ਦੀ ਮੁਲਕ ਨੂੰ ਭਾਰੀ ਕੀਮਤ ਦੇਣੀ ਪਈ। ਸਰਕਾਰ ਨੇ ਖੇਤੀ ਜਿਨਸਾਂ ਦੀ ਉਤਪਾਦਕਤਾ ਅਤੇ ਉਤਪਾਦਨ ਵਧਾਉਣ ਲਈ ‘ਖੇਤੀਬਾੜੀ ਦੀ ਨਵੀਂ ਜੁਗਤ’ ਅਪਣਾਉਣ ਦਾ ਫ਼ੈਸਲਾ ਕੀਤਾ। ਇਹ ਜੁਗਤ ਵੱਧ ਝਾੜ ਦੇਣ ਵਾਲ਼ੇ ਬੀਜਾਂ, ਯਕੀਨੀ ਸਿੰਜਾਈ, ਰਸਾਇਣਕ ਖਾਦਾਂ, ਕੀਟ/ਨਦੀਨ ਨਾਸ਼ਕਾਂ ਅਤੇ ਕੁਝ ਹੋਰ ਰਸਾਇਣਾਂ, ਮਸ਼ੀਨਰੀ ਤੇ ਖੇਤੀਬਾੜੀ ਦੇ ਵਿਗਿਆਨਕ ਢੰਗਾਂ ਦਾ ਪੁਲੰਦਾ ਸੀ। ਵੱਖ-ਵੱਖ ਖੇਤਰਾਂ ਦੇ ਅਧਿਐਨ ਤੋਂ ਬਾਅਦ ਇਸ ਜੁਗਤ ਨੂੰ ਤਰਜੀਹੀ ਤੌਰ ਉੱਤੇ ਪੰਜਾਬ ਵਿੱਚ ਸ਼ੁਰੂ ਕੀਤਾ ਗਿਆ। ਪੰਜਾਬ ਦੇ ਹਿੰਮਤੀ ਕਿਸਾਨਾਂ, ਖੇਤ ਮਜ਼ਦੂਰਾਂ ਤੇ ਪੇਂਡੂ ਛੋਟੇ ਕਾਰੀਗਰਾਂ ਦੀ ਹੱਡ-ਭੰਨਵੀਂ ਮਿਹਨਤ ਅਤੇ ਇੱਥੋਂ ਦੇ ਅਮੀਰ ਕੁਦਰਤੀ ਸਾਧਨਾਂ- ਜ਼ਮੀਨ ਹੇਠਲੇ ਪਾਣੀ, ਉਪਜਾਊ ਭੂਮੀ ਆਦਿ, ਦੀ ਹੱਦੋਂ ਵੱਧ ਵਰਤੋਂ ਸਦਕਾ ਖੇਤੀਬਾੜੀ ਉਤਪਾਦਕਤਾ ਅਤੇ ਉਤਪਾਦਨ ਵਿੱਚ ਅਥਾਹ ਵਾਧਾ ਹੋਇਆ ਜਿਸ ਸਦਕਾ ਮੁਲਕ ਦਾ ਬਾਹਰਲੇ ਮੁਲਕਾਂ ਤੋਂ ਅਨਾਜ ਮੰਗਵਾਉਣ ਤੋਂ ਖਹਿੜਾ ਛੁੱਟਿਆ।

1965 ਦੌਰਾਨ ਖੇਤੀ ਕੀਮਤਾਂ ਕਮਿਸ਼ਨ ਅਤੇ ਭਾਰਤੀ ਖ਼ੁਰਾਕ ਨਿਗਮ (ਐੱਫਸੀਆਈ) ਬਣਾਏ ਗਏ। ਕਮਿਸ਼ਨ ਆਪਣੀ ਕਾਇਮੀ ਤੋਂ ਲੈ ਕੇ ਹੁਣ ਤੱਕ ਮੁੱਖ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਸਬੰਧੀ ਸਿਫ਼ਾਰਸ਼ਾਂ ਕੇਂਦਰ ਸਰਕਾਰ ਨੂੰ ਕਰ ਰਿਹਾ ਹੈ ਅਤੇ ਕੇਂਦਰ ਸਰਕਾਰ ਆਮ ਤੌਰ ਉੱਤੇ ਇਨ੍ਹਾਂ ਸਿਫ਼ਾਰਸ਼ਾਂ ਦੇ ਆਧਾਰ ਉੱਤੇ ਘੱਟੋ-ਘੱਟ ਸਮਰਥਨ ਕੀਮਤਾਂ ਤੈਅ ਕਰਦੀ ਹੈ। 1965 ਤੋਂ 1970 ਤੱਕ ਖੇਤੀਬਾੜੀ ਕੀਮਤਾਂ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਖੇਤੀਬਾੜੀ ਖੇਤਰ ਦੇ ਹੱਕ ਵਿੱਚ ਸਨ; ਉਸ ਤੋਂ ਬਾਅਦ ਇਹ ਸਿਫ਼ਾਰਸ਼ਾਂ ਉਲਟ ਕਰ ਦਿੱਤੀਆਂ ਗਈਆਂ ਜਿਸ ਦੀ ਸਮੇਂ-ਸਮੇਂ ਉੱਤੇ ਕਿਸਾਨ ਜੱਥੇਬੰਦੀਆਂ ਅਤੇ ਕੁਝ ਰਾਜਸੀ ਪਾਰਟੀਆਂ ਨੇ ਸਖ਼ਤ ਨੁਕਤਾਚੀਨੀ ਕੀਤੀ। ਇਸ ਨੁਕਤਾਚੀਨੀ ਤੋਂ ਬਚਣ ਲਈ ਸਰਕਾਰ ਨੇ 1987 ਵਿੱਚ ਖੇਤੀਬਾੜੀ ਕੀਮਤਾਂ ਕਮਿਸ਼ਨ ਦਾ ਨਾਮ ਖੇਤੀਬਾੜੀ ਲਾਗਤਾਂ ਅਤੇ ਕੀਮਤਾਂ ਕਮਿਸ਼ਨ ਰੱਖ ਕੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਜਿਵੇਂ ਇਹ ਕਮਿਸ਼ਨ ਆਪਣੀਆਂ ਸਿਫ਼ਾਰਸ਼ਾਂ ਕਰਨ ਮੌਕੇ ਖੇਤੀਬਾੜੀ ਲਾਗਤਾਂ ਨੂੰ ਉਨ੍ਹਾਂ ਦਾ ਆਧਾਰ ਬਣਾਉਂਦਾ ਹੋਵੇ ਪਰ ਸਮੇਂ ਦੇ ਨਾਲ਼ ਇਹ ਭੁਲੇਖਾ-ਪਾਊ ਸਾਬਿਤ ਹੋਇਆ।

ਸਰਕਾਰੀ ਖੇਤੀਬਾੜੀ ਨੀਤੀਆਂ ਕਾਰਨ ਖੇਤੀਬਾੜੀ ਉੱਪਰ ਨਿਰਭਰ ਵਰਗਾਂ- ਕਿਸਾਨਾਂ, ਖੇਤ ਮਜ਼ਦੂਰਾਂ ਤੇ ਪੇਂਡੂ ਛੋਟੇ ਕਾਰੀਗਰਾਂ, ਦੀ ਆਰਥਿਕ ਹਾਲਤ ਦਿਨੋ-ਦਿਨ ਨਿਘਰਦੀ ਗਈ। ਮੁਲਕ ਦੇ ਵੱਖ-ਵੱਖ ਖੇਤਰਾਂ ਵਿੱਚ ਕੀਤੇ ਅਧਿਐਨ ਇਹ ਤੱਥ ਸਾਹਮਣੇ ਲਿਆਏ ਕਿ ਲਗਭਗ ਸਾਰੇ ਸੀਮਾਂਤ ਤੇ ਛੋਟੇ ਕਿਸਾਨ, ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰ ਗ਼ਰੀਬੀ ਤੇ ਕਰਜ਼ੇ ਵਿੱਚ ਜਨਮ ਲੈਂਦੇ ਹਨ, ਗ਼ਰੀਬੀ ਤੇ ਕਰਜ਼ੇ ਵਿੱਚ ਔਖੀ ਦਿਨ-ਕਟੀ ਕਰਦੇ ਹਨ ਅਤੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਘੋਰ ਗ਼ਰੀਬੀ ਤੇ ਕਰਜ਼ੇ ਦਾ ਪਹਾੜ ਛੱਡ ਕੇ ਜਾਂ ਤਾਂ ਤੰਗੀਆਂ-ਤੁਰਸ਼ੀਆਂ ਵਾਲ਼ੀ ਮੌਤ ਮਰ ਜਾਂਦੇ ਹਨ ਜਾਂ ਜਦੋਂ ਸਮਾਜ ਤੇ ਸਰਕਾਰ ਵੱਲੋਂ ਉਨ੍ਹਾਂ ਦੀਆਂ ਜ਼ਿੰਦਗੀ ਪ੍ਰਤੀ ਸਾਰੀਆਂ ਆਸਾਂ ਮੁਕਾ ਦਿੱਤੀਆਂ ਜਾਂਦੀਆਂ ਹਨ ਤਾਂ ਉਹ ਖ਼ੁਦਕੁਸ਼ੀਆਂ ਵੀ ਕਰ ਰਹੇ ਹਨ।

ਮੁਲਕ ਦੀਆਂ ਅਨਾਜ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਕੇਂਦਰ ਸਰਕਾਰ ਦੀਆਂ ਨੀਤੀਆਂ ਕਾਰਨ ਕੁਝ ਸੂਬੇ ਜਾਂ ਖੇਤਰ ਕਈ ਗੰਭੀਰ ਸਮੱਸਿਆਵਾਂ ਹੰਢਾਉਣ ਲਈ ਮਜਬੂਰ ਹਨ। ਪੰਜਾਬ ਵਿੱਚ ਤਰਜੀਹੀ ਤੌਰ ਉੱਤੇ ਅਪਣਾਈ ‘ਖੇਤੀਬਾੜੀ ਦੀ ਨਵੀਂ ਜੁਗਤ’ ਦੇ ਨਤੀਜੇ ਵਜੋਂ ਕਣਕ ਦੀ ਉਤਪਾਦਕਤਾ ਅਤੇ ਉਤਪਾਦਨ ਵਿੱਚ ਹੋਏ ਅਥਾਹ ਵਾਧੇ ਨੂੰ ਧਿਆਨ ਵਿੱਚ ਰੱਖਦੇ ਹੋਏ ਭਾਰਤ ਸਰਕਾਰ ਨੇ ਕੇਂਦਰੀ ਅਨਾਜ ਭੰਡਾਰ ਦੀਆਂ ਲੋੜਾਂ ਲਈ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੀ ਨੀਤੀ ਰਾਹੀਂ 1973 ਤੋਂ ਝੋਨੇ ਦੀ ਫ਼ਸਲ ਪੰਜਾਬ ਦੇ ਕਿਸਾਨਾਂ ਦੇ ਸਿਰ ਮੜ੍ਹ ਦਿੱਤੀ। ਝੋਨੇ ਦੀ ਫ਼ਸਲ ਪੰਜਾਬ ਦੇ ਜਲਵਾਯੂ ਹਾਲਾਤ ਅਨੁਸਾਰ ਢੁਕਵੀਂ ਨਹੀਂ ਹੈ। ਝੋਨੇ ਦੀ ਫ਼ਸਲ ਲਈ ਛੱਪੜ-ਸਿੰਜਾਈ ਦੀ ਲੋੜ ਹੁੰਦੀ ਹੈ ਜਿਸ ਕਾਰਨ ਪੰਜਾਬ ਵਿੱਚ ਤਿੰਨ ਚੌਥਾਈ ਤੋਂ ਵੱਧ ਬਲਾਕਾਂ ਵਿੱਚ ਧਰਤੀ ਹੇਠਲਾ ਪਾਣੀ ਖ਼ਤਰਨਾਕ ਪੱਧਰ ਤੱਕ ਹੇਠਾਂ ਚਲਿਆ ਗਿਆ; ਹੁਣ ਪੰਜਾਬ ਦੇ ਜ਼ਿਆਦਾਤਰ ਖੇਤਰਾਂ ਵਿੱਚ ਫ਼ਸਲਾਂ ਦੀ ਸਿੰਜਾਈ ਲਈ ਸਬਮਰਸੀਬਲ ਮੋਟਰਾਂ ਤੋਂ ਬਿਨਾਂ ਗੁਜਾਰਾ ਨਹੀਂ। ਸਿੰਜਾਈ ਦਾ ਇਹ ਸਾਧਨ ਕਿਸਾਨਾਂ ਸਿਰ ਕਰਜ਼ੇ ਦਾ ਕਾਰਨ ਬਣਿਆ ਹੈ।

ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦੇ ਲਗਾਤਾਰ ਥੱਲੇ ਜਾਣ ਕਾਰਨ ਅੱਜ ਕੱਲ੍ਹ ਲੋਕ ਅਨੇਕ ਸਮੱਸਿਆਵਾਂ ਹੰਢਾਅ ਰਹੇ ਹਨ; ਆਉਣ ਵਾਲੇ ਸਮੇਂ ਦੌਰਾਨ ਇਹ ਸਮੱਸਿਆਵਾਂ ਕਿੰਨੀਆਂ ਗੰਭੀਰ ਹੋਣਗੀਆਂ, ਇਸ ਪੱਖ ਦਾ ਅੰਦਾਜ਼ਾ ਮੁਲਕ ਦੀ ਰਾਜਧਾਨੀ ਦਿੱਲੀ ਦੇ ਨਿਵਾਸੀਆਂ ਦੀ ਪਾਣੀ ਦੀ ਥੁੜ੍ਹ ਕਾਰਨ ਬਣੀ ਤਰਸਯੋਗ ਹਾਲਤ ਤੋਂ ਲਾਇਆ ਜਾ ਸਕਦਾ ਹੈ।

ਮੁਲਕ ਦੀਆਂ ਅਨਾਜ ਲੋੜਾਂ ਪੂਰੀਆਂ ਕਰਨ ਲਈ ਪੰਜਾਬ ਦੇ ਬਹੁਤੇ ਹਿੱਸਿਆਂ ਵਿੱਚ ਦੋ ਜਾਂ ਇਸ ਤੋਂ ਵੱਧ ਫ਼ਸਲਾਂ ਲੈਣ ਲਈ ਰਸਾਇਣਾਂ ਦੀ ਵਰਤੋਂ ਕਾਰਨ ਭੂਮੀ ਦੀ ਉਪਜਾਊ ਸ਼ਕਤੀ ਘਟ ਰਹੀ ਹੈ। ਝੋਨੇ ਦੀ ਫ਼ਸਲ ਲਈ ਛੱਪੜ-ਸਿੰਜਾਈ ਅਤੇ ਝੋਨੇ ਦੀ ਪਰਾਲੀ ਨੂੰ ਅੱਗ ਲਾਉਣ ਕਾਰਨ ਲੋਕ ਹਵਾ ਦੇ ਪ੍ਰਦੂਸ਼ਣ ਦੇ ਨਤੀਜੇ ਵਜੋਂ ਅਨੇਕ ਬਿਮਾਰੀਆਂ ਦੀ ਮਾਰ ਝੱਲ ਰਹੇ ਹਨ। ਮੁਲਕ ਦੀਆਂ ਅਨਾਜ ਅਤੇ ਹੋਰ ਖੇਤੀਬਾੜੀ ਵਸਤੂਆਂ ਦੀਆਂ ਲੋੜਾਂ ਪੂਰੀਆਂ ਕਰਨ ਅਤੇ ਪੰਜਾਬ ਤੇ ਹਰਿਆਣੇ ਦੇ ਕਿਸਾਨਾਂ ਦੇ ਬੱਚਿਆਂ ਦਾ ਦੂਜੇ ਮੁਲਕਾਂ ਵਿੱਚ ਪਰਵਾਸ ਰੋਕਣ ਲਈ ਜ਼ਰੂਰੀ ਹੈ ਕਿ ਸਰਕਾਰ ਖੇਤੀਬਾੜੀ ਨੀਤੀਆਂ ਵਿੱਚ ਤਬਦੀਲੀ ਲਿਆਵੇ। ਖੇਤੀਬਾੜੀ ਜਿਨਸਾਂ ਦੀਆਂ ਕੀਮਤਾਂ ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਨੁਸਾਰ ਤੈਅ ਕਰਨ ਸਦਕਾ ਖੇਤੀਬਾੜੀ ਲਾਹੇਵੰਦ ਧੰਦਾ ਬਣ ਜਾਵੇਗੀ। ਅਜਿਹਾ ਕਰਨ ਨਾਲ਼ ਵੱਡੇ ਕਿਸਾਨਾਂ ਦੀ ਆਮਦਨ ਜ਼ਿਆਦਾ ਵਧੇਗੀ ਪਰ ਸੀਮਾਂਤ ਅਤੇ ਛੋਟੇ ਕਿਸਾਨਾਂ ਦੀ ਆਮਦਨ ਵਿੱਚ ਬਹੁਤ ਘੱਟ ਵਾਧਾ ਹੋਵੇਗਾ ਕਿਉਂਕਿ ਇਨ੍ਹਾਂ ਕਿਸਾਨਾਂ ਕੋਲ਼ ਮੰਡੀ ਵਿੱਚ ਵੇਚਣ ਵਾਲ਼ੀਆਂ ਜਿਨਸਾਂ ਦੀ ਮਾਤਰਾ ਬਹੁਤ ਘੱਟ ਹੁੰਦੀ ਹੈ। ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਕੋਲ਼ ਆਪਣੀ ਕਿਰਤ ਤੋਂ ਸਿਵਾਇ ਉਤਪਾਦਨ ਦੇ ਕੋਈ ਸਾਧਨ ਨਹੀਂ ਹੁੰਦੇ, ਇਸ ਲਈ ਉਨ੍ਹਾਂ ਦੀ ਆਮਦਨ ਵਧਾਉਣ ਲਈ ਹੋਰ ਉਪਰਾਲਿਆਂ ਦੀ ਲੋੜ ਹੈ। ਖੇਤੀਬਾੜੀ ਖੇਤਰ ਵਿੱਚ ਮਸ਼ੀਨਰੀ ਅਤੇ ਨਦੀਨਨਾਸ਼ਕਾਂ ਦੀ ਲਗਾਤਾਰ ਵਧ ਰਹੀ ਵਰਤੋਂ ਕਾਰਨ ਸੀਮਾਂਤ ਤੇ ਛੋਟੇ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਲਈ ਖੇਤੀਬਾੜੀ ਖੇਤਰ ਵਿੱਚ ਰੁਜ਼ਗਾਰ ਦੇ ਮੌਕੇ ਵੱਡੀ ਪੱਧਰ ਉੱਪਰ ਘਟੇ ਹਨ। ਇਸ ਲਈ ਜ਼ਰੂਰੀ ਹੈ ਕਿ ਇਨ੍ਹਾਂ ਵਰਗਾਂ ਨੂੰ ਮਗਨਰੇਗਾ ਅਤੇ ਇਸ ਵਰਗੀਆਂ ਹੋਰ ਸਕੀਮਾਂ ਰਾਹੀਂ ਰੁਜ਼ਗਾਰ ਦਿੱਤਾ ਜਾਵੇ, ਇਨ੍ਹਾਂ ਦੀ ਘੱਟੋ-ਘੱਟ ਮਜ਼ਦੂਰੀ ਵਿੱਚ ਲੋੜੀਂਦਾ ਵਾਧਾ ਕੀਤਾ ਜਾਵੇ। ਖੇਤੀ ਖੇਤਰ ਉੱਪਰ ਨਿਰਭਰ ਲੋਕਾਂ ਦੀ ਆਮਦਨ ’ਚ ਇਤਨਾ ਵਾਧਾ ਕਰਨਾ ਯਕੀਨੀ ਬਣਾਉਣਾ ਚਾਹੀਦਾ ਹੈ ਜਿਸ ਸਦਕਾ ਉਹ ਆਪਣੀ ਜ਼ਿੰਦਗੀ ਦੀਆਂ ਮੁਢਲੀਆਂ ਲੋੜਾਂ- ਰੋਟੀ, ਕੱਪੜਾ, ਮਕਾਨ, ਸਿੱਖਿਆ, ਸਿਹਤ ਸੇਵਾਵਾਂ, ਸਾਫ਼ ਵਾਤਾਵਰਨ ਅਤੇ ਸਮਾਜਿਕ ਸੁਰੱਖਿਆ, ਸਤਿਕਾਰਯੋਗ ਢੰਗ ਨਾਲ਼ ਪੂਰੀਆਂ ਕਰ ਸਕਣ।

ਧਰਤੀ ਹੇਠਲੇ ਪਾਣੀ ਅਤੇ ਵਾਤਾਵਰਨ ਦੀਆਂ ਸਮੱਸਿਆਵਾਂ ਉੱਤੇ ਕਾਬੂ ਪਾਉਣ ਲਈ ਜ਼ਰੂਰੀ ਹੈ ਕਿ ਮੁਲਕ ਦੇ ਵੱਖ-ਵੱਖ ਖੇਤਰਾਂ ਵਿੱਚ ਫ਼ਸਲੀ ਚੱਕਰ ਉੱਥੋਂ ਦੀਆਂ ਖੇਤੀਬਾੜੀ ਜਲਵਾਯੂ ਹਾਲਾਤ ਅਨੁਸਾਰ ਹੋਵੇ। ਅਜਿਹਾ ਵੱਖ-ਵੱਖ ਖੇਤੀਬਾੜੀ ਜ਼ੋਨ ਬਣਾ ਕੇ ਕੀਤਾ ਜਾ ਸਕਦਾ ਹੈ। ਖੇਤੀਬਾੜੀ ਜਿਨਸਾਂ ਦੀ ਪ੍ਰੋਸੈਸਿੰਗ ਦੁਆਰਾ ਕੀਤੇ ਜਾਣ ਵਾਲੇ ਮੁੱਲ-ਵਾਧੇ ਦਾ ਫ਼ਾਇਦਾ ਖੇਤੀਬਾੜੀ ਖੇਤਰ ਉੱਪਰ ਨਿਰਭਰ ਵਰਗਾਂ ਤੱਕ ਪਹੁੰਚਾਉਣ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਨ੍ਹਾਂ ਵਰਗਾਂ ਦੀ ਮਲਕੀਅਤ ਵਾਲ਼ੇ ਸਹਿਕਾਰੀ ਯੂਨਿਟਾਂ ਦੀ ਬਣਦੀ ਵਿੱਤੀ ਮਦਦ ਕਰੇ।ਖੇਤੀਬਾੜੀ ਉੱਪਰ ਨਿਰਭਰ ਵਰਗਾਂ ਦੀ ਜ਼ਿੰਦਗੀ ਬਿਹਤਰ ਬਣਾਉਣ ਲਈ ਇਨ੍ਹਾਂ ਵਰਗਾਂ ਦੀਆਂ ਜੱਥੇਬੰਦੀਆਂ ਇਨ੍ਹਾਂ ਵਰਗਾਂ ਨੂੰ ਸਹਿਕਾਰੀ ਖੇਤੀਬਾੜੀ ਅਤੇ ਹੋਰ ਸਹਿਕਾਰੀ ਉਦਮਾਂ ਵੱਲ ਸੇਧਿਤ ਕਰਨ ਜਿਸ ਸਦਕਾ ਇਨ੍ਹਾਂ ਵਰਗਾਂ ਦੀ ਆਮਦਨ ਵਿੱਚ ਵਾਧਾ ਅਤੇ ਰਹਿਣ-ਸਹਿਣ ਦੇ ਪੱਧਰ ਵਿੱਚ ਸੁਧਾਰ ਹੋਣਾ ਯਕੀਨੀ ਬਣਾਇਆ ਜਾ ਸਕਦਾ ਹੈ।

***ਸਾਬਕਾ ਪ੍ਰੋਫੈਸਰ, ਅਰਥ ਵਿਗਿਆਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।**

# ਡਿਪਟੀ ਕਮਿਸ਼ਨਰ ਨੇ ਲੋਕ ਸਭਾ ਚੋਣਾਂ ਦੌਰਾਨ ਸ਼ਾਨਦਾਰ ਸੇਵਾਵਾਂ ਦੇਣ ਵਾਲੇ ਅਧਿਕਾਰੀਆਂ/ਕਰਮਚਾਰੀਆਂ ਨੂੰ ਪ੍ਰਸ਼ੰਸਾ ਪੱਤਰ ਸੌਂਪੇ

**➢ ਸਮੁੱਚੀ ਟੀਮ ਵੱਲੋਂ ਜ਼ਿੰਮੇਵਾਰੀ ਤੇ ਤਨਦੇਹੀ ਨਾਲ ਨਿਭਾਈ ਡਿਊਟੀ ਸਦਕਾ ਜ਼ਿਲ੍ਹੇ ’ਚ ਆਜ਼ਾਦ, ਨਿਰਪੱਖ ਤੇ ਪਾਰਦਰਸ਼ੀ ਚੋਣਾਂ ਹੋਈਆ ਸੰਭਵ**

**➢ ਡਾ ਪੱਲਵੀ ਨੇ ਚੋਣ ਅਮਲੇ ਦਾ ਧੰਨਵਾਦ ਕਰਦਿਆਂ ਭਵਿੱਖ ’ਚ ਵੀ ਆਪਣੀ ਜ਼ਿੰਮੇਵਾਰੀ ਇਸੇ ਜੋਸ਼ ਅਤੇ ਲਗਨ ਨਾਲ ਨਿਭਾਉਣ ਲਈ ਕੀਤਾ ਪ੍ਰੇਰਿਤ**

**ਮਲੇਰਕੋਟਲਾ, 5 ਜੁਲਾਈ -ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਚੋਣਾਂ-2024 ਵਿੱਚ ਅਧਿਕਾਰੀਆਂ/ਕਰਮਚਾਰੀਆਂ ਦੇ ਯੋਗਦਾਨ ਨੂੰ ਮਾਨਤਾ ਦਿੰਦਿਆਂ ਡਿਪਟੀ ਕਮਿਸ਼ਨਰ ਡਾ ਪੱਲਵੀ ਨੇ ਅੱਜ ਸਥਾਨਕ ਪੰਜਾਬ ਉਰਦੂ ਅਕਾਦਮੀ ਵਿਖੇ ਇੱਕ ਸਾਦੇ ਪਰ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਕਰੀਬ 90 ਨੋਡਲ ਅਧਿਕਾਰੀਆਂ/ਕਰਮਚਾਰੀਆਂ ਨੂੰ ਉਨ੍ਹਾਂ ਦੀ ਸਖ਼ਤ ਮਿਹਨਤ ਅਤੇ ਸਮਰਪਣ ਲਈ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ । ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਸ੍ਰੀ ਰਾਜਪਾਲ ਸਿੰਘ,ਸਹਾਇਕ ਕਮਿਸ਼ਨਰ ਸ੍ਰੀ ਹਰਬੰਸ ਸਿੰਘ ,ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀਮਤੀ ਜਸਵਿੰਦਰ ਕੌਰ, ਡੀ.ਆਈ.ਓ ਸ੍ਰੀਮਤੀ ਸ਼ਾਇਨਾ, ਚੋਣ ਤਹਿਸੀਲਦਾਰ ਸ੍ਰੀ ਬ੍ਰਿਜ ਤੋਂ ਇਲਾਵਾ ਹੋਰ ਵੀ ਉਚ ਅਧਿਕਾਰੀ ਹਾਜ਼ਰ ਸਨ।

ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਮਾਲੇਰਕੋਟਲਾ ਡਾ ਪੱਲਵੀ ਨੇ ਕਿਹਾ ਕਿ ਕਿਸੇ ਵੀ ਸਾਂਝੇ ਮਹੱਤਵਪੂਰਨ ਕਾਰਜ ਨੂੰ ਪ੍ਰਭਾਵਸ਼ਾਲੀ ਅਤੇ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਲਈ, ਇਸ ਵਿੱਚ ਲੱਗੇ ਹਰ ਇੱਕ ਟੀਮ ਮੈਂਬਰ ਦਾ ਸਹਿਯੋਗ ਬਹੁਤ ਮਹੱਤਵਪੂਰਨ ਅਤੇ ਜ਼ਰੂਰੀ ਹੁੰਦਾ ਹੈ। ਟੀਮ ਮੈਂਬਰਾਂ ਦੇ ਸਾਂਝੇ ਸਹਿਯੋਗ ਸਦਕਾ ਔਖੇ ਤੋਂ ਔਖਾ ਟੀਚਾ ਵੀ ਆਸਾਨੀ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ। ਉਨ੍ਹਾਂ ਹੋਰ ਕਿਹਾ ਕਿ ਲੋਕ ਸਭਾ ਚੋਣਾਂ 2024 ਦੀ ਸਮੁੱਚੀ ਪ੍ਰੀਕ੍ਰਿਆ ਦਾ ਕੰਮ ਪੂਰੀ ਜ਼ਿੰਮੇਵਾਰੀ,ਤਨਦੇਹੀ ਅਤੇ ਸਮਰਪਣ ਦੀ ਭਾਵਨਾ ਨਾਲ ਨਿਭਾਈ ਡਿਊਟੀ ਸਦਕਾ ਹੀ ਅਮਨ-ਅਮਾਨ, ਆਜ਼ਾਦ, ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਨੇਪਰੇ ਚੜ੍ਹਿਆ ਹੈ। ਇਹ ਸਭ ਟੀਮ ਦੇ ਸਾਂਝੇ ਉਪਰਾਲਿਆ ਸਦਕਾ ਸੰਭਵ ਹੋਇਆ ਹੈ ।

ਡਿਪਟੀ ਕਮਿਸ਼ਨਰ ਨੇ ਪ੍ਰਸੰਸਾ ਪੱਤਰ ਦੇਣ ਤੋਂ ਪਹਿਲਾਂ ਵੱਖ-ਵੱਖ ਵਿਭਾਗਾਂ ਦੇ ਨੋਡਲ ਅਧਿਕਾਰੀਆਂ/ਕਰਮਚਾਰੀਆਂ ਨਾਲ ਉਨ੍ਹਾਂ ਨੂੰ ਚੋਣ ਡਿਊਟੀ ਦੌਰਾਨ ਪੇਸ਼ ਆਈਆਂ ਮੁਸ਼ਕਲਾਂ ਜਾਂ ਨਵੇਂ ਤਜ਼ਰਬੇ ਵੀ ਸਾਂਝੇ ਕਰਨ ਨੂੰ ਕਿਹਾ। ਚੋਣ ਅਮਲੇ ਨੇ ਕਿਹਾ ਕਿ ਉਨ੍ਹਾਂ



ਨੂੰ ਬਿਨ੍ਹਾਂ ਕਿਸੇ ਪ੍ਰਸ਼ਾਸਨਿਕ ਦਬਾਅ ਦੇ ਕੰਮ ਕਰਨ ਦਾ ਮੌਕਾ ਮਿਲਿਆ ਜਿਹੜਾ ਕਿ ਸਿਰਫ ਜ਼ਿਲ੍ਹਾ ਚੋਣ ਅਫ਼ਸਰ ਦੀ ਉੱਚ ਸੋਚ ਸਦਕਾ ਸੰਭਵ ਹੋਇਆ। ਨੋਡਲ ਅਫ਼ਸਰਾਂ ਨੇ ਡਿਪਟੀ ਕਮਿਸ਼ਨਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਸਾਰਥਕ/ਦੂਰਅੰਦੇਸ਼ੀ ਸੋਚ ਸਦਕਾ ਉਨ੍ਹਾਂ ਨੂੰ ਚੋਣ ਡਿਊਟੀ ਦੌਰਾਨ ਕਿਸੇ ਵੀ ਕਿਸਮ ਦੀ ਮੁਸ਼ਕਲ ਪੇਸ਼ ਨਹੀਂ ਆਈ। ਲੋਕ ਸਭਾ ਚੋਣਾਂ ਦੌਰਾਨ ਤਨਦੇਹੀ ਅਤੇ ਅਣਥੱਕ ਤਰੀਕੇ ਨਾਲ ਆਪਣੀਆਂ ਡਿਊਟੀਆਂ ਕਰਨ ਵਾਲੇ ਚੋਣ ਅਮਲੇ ਦਾ ਧੰਨਵਾਦ ਕਰਦਿਆ ਅਧਿਕਾਰੀਆਂ ਨੂੰ ਭਵਿੱਖ ’ਚ ਵੀ ਆਪਣੀ ਜ਼ਿੰਮੇਵਾਰੀ ਇਸੇ ਜੋਸ਼ ਅਤੇ ਲਗਨ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ । ਕਿਹਾ ਜ਼ਿਲ੍ਹਾ ਪ੍ਰਸ਼ਾਸ਼ਨ ਨੇ ਵੋਟਰਾਂ ਦੇ ਨਾਲ-ਨਾਲ ਚੋਣ ਡਿਊਟੀ ਵਿੱਚ ਲੱਗੇ ਅਮਲੇ ਨੂੰ ਵੀ ਹਰ ਸੰਭਵ ਸਹੂਲਤ ਮੁਹੱਈਆ ਕਰਵਾਈ ਤਾਂ ਕਿ ਭਵਿੱਖ ਵਿੱਚ ਵੀ ਕਰਮਚਾਰੀ ਚੋਣ ਡਿਊਟੀ ਨੂੰ ਤਨਦੇਹੀ ਨਾਲ ਕਰਨ ਲਈ ਤਤਪਰ ਰਹਿਣ। ਉਨ੍ਹਾਂ ਚੋਣਾਂ ਵਿੱਚ ਸ਼ਾਨਦਾਰ ਸੇਵਾਵਾਂ ਦੇਣ ਵਾਲੇ ਅਮਲੇ ਦਾ ਵੀ ਧੰਨਵਾਦ ਕੀਤਾ। ਇਸ ਮੌਕੇ ਉਨ੍ਹਾਂ ਸ਼ਿਕਾਇਤ ਨਿਵਾਰਨ ਸੈੱਲ ਦੇ ਨੋਡਲ ਅਫ਼ਸਰ ਡਾ. ਪਰਮਜੀਤ ਸਿੰਘ ਢਿੱਲੋਂ ਦੀ ਪ੍ਰਸੰਸਾ ਕਰਦਿਆ ਕਿਹਾ ਇਨ੍ਹਾਂ ਚੋਣਾ ਵਿੱਚ 100 ਫੀਸਦੀ ਸ਼ਿਕਾਇਤਾ ਦਾ ਨਿਵਾਰਨ ਪੰਜਾਬ ਵਿੱਚ ਸਭ ਤੋਂ ਘੱਟ ਔਸਤਨ ਸਮੇਂ 20 ਮਿੰਟ 35 ਸੈਕਿੰਡ ਵਿੱਚ ਕੀਤਾ ਜੋ ਕਿ ਸਲਾਘਾਯੋਗ ਉੱਦਮ ਸਾਬਤ ਹੋਇਆ ਜਦੋ ਕਿ ਸਟੇਟ ਦਾ ਸਮਾਂ 34 ਮਿੰਟ ਰਿਹਾ ਹੈ ਅਤੇ ਜਿਲਾ ਮਾਲੇਰਕੋਟਲਾ ਆਨਲਾਈਨ ਆਈਆਂ ਸਕਾਇਤਾਂ ਦਾ ਨਿਪਟਾਰਾ ਸਭ ਤੋਂ ਘੱਟ ਸਮੇਂ ਵਿੱਚ ਕਰਨ ਲਈ ਪਹਿਲੇ ਸਥਾਨ ਤੇ ਰਿਹਾ।ਇਸੇ ਤਰ੍ਹਾਂ ’ਬੂਥ ਰਾਬਤਾ’ ਨਾਮਕ ਇੱਕ ਵਿਸ਼ੇਸ਼ ਵੈਬਸਾਈਟ ਲਾਂਚ ਕਰਕੇ ਜ਼ਿਲ੍ਹੇ ਨੇ ਚੋਣਾਂ ਦੌਰਾਨ ਆਪਣੀ ਵੱਖਰੀ ਪਹਿਲਕਦਮੀ ਦਰਜ ਕਰਵਾਈ। ਜਿਸ ਦਾ ਡਿਜਾਇਨ ਐਸ.ਡੀ.ਐਮ. ਮਾਲੇਰਕੋਟਲਾ ਸ੍ਰੀਮਤੀ ਅਪਰਨਾ ਐਮ.ਬੀ. ਅਤੇ ਐਲ.ਪੀ.ਏ. ਸ਼ਾਖਾ ਦੇ ਕਲਰਕ ਫਿਰੋਜ ਮੁਹੰਮਦ ਵਲੋਂ ਤਿਆਰ ਕੀਤਾ ਗਿਆ ਸੀ। ਡਿਜਾਇਨ ਕਰਨ ਲਈ ਨਿਭਾਈ ਅਹਿਮ ਭੂਮਿਕਾ ਸਦਕਾ ਫਿਰੋਜ ਮੁਹੰਮਦ ਦਾ ਵੀ ਵਿਸ਼ੇਸ ਸਨਮਾਨ ਕੀਤਾ ਗਿਆ । ਚੋਣ ਕਲਰਕ ਸ੍ਰੀ ਮਨਪ੍ਰੀਤ ਸਿੰਘ ਦੀ ਸਲਾਘਾ ਕਰਦਿਆ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਕਰਮਚਾਰੀ ਦੀ ਚੋਣਾਂ ਦੌਰਾਨ ਬਹੁਤ ਅਹਿਮ ਭੂਮਿਕਾ ਰਹਿ ਹੈ ।

ਪ੍ਰਸ਼ੰਸਾ ਪੱਤਰ ਪ੍ਰਾਪਤ ਕਰਨ ਵਾਲੇ ਅਧਿਕਾਰੀਆਂ/ਕਰਮਚਾਰੀਆਂ ਨੇ ਡਿਪਟੀ ਕਮਿਸ਼ਨਰ ਵੱਲੋਂ ਉਨ੍ਹਾਂ ਦੀਆਂ ਸੇਵਾਵਾਂ ਨੂੰ ਮਾਨਤਾ ਦੇਣ ਲਈ ਧੰਨਵਾਦ ਕੀਤਾ ਅਤੇ ਭਵਿੱਖ ਵਿੱਚ ਵੀ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਉਣ ਦੀ ਵਚਨਬੱਧਤਾ ਦੁਹਰਾਈ।

# ਰਵਾਇਤੀ ਫਸਲੀ ਚੱਕਰ ਛੱਡ ਕੇ ਫੁੱਲਾਂ ਦੇ ਕਾਸ਼ਤਕਾਰ ਕਿਸਾਨਾਂ ਦੀ ਆਰਥਿਕਤਾ ਹੋ ਰਹੀ ਹੈ ਮਜਬੂਤ

**ਸ੍ਰੀ ਅਨੰਦਪੁਰ ਸਾਹਿਬ, 5 ਜੁਲਾਈ -ਕੌਮੀ ਪੱਤ੍ਰਿਕਾ ਬਿਊਰੋ-**

ਰਾਜ ਦੇ ਕਿਸਾਨਾਂ ਨੂੰ ਕਣਕ ਝੋਨੇ ਦੇ ਫ਼ਸਲੀ ਚੱਕਰ ਤੋਂ ਬਾਹਰ ਕੱਢਣ ਦੇ ਮਕਸਦ ਨਾਲ ਬੀਤੇ ਦਿਨੀਂ ਬਲਾਕ ਸ਼੍ਰੀ ਅਨੰਦਪੁਰ ਸਾਹਿਬ ਦੇ ਬਾਗਬਾਨੀ ਵਿਭਾਗ ਵੱਲੋਂ ਕੈਂਪ ਲਗਾਇਆ ਗਿਆ। ਭਾਰਤ ਭੂਸ਼ਣ ਬਾਗਬਾਨੀ ਵਿਕਾਸ ਅਫ਼ਸਰ ਨੇ ਪਿੰਡ ਗਰਾਂ ਵਿਖੇ ਗੈਂਦੇ ਦੇ ਫੁੱਲਾਂ ਦੀ ਕਾਸ਼ਤ ਕਰਨ ਸਬੰਧੀ ਅਗਾਹਵਧੂ ਕਿਸਾਨਾਂ ਨਾਲ ਜਾਣਕਾਰੀ ਸਾਝੀ ਕਰਦੇ ਹੋਏ ਦੱਸਿਆ ਕਿ ਫੁੱਲਾ ਦੇ ਕਾਸ਼ਤਕਾਰ ਸਲਫਤਾਪੂਰਵਕ ਫੁੱਲਾਂ ਦੀ ਚੋਖੀ ਪੈਦਾਵਾਰ ਕਰਕੇ ਆਪਣੀ ਆਰਥਿਕਤਾ ਮਜਬੂਤ ਕਰ ਰਹੇ ਹਨ।

ਇਸ ਕੈਂਪ ਵਿਚ ਜੀ.ਟੀ ਭਾਰਤ ਦੇ




ਨੁਮਾਇੰਦੇ ਸ਼ੁੱਭਮ ਅਤੇ ਗੁਰਦੀਪ ਕੌਰ ਅਤੇ ਸ਼੍ਰੀ ਅਨੰਦਪੁਰ ਸਾਹਿਬ ਯੂਵਾ ਵੋਮੈਨ ਫਾਰਮਰ ਪ੍ਰੋਡਿਊਸਰ ਕੰਪਨੀ ਦੀਆਂ ਕਿਸਾਨ ਬੀਬੀਆਂ ਅਤੇ ਕਿਸਾਨ ਵੀਰਾਂ ਨੇ ਭਾਗ ਲਿਆ। ਡਾ.ਭਾਰਤ ਭੂਸ਼ਣ ਨੇ ਕੈਂਪ ਵਿੱਚ ਹਾਜ਼ਰ ਕਿਸਾਨਾਂ ਨੂੰ ਮੌਸਮੀ ਗੈਂਦੇ ਦੇ ਫੁੱਲਾਂ ਦੀ ਖੇਤੀ ਦਾ ਮਹੱਤਵ ਦੱਸਿਆ ਗਿਆ ਅਤੇ ਗੈਂਦੇ ਦੇ ਬੀਜ ਨੂੰ ਬੀਜਣ ਦਾ ਸਮਾਂ ਅਤੇ ਢੰਗ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ ਤੇ ਫਾਰਮਰ ਪ੍ਰੋਡਿਊਸਰ ਕੰਪਨੀ ਦੇ ਨੁਮਾਇੰਦੀਆਂ ਨੂੰ ਅਪੀਲ ਕੀਤੀ ਕਿ ਫੁੱਲਾਂ ਦੀ ਫ਼ਸਲ ਤਿਆਰ ਹੋਣ ਤੇ ਇਸ ਨੂੰ ਵੇਚਣ ਵਿੱਚ ਕਿਸਾਨਾਂ ਦੀ ਮੱਦਦ ਕੀਤੀ ਜਾਵੇ।

ਬਾਗਬਾਨੀ ਵਿਕਾਸ ਅਫਸਰ ਨੇ ਦੱਸਿਆ ਕਿ ਜੇਕਰ ਕਿਸਾਨ ਨੇ ਇੱਕ ਕਿੱਲੇ ਵਿਚ ਮੌਸਮੀ ਗੈਂਦੇ ਦੀ ਖੇਤੀ ਕਰਨੀ ਹੋਵੇ ਤਾਂ 400 ਗ੍ਰਾਮ ਬੀਜ ਲੱਗਦਾ ਹੈ, ਜਿਸ ਤੋਂ ਲਗਭਗ 60-80 ਕੁਇੰਟਲ ਫੁੱਲ ਪੈਦਾ ਹੁੰਦਾ ਹੈ। ਉਨ੍ਹਾਂ ਦੱਸਿਆ ਕਿ ਸ੍ਰੀ ਅਨੰਦਪੁਰ ਸਾਹਿਬ ਵਿਖੇ ਤਿਉਹਾਰ ਦੇ ਸਮੇਂ ਨਾਲ ਲੱਗਦੇ ਹਿਮਾਚਲ ਪ੍ਰਦੇਸ਼ ਅਤੇ ਪੰਜਾਬ ਦੇ ਧਾਰਮਿਕ ਅਸਥਾਨਾ ਵਿਚ ਵਿੱਚ ਫੁੱਲਾਂ ਦੀ ਮੰਗ ਜ਼ਿਆਦਾ ਹੁੰਦੀ ਹੈ ਅਤੇ ਕਿਸਾਨ ਇਸ ਦਾ ਫਾਇਦਾ ਲੈ ਸਕਦੇ ਹਨ। ਉਹਨਾਂ ਦੱਸਿਆ ਕਿ ਗੈਂਦੇ ਦਾ ਇਸਤੇਮਾਲ ਮੁੱਖ ਤੌਰ ਤੇ ਹਾਰ ਲੜੀਆਂ ਅਤੇ ਸਜਾਵਟ ਅਤੇ ਧਾਰਮਿਕ ਅਸਥਾਨਾਂ ਤੇ ਚੜ੍ਹਾਉਣ ਲਈ ਕੀਤਾ ਜਾਂਦਾ ਹੈ। ਮੰਗ ਅਨੁਸਾਰ ਉਤਪਾਦਨ ਨਾ ਹੋਣ ਕਰਕੇ ਪੰਜਾਬ ਵਿੱਚ ਕਾਫ਼ੀ ਗੈਂਦੇ ਦੇ ਫੁੱਲ ਦਿੱਲੀ ਅਤੇ ਹੋਰ ਰਾਜਾਂ ਤੋਂ ਮੰਗਵਾਇਆ ਜਾਂਦਾ ਹੈ ਅਤੇ ਇਲਾਕੇ ਦੇ ਕਿਸਾਨ ਇਸ ਫੁੱਲ ਦੀ ਖੇਤੀ ਕਰ ਕੇ ਚੋਖਾ ਮੁਨਾਫਾ ਕਮਾ ਸਕਦੇ ਹਨ ਅਤੇ ਨਾਲ ਹੀ ਵਿਭਾਗ ਦੀਆਂ ਕਿਸਾਨਾ ਲਈ ਲਾਭਕਾਰੀ ਸਕੀਮਾਂ ਦੀ ਜਾਣਕਾਰੀ ਦਿੱਤੀ ਗਈ।

ਜਿਕਰਯੋਗ ਹੈ ਕਿ ਹਲਕਾ ਵਿਧਾਇਕ ਤੇ ਪੰਜਾਬ ਦੇ ਕੈਬਨਿਟ ਮੰਤਰੀ ਹਰਜੋਤ ਬੈਂਸ ਵੱਲੋਂ ਕਿਸਾਨਾ ਦੀ ਆਰਥਿਕਤਾ ਨੂੰ ਮਜਬੂਤ ਕਰਨ ਲਈ ਲਗਾਤਾਰ ਖੇਤੀਬਾੜੀ ਅਤੇ ਬਾਗਬਾਨੀ ਵਿਭਾਗ ਨੂੰ ਨਿਰਦੇਸ਼ ਦਿੱਤੇ ਜਾ ਰਹੇ ਹਨ। ਉਨ੍ਹਾਂ ਵੱਲੋਂ ਫਸਲੀ ਵਿਭਿੰਨਤਾ ਅਪਨਾਉਣ ਅਤੇ ਸਹਾਇਕ ਧੰਦੇ ਅਪਨਾਉਣ ਲਈ ਕਿਸਾਨਾਂ ਨੂੰ ਜਾਗਰੂਕ ਕਰਨ ਵਾਸਤੇ ਵਿਸ਼ੇਸ ਉਪਰਾਲੇ ਕਰਨ ਲਈ ਵਿਭਾਗਾ ਨੂੰ ਹਦਾਇਤ ਕੀਤੀ ਗਈ ਹੈ। ਹਰਜੋਤ ਬੈਂਸ ਵੱਲੋਂ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਵੱਖ ਵੱਖ ਵਿਭਾਗਾਂ ਨੂੰ ਕੈਂਪ ਲਗਾਉਣ ਦੀ ਹਦਾਇਤ ਦਿੱਤੀ ਹੋਈ ਹੈ ਕਿਉਕਿ ਨੀਮ ਪਹਾੜੀ ਖੇਤਰ ਵਿੱਚ ਅਜਿਹੀਆਂ ਫਸਲਾਂ ਦੀ ਪੈਦਾਵਾਰ ਚੋਖੀ ਹੁੰਦੀ ਹੈ ਤੇ ਵਾਤਾਵਰਨ ਵੀ ਬਦਲਵੀਆਂ ਫਸਲਾਂ ਦੇ ਅਨੁਕੂਲ ਹੈ।

# ਪੰਜਾਬ ਪੁਲਿਸ ਵੱਲੋਂ ਸਰਹੱਦ ਪਾਰੋਂ ਨਸ਼ਿਆਂ ਦੀ ਤਸਕਰੀ ਦੇ ਨੈੱਟਵਰਕ ਦਾ ਪਰਦਾਫਾਸ਼; 5 ਕਿਲੋ ਹੈਰੋਇਨ ਸਮੇਤ ਇੱਕ ਕਾਬੂ

**ਪੰਜਾਬ ਪੁਲਿਸ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਵਚਨਬੱਧ**

**ਚੰਡੀਗੜ੍ਹ, 5 ਜੁਲਾਈ -ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ’ਤੇ ਨਸ਼ਿਆਂ ਵਿਰੁੱਧ ਵਿੱਢੀ ਜੰਗ ਦੌਰਾਨ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਖੇਮਕਰਨ ਦੇ ਲਖਵਿੰਦਰ ਸਿੰਘ ਉਰਫ਼ ਲੱਖਾ ਨੂੰ 5 ਕਿਲੋ ਹੈਰੋਇਨ ਸਮੇਤ ਗ੍ਰਿਫ਼ਤਾਰ ਕਰਕੇ ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਨੈੱਟਵਰਕ ਦਾ ਪਰਦਾਫਾਸ਼ ਕੀਤਾ ਹੈ।

ਇਹ ਸਬੰਧੀ ਜਾਣਕਾਰੀ ਦਿੰਦਿਆਂ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਅੱਜ ਇੱਥੇ ਦੱਸਿਆ ਕਿ ਹੈਰੋਇਨ ਦੀ ਖੇਪ ਬਰਾਮਦ ਕਰਨ ਤੋਂ ਇਲਾਵਾ, ਪੁਲਿਸ ਟੀਮਾਂ ਨੇ ਦੋਸ਼ੀ ਦਾ ਸਪਲੈਂਡਰ ਮੋਟਰਸਾਈਕਲ ਵੀ ਜ਼ਬਤ ਕੀਤਾ ਹੈ, ਜਿਸ ’ਤੇ ਉਹ ਸਵਾਰ ਸੀ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁਲਜ਼ਮ ਲਖਵਿੰਦਰ ਲੱਖਾ ਪਾਕਿਸਤਾਨ ਅਧਾਰਤ ਨਸ਼ਾ ਤਸਕਰ ਅਲੀ ਦੇ ਸਿੱਧੇ ਸੰਪਰਕ ਵਿੱਚ ਸੀ ਅਤੇ ਨਸ਼ਾ ਤਸਕਰੀ ਕਰਦਾ ਸੀ। ਉਨ੍ਹਾਂ ਅੱਗੇ ਦੱਸਿਆ ਕਿ ਪਾਕਿਸਤਾਨ ਤੋਂ ਨਸ਼ੀਲੇ ਪਦਾਰਥਾਂ ਦੀ ਖੇਪ ਮੰਗਵਾਉਣ ਲਈ ਡਰੋਨਾਂ ਦੀ ਵਰਤੋਂ ਕੀਤੀ ਜਾ ਰਹੀ ਸੀ।

ਡੀਜੀਪੀ ਨੇ ਕਿਹਾ ਕਿ ਨਵੇਂ ਅਪਰਾਧਿਕ ਕਾਨੂੰਨਾਂ ਦੇ ਉਪਬੰਧਾਂ ਅਨੁਸਾਰ ਗਜ਼ਟਿਡ ਅਫਸਰ ਦੀ ਮੌਜੂਦਗੀ ਵਿੱਚ ਸਮੁੱਚੀ ਤਲਾਸ਼ੀ ਅਤੇ ਬਰਾਮਦਗੀ ਦੀ ਪ੍ਰਕਿਰਿਆ ਦੀ ਵੀਡੀਓਗ੍ਰਾਫੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਜਾਂਚ ਕੀਤੀ ਜਾ ਰਹੀ ਹੈ।

ਆਪ੍ਰੇਸ਼ਨ ਦੇ ਵੇਰਵੇ ਸਾਂਝੇ ਕਰਦਿਆਂ ਪੁਲਿਸ ਕਮਿਸ਼ਨਰ (ਸੀਪੀ) ਅੰਮ੍ਰਿਤਸਰ ਰਣਜੀਤ ਸਿੰਘ ਢਿੱਲੋਂ ਨੇ ਦੱਸਿਆ ਕਿ ਪੁਲਿਸ ਟੀਮਾਂ ਨੂੰ ਠੋਸ ਸੂਚਨਾ ਮਿਲੀ ਸੀ ਕਿ ਨਸ਼ਾ ਤਸਕਰ ਲਖਵਿੰਦਰ ਲੱਖਾ ਨੇ ਨਸ਼ੀਲੇ ਪਦਾਰਥਾਂ ਦੀ ਖੇਪ ਹਾਸਲ ਕੀਤੀ ਹੈ ਅਤੇ ਇਸ ਨੂੰ ਖੇਮਕਰਨ ਤੋਂ ਅੰਮ੍ਰਿਤਸਰ ਡਲਿਵਰ ਕਰਨ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਸੂਚਨਾ ’ਤੇ ਤੁਰੰਤ ਕਾਰਵਾਈ ਕਰਦੇ ਹੋਏ ਏਡੀਸੀਪੀ ਸਿਟੀ-2 ਅਭਿਮਨਿਊ ਰਾਣਾ ਦੀ ਸਮੁੱਚੀ ਨਿਗਰਾਨੀ ਹੇਠ ਸੀਆਈਏ-2 ਦੀਆਂ ਪੁਲਿਸ ਟੀਮਾਂ ਨੇ ਜਾਲ ਵਿਛਾ ਕੇ ਮੁਲਜ਼ਮ ਨੂੰ ਖੇਮਕਰਨ ਦੇ ਇਲਾਕੇ ਤੋਂ ਸਫਲਤਾਪੂਰਵਕ ਕਾਬੂ ਕਰ ਲਿਆ। ਉਨ੍ਹਾਂ ਕਿਹਾ ਕਿ ਇਸ ਸਬੰਧੀ ਅਗਲੇਰੀ ਜਾਂਚ ਜਾਰੀ ਹੈ। ਇਸ ਸਬੰਧੀ ਇੱਕ ਮਾਮਲਾ ਅੰਮ੍ਰਿਤਸਰ ਦੇ ਥਾਣਾ ਇਸਲਾਮਾਬਾਦ ਵਿਖੇ ਐਨਡੀਪੀਐਸ ਐਕਟ ਦੀਆਂ ਧਾਰਾਵਾਂ 21ਸੀ, 23 ਅਤੇ 25 ਤਹਿਤ ਐਫ.ਆਈ.ਆਰ. 130 ਮਿਤੀ 01/07/2024 ਦਰਜ ਹੈ।

# ਹਰਿਆਣਾ ਕੌਸ਼ਲ ਰੁਜਗਾਰ ਨਿਗਮ ਦੇ ਕਰਮਚਾਰੀਆਂ ਨੂੰ ਹਰਿਆਣਾ ਸਰਕਾਰ ਦਾ ਵੱਡਾ ਤੋਹਫਾ

## ➢ ਮੁੱਖ ਮੰਤਰੀ ਨੇ ਐਚਕੇਆਰਐਨ ਕਰਮਚਾਰੀਆਂ ਦੇ ਤਨਖਾਹ ਵਿਚ ਕੀਤਾ 8 ਫੀਸਦੀ ਦਾ ਵਾਧਾ ➢ ਪਹਿਲਾਂ ਦੀ ਸਰਕਾਰਾਂ ਵਿਚ ਕੱਚੇ ਕਰਮਚਾਰੀਆਂ ਦਾ ਹੁੰਦਾ ਸੀ ਸ਼ੋਸ਼ਨ ➢ਸਾਡੀ ਸਰਕਾਰ ਨੇ ਨਿਗਮ ਬਣਾ ਕੇ ਕਰਮਚਾਰੀਆਂ ਨੂੰ ਦਿੱਤੇ ਸਾਰੇ ਲਾਭ - ਨਾਇਬ ਸਿੰਘ

**ਚੰਡੀਗੜ੍ਹ, 5 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਨੇ ਹਰਿਆਣਾ ਕੌਸ਼ਲ ਰੁਜਗਾਰ ਨਿਗਮ (ਐਚਕੇਆਰਐਨ) ਰਾਹੀਂ ਲੱਗੇ ਲੇਵਲ-1, 2 ਅਤੇ 3 ਸ਼੍ਰੇਣੀ ਦੇ 1 ਲੱਖ 19 ਹਜਾਰ ਤੋਂ ਵੱਧ ਕਰਮਚਾਰੀਆਂ ਨੂੰ ਇਕ ਵੱਡਾ ਤੋਹਫਾ ਦਿੰਦੇ ਹੋਏ ਪਹਿਲੀ ਜੁਲਾਈ, 2024 ਤੋਂ ਉਨ੍ਹਾਂ ਦੇ ਤਨਖਾਹ ਵਿਚ 8 ਫੀਸਦੀ ਦਾ ਵਾਧਾ ਕਰਨ ਦਾ ਐਲਾਨ ਕੀਤਾ ਹੈ।

ਮੁੱਖ ਮੰਤਰੀ ਨੇ ਇਹ ਐਲਾਨ ਅੱਜ ਇੱਥੇ ਭਾਰਤੀ ਮਜਦੂਰ ਯੂਨੀਅਨ ਦੇ ਨਾਲ ਆਏ ਵੱਖ-ਵੱਖ ਮਜਦੂਰ ਯੂਨੀਅਨਾਂ ਅਤੇ ਐਚਕੇਆਰਐਨ ਦੇ ਕਰਮਚਾਰੀਆਂ ਦੇ ਨਾਲ ਮੀਟਿੰਗ ਦੌਰਾਨ ਕੀਤਾ। ਇਸ ਮੌਕੇ 'ਤੇ ਵਿਧਾਇਕ ਮੋਹਨ ਲਾਲ ਬੜੌਲੀ, ਸੀਤਾਰਾਮ ਯਾਦਵ ਅਤੇ ਲਛਮਣ ਸਿੰਘ ਯਾਦਵ ਵੀ ਮੌਜੂਦ ਰਹੇ।

ਮੁੱਖ ਮੰਤਰੀ ਨੇ ਕਿਹਾ ਕਿ ਐਚਕੇਆਰਐਨ ਦੇ ਤਹਿਤ ਪਾਰਦਰਸ਼ੀ ਢੰਗ ਨਾਲ ਕਰਮਚਾਰੀਆਂ ਨੂੰ ਰੱਖਿਆ ਗਿਆ ਹੈ। ਲੇਵਲ- 1 ਵਿਚ 71,012। ਲਵਲ-2 ਵਿਚ 26,915 ਅਤੇ ਲੇਵਲ -3 ਵਿਚ 21,934 ਕਰਮਚਾਰੀ ਹਨ। ਉਨ੍ਹਾਂ ਨੇ ਕਿਹਾ ਕਿ ਹਰਿਆਣਾ ਕੌਸ਼ਲ ਰੁਜਗਾਰ ਨਿਗਮ ਦੇ ਤਹਿਤ ਰੱਖੇ ਗਏ ਕਰਮਚਾਰੀਆਂ ਵਿਚ ਅਨੁਸੂਚਿਤ ਜਾਤੀ ਅਤੇ ਪਿਛੜੇ ਵਰਗ ਦੇ ਨੌਜੁਆਨਾਂ ਨੂੰ ਵੀ ਲਾਭ ਦਿੱਤਾ ਹੈ। ਡੇਪਲਾਈਮੈਂਟ ਆਫ ਕੰਟਰੈਕਚੂਅਲ ਪੋਲਿਸੀ ਤਹਿਤ ਨਿਗਮ ਵਿਚ ਕਰਮਚਾਰੀਆਂ ਨੂੰ ਨਿਯੁਕਤ ਕੀਤਾ ਹੈ।

**ਪਹਿਲਾਂ ਦੀ ਸਰਕਾਰਾਂ ਵਿਚ ਕੱਚੇ ਕਰਮਚਾਰੀਆਂ ਦਾ ਹੁੰਦਾ ਸੀ ਸ਼ੋਸ਼ਨ**

ਸ੍ਰੀ ਨਾਇਬ ਸਿੰਘ ਨੇ ਕਿਹਾ ਕਿ ਕਾਂਗਰਸ ਸਰਕਾਰ ਦੇ ਸਮੇਂ ਆਊਟਸੋਰਸਿੰਗ ਪੋਲਿਸੀ ਪਾਰਟ-1 ਅਤੇ ਪਾਰਟ-2 ਤਹਿਤ ਲੱਗੇ ਕੱਚੇ ਕਰਮਚਾਰੀਆਂ ਦਾ ਸ਼ੋਸ਼ਨ ਹੁੰਦਾ ਸੀ। ਠੇਕੇਦਾਰ ਕਰਮਚਾਰੀ ਨੂੰ ਨਾ ਤਾਂ ਈਪੀਐਫ ਦਾ ਲਾਭ ਦਿੰਦਾ ਸੀ ਅਤੇ ਨਾ ਹੀ ਈਐਸਆਈ ਦਾ ਲਾਭ ਦਿੰਦਾ ਸੀ। ਇੰਨ੍ਹਾਂ ਹੀ ਨਹੀਂ, ਲੇਬਰ ਫੰਡ ਦੇ ਤਹਿਤ ਵੀ ਯੋਜਨਾਵਾਂ ਦਾ ਲਾਭ ਕਰਮਚਾਰੀ ਨੂੰ ਨਹੀਂਮਿਲਦਾ ਸੀ। ਠੇਕੇਦਾਰ ਆਪਣੀ ਮਨ ਮਰਜੀ ਨਾਲ ਕਰਮਚਾਰੀ ਨੂੰ ਨੌਕਰੀ ਤੋਂ ਵੀ ਹਟਾ ਦਿੰਦਾ ਸੀ।

ਉਨ੍ਹਾਂ ਨੇ ਕਿਹਾ ਕਿ ਕਰਮਚਾਰੀਆਂ ਨੂੰ ਸ਼ੋਸ਼ਨ ਤੋਂ ਬਚਾਉਣ ਲਈ ਸੂਬਾ ਸਰਕਾਰ ਨੇ ਇਕ ਸਿਸਟਮ ਬਣਾਇਆ, ਜਿਸ ਦੇ ਤਹਿਤ ਹਰਿਆਣਾ ਕੌਸ਼ਲ ਰੁਜਗਾਰ ਨਿਗਮ ਦਾ ਗਠਨ ਕੀਤਾ। ਅੱਜ ਕਰਮਚਾਰੀਆਂ ਨੂੰ ਈਪੀਐਫ ਅਤੇ ਈਐਸਆਈ ਸਮੇਤ ਸਮੇਂ 'ਤੇ ਤਨਖਾਹ ਮਿਲ ਰਹੀ ਹੈ। ਹੁਣ ਜਿਸ ਵੀ ਵਿਭਾਗ ਜਾਂ ਨਿਜੀ ਸੰਸਥਾਨਾਂ ਨੂੰ ਜਿਸ ਤਰ੍ਹਾ ਦੇ ਕੌਸ਼ਲ ਮੈਨਪਾਵਰ ਦੀ ਜਰੂਰੀ ਹੁੰਦੀ ਹੈ, ਉਸ ਦੀ ਪੂਰਤੀ ਕੌਸ਼ਲ ਰੁਜਗਾਰ ਨਿਗਮ ਰਾਹੀਂ ਕੀਤੀ ਜਾ ਰਹੀ ਹੈ।

ਉਨ੍ਹਾਂ ਨੇ ਕਿਹਾ ਕਿ ਪਿਛਲੀ ਸਰਕਾਰ ਦੇ ਸਮੇਂ ਕਿਸੇ ਕਰਮਚਾਰੀਆਂ ਦੇ ਨਾਲ ਦੁਰਘਟਨਾ ਹੋ ਜਾਂਦੀ ਸੀ ਤਾਂ ਉਸ ਨੂੰ ਕੋਈ ਲਾਭ ਨਹੀਂ ਮਿਲਦਾ ਸੀ, ਉਹ ਠੇਕੇਦਾਰ ਦੇ ਚੱਕਰ ਕੱਟਦਾ ਰਹਿੰਦਾ ਸੀ। ਅਸੀਂ ਨਿਗਮ ਬਣਾਇਆ ਅਤੇ ਕਿਸੇ ਵੀ ਦੁਰਘਟਨਾ ਦੀ ਸਥਿਤੀ ਵਿਚ ਸਹਾਇਤਾਂ ਕਰਨ ਦੇ ਲਈ ਸਰਕਾਰ ਮਜਬੂਤੀ ਨਾਲ ਕਰਮਚਾਰੀ ਦੇ ਨਾਲ ਖੜੀ ਹੈ।

**ਵਾਧੇ ਦੇ ਬਾਅਦ ਸ਼੍ਰੇਣੀਵਾਰ ਇੰਨ੍ਹਾਂ ਮਿਲੇਗੀ ਤਨਖਾਹ**

ਮੀਟਿੰਗ ਵਿਚ ਜਾਣਕਾਰੀ ਦਿੱਤੀ ਗਈ ਕਿ ਪਹਿਲੀ ਜੁਲਾਈ, 2024 ਤੋਂ ਹੁਣ ਸ਼੍ਰੇਣੀ-1 ਦੇ ਜਿਲ੍ਹਿਆਂ ਵਿਚ ਲੇਵਲ-1 ਕਰਮਚਾਰੀਆਂ ਨੂੰ 18,400 ਰੁਪਏ ਤੋਂ ਵੱਧ ਕੇ 19,872 ਰੁਪਏ, ਲੇਵਲ-2 ਕਰਮਚਾਰੀਆਂ ਨੂੰ 21,650 ਰੁਪਏ ਤੋਂ 23,382 ਰੁਪਏ ਅਤੇ ਲੇਵਲ-3 ਕਰਮਚਾਰੀਆਂ ਨੂੰ 22।300 ਰੁਪਏ ਤੋਂ ਵੱਧ ਕੇ 24,084 ਰੁਪਏ ਤਨਖਾਹ ਮਿਲੇਗੀ।

ਸ਼੍ਰੇਣੀ-2 ਦੇ ਜਿਲ੍ਹਿਆਂ ਵਿਚ ਲੇਵਲ-1 ਕਰਮਚਾਰੀਆਂ ਨੂੰ 16,250 ਰੁਪਏ ਤੋਂ ਵੱਧ ਕੇ 17,550 ਰੁਪਏ, ਲੇਵਲ-2 ਕਰਮਚਾਰੀਆਂ ਨੂੰ 19,450 ਰੁਪਏ ਤੋਂ 21,600 ਰੁਪਏ ਅਤੇ ਲੇਵਲ -3 ਕਰਮਚਾਰੀਆਂ ਨੂੰ 20,100 ਰੁਪਏ ਤੋਂ ਵੱਧ ਕੇ 21,708 ਰੁਪਏ ਦੀ ਤਨਖਾਹ ਮਿਲੇਗੀ। ਇਸੀ ਤਰ੍ਹਾ ਸ਼੍ਰੇਣੀ-3 ਦੇ ਜਿਲ੍ਹਿਆਂ ਵਿਚ ਲੇਵਲ-1 ਕਰਮਚਾਰੀਆਂ ਨੂੰ 15,050 ਰੁਪਏ ਤੋਂ ਵੱਧ ਕੇ 16,254 ਰੁਪਏ, ਲੇਵਲ-2 ਕਰਮਚਾਰੀਆਂ ਨੂੰ 18,300 ਰੁਪਏ ਤੋਂ 19,764 ਰੁਪਏ ਅਤੇ ਲੇਵਲੇ -3 ਕਰਮਚਾਰੀਆਂ ਨੂੰ 18,900 ਰੁਪਏ ਤੋਂ ਵੱਧ ਕੇ 20,412 ਰੁਪਏ ਤਨਖਾਹ ਮਿਲੇਗੀ।

ਮੀਟਿੰਗ ਵਿਚ ਕਿਰਤ ਵਿਭਾਗ ਦੇ ਪ੍ਰਧਾਨ ਸਕੱਤਰ ਰਾਜੀਵ ਰੰਜਨ, ਕਮਿਸ਼ਨਰ ਮਨੀਰਾਮ ਸ਼ਰਮਾ, ਮੁੱਖ ਮੰਤਰੀ ਦੇ ਰਾਜਨੀਤਿਕ ਸਲਾਹਕਾਰ ਭਾਰਤ ਭੂਸ਼ਣ ਭਾਰਤੀ, ਭਾਰਤੀ ਮਜਦੂਰ ਯੂਨੀਅਨ, ਹਰਿਆਣਾ ਇਕਾਈ ਦੇ ਚੇਅਰਮੈਨ ਅਸ਼ੋਕ ਸਮੇਤ ਹੋਰ ਅਧਿਕਾਰੀ ਮੌਜੂਦ ਸਨ।

# ਹਰਿਆਣਾ ਵਿਚ 30 ਸਤੰਬਰ ਤਕ ਪਹਿਲਾਂ ਤਸਦੀਕ ਦੇ ਬਿਨ੍ਹਾ ਹੋ ਸਕੇਗੀ ਉਮੀਦਵਾਰਾਂ ਦੀ ਨਿਯੁਕਤੀ

## ਅੰਤਰਿਮ ਨਿਯੁਕਤੀ ਦੇ ਬਾਅਦ ਦੋ ਮਹੀਨੇ ਦੇ ਅੰਦਰ ਪੂਰਾ ਕੀਤਾ ਜਾਵੇਗਾ ਦਸਤਾਵੇਜਾਂ ਦੀ ਤਸਦੀਕ

**ਚੰਡੀਗੜ੍ਹ, 5 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਨੇ ਫੈਸਲਾ ਕੀਤਾ ਹੈ ਕਿ 30 ਸਤੰਬਰ, 2024 ਤਕ ਹਰਿਆਣਾ ਕਰਮਚਾਰੀ ਚੋਣ ਕਮਿਸ਼ਨ ਅਤੇ ਹਰਿਆਣਾ ਲੋਕ ਸੇਵਾ ਆਯੋਗ ਵੱਲੋਂ ਕਿਸੇ ਵੀ ਅਹੁਦੇ 'ਤੇ ਨਿਯੁਕਤੀ ਦੇ ਸਬੰਧ ਵਿਚ ਅਨੁਸ਼ੰਸਿਤ ਸਾਰੇ ਉਮੀਦਵਾਰਾਂ ਨੂੰ ਉਨ੍ਹਾਂ ਦੇ ਚਰਿਤਰ, ਪਿਛੋਕੜ ਅਤੇ ਨਿਯੁਕਤੀ ਦੇ ਲਈ ਜਰੂਰੀ ਸਾਰੇ ਦਸਤਾਵੇਜਾਂ ਦੇ ਪਹਿਲਾਂ ਤਸਦੀਕ ਦੇ ਬਿਨ੍ਹਾਂ ਅੰਤਰਿਮ ਅਧਾਰ 'ਤੇ ਨਿਯੁਕਤ ਕੀਤਾ ਜਾ ਸਕਦਾ ਹੈ।

ਮੁੱਖ ਸਕੱਤਰ ਦਫਤਰ ਵੱਲੋਂ ਇਸ ਸਬੰਧ ਦਾ ਇਕ ਪੱਤਰ ਜਾਰੀ ਕੀਤਾ ਗਿਆ ਹੈ। ਪੱਤਰ ਦੇ ਅਨੁਸਾਰ ਚਰਿੱਤਰ, ਪਿਛੋਕੜ ਅਤੇ ਅੰਤਿਮ ਨਿਯੁਕਤੀ ਲਈ ਜਰੂਰੀ ਸਾਰੇ ਹੋਰ ਦਸਤਾਵੇਜਾਂ ਦੀ ਤਸਦੀਕ ਤਿੰਨ ਮਹੀਨੇ ਦੀ ਥਾਂ ਉਨ੍ਹਾਂ ਦੀ ਅੰਤਰਿਮ ਨਿਯੂਕਤੀ ਦੇ ਬਾਅਦ ਦੋ ਮਹੀਨੇ ਦੇ ਸਮੇਂ ਦੇ ਅੰਦਰ ਪੂਰਾ ਕੀਤਾ ਜਾਵੇਗਾ।

ਸਾਰੇ ਪ੍ਰਸ਼ਾਸ਼ਨਿਕ ਸਕੱਤਰਾਂ, ਵਿਭਾਗ ਪ੍ਰਮੁੱਖਾਂ, ਸਾਰੇ ਬੋਰਡਾਂ, ਨਿਗਮਾਂ, ਪਬਲਿਕ ਖੇਤਰ ਦੇ ਇੰਟਰਪ੍ਰਾਈਸਿਸ ਦੇ ਮੁੱਖ ਪ੍ਰਸਾਸ਼ਕਾਂ ਅਤੇ ਪ੍ਰਬੰਧ ਨਿਦੇਸ਼ਕਾਂ, ਸਾਰੇ ਡਿਵੀਜਨਲ ਕਮਿਸ਼ਨਰਾਂ ਅਤੇ ਡਿਪਟੀ ਕਮਿਸ਼ਨਰਾਂ ਅਤੇ ਰਾਜ ਦੇ ਸਾਰੇ ਯੂਨੀਵਰਸਿਟੀਆਂ ਦੇ ਰਜਿਸਟਰਾਰਾਂ ਨੂੰ ਇੰਨ੍ਹਾਂ ਨਿਰਦੇਸ਼ਾਂ ਦਾ ਪਾਲਣ ਯਕੀਨੀ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

# ਹਰਿਆਣਾ ਦੇ ਮੁੱਖ ਮੰਤਰੀ ਨੇ ਐਮਐਮਐਮਆਈਵਾਈ ਤਹਿਤ 3 ਲੱਖ ਰੁਪਏ ਤਕ ਦੇ ਮੁਫਤ ਕਿਡਨੀ ਅਤੇ ਲਿਵਰ ਟ੍ਰਾਂਸਪਲਾਂਟ ਨੂੰ ਪ੍ਰਦਾਨ ਕੀਤੀ ਮੰਜੂਰੀ

## ਪੀਐਮਜੇਏਵਾਈ-ਏਬੀ ਯੋਜਨਾ ਤਹਿਤ 3 ਲੱਖ ਰੁਪਏ ਦੇ ਵਿਸ਼ੇਸ਼ ਫਿਕਸਡ ਕਿਡਨੀ ਅਤੇ ਲਿਵਰ ਟ੍ਰਾਂਸਪਲਾਂਟ ਪੈਕੇਜ ਨੂੰ ਵੀ ਦਿੱਤੀ ਮੰਜੂਰੀ

**ਚੰਡੀਗੜ੍ਹ, 5 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਵਿਚ ਸਿਹਤ ਸੇਵਾਵਾਂ ਦੀ ਪਹੁੰਚ ਨੂੰ ਵਧਾਉਣ ਲਈ ਇਕ ਮਹਤੱਵਪੂਰਨ ਕਦਮ ਚੁੱਕਦੇ ਹੋਏ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਨੇ ਇਕ ਇਤਿਹਾਸਕ ਪਹਿਲ ਨੂੰ ਮੰਜੂਰੀ ਪ੍ਰਦਾਨ ਕੀਤੀ ਹੈ, ਜਿਸ ਦੇ ਤਹਿਤ ਮੁੱਖ ਮੰਤਰੀ ਮੁਫਤ ਇਲਾਜ ਯੋਜਨਾ ਤਹਿਤ ਯੋਗ ਰੋਗੀਆਂ ਨੂੰ 3 ਲੱਖ ਰੁਪਏ ਤਕ ਦੀ ਮੁਫਤ ਕਿਡਨੀ ਅਤੇ ਲਿਵਰ ਟ੍ਰਾਂਸਪਲਾਂਟ ਸੇਵਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ। ਇਸ ਬਦਲਾਅਕਾਰੀ ਕਦਮ ਤੋਂ ਇਲਾਵਾ, ਮੁੱਖ ਮੰਤਰੀ ਨੇ ਪ੍ਰਧਾਨ ਮੰਤਰੀ ਜਨ ਅਰੋਗਯ ਯੋਜਨਾ-ਆਯੂਸ਼ਮਾਨ ਭਾਰਤ ਯੋਜਨਾ ਤਹਿਤ 3 ਲੱਖ ਰੁਪਏ ਦੇ ਵਿਸ਼ੇਸ਼ ਫਿਕਸਡ ਕਿਡਨੀਅਤੇ ਲਿਵਰ ਟ੍ਰਾਂਸਪਲਾਂਟ ਪੈਕੇਜ ਦੇ ਨਿਰਮਾਣ ਨੂੰ ਵੀ ਮੰਜੂਰੀ ਦਿੱਤੀ ਹੈ।

ਸਿਹਤ, ਮੈਡੀਕਲ ਸਿਖਿਆ ਅਤੇ ਖੋਜ ਮੰਤਰੀ ਡਾ. ਕਮਲ ਗੁਪਤਾ ਨੇ ਅੱਜ ਇੱਥੇ ਇਹ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਮੌਜੂਦਾ ਸਰਕਾਰ ਸਿਹਤ ਸੇਵਾਵਾਂ ਵਿਚ ਸੁਧਾਰ ਅਤੇ ਰੋਗੀ ਭਲਾਈ ਲਈ ਪ੍ਰਤੀਬੱਧ ਹੈ। ਇਸ ਨਵੀਂ ਪਹਿਲ ਦੇ ਨਾਲ ਚੋਣ ਕੀਮੇ ਮਰੀਜ ਪੋਸਟ ਗਰੈਜੂਏਟ ਇੰਸਟੀਟਿਊਟ ਆਫ ਮੈਡੀਕਲ ਸਾਇੰਸੇਜ ਰੋਰਤਕ ਵਿਚ ਬਿਨ੍ਹਾਂ ਕਿਸੇ ਖਰਚ ਦੀ ਚਿੰਤਾ ਦੇ ਗੰਭੀਰ ਕਿਡਨੀ ਅਤੇ ਲਿਵਰ ਟ੍ਰਾਂਸਪਲਾਂਟ ਕਰਵਾ ਸਕਣਗੇ।

ਇੰਨ੍ਹਾਂ ਮਹਤੱਵਪੂਰਨ ਫੈਸਲਿਆਂ ਦਾ ਉਦੇਸ਼ ਉਨ੍ਹਾਂ ਲੋਕਾਂ ਨੂੰ ਜੀਵਨ ਰੱਖਿਅਤ ਮੈਡੀਕਲ ਉਪਚਾਰ ਪ੍ਰਦਾਨ ਕਰਨਾ ਹੈ, ਜਿਨ੍ਹਾਂ ਨੂੰ ਇਸ ਦੀ ਸਖਤ ਜ਼ਰੂਰਤ ਹੈ, ਤਾਂ ਜੋ ਇਹ ਯਕੀਨੀ ਕੀਤਾ ਜਾ ਸਕੇ ਕਿ ਵਿੱਤੀ ਰੁਕਾਵਟਾਂ ਦੇ ਕਾਰਨ ਕਿਸੇ ਨੂੰ ਵੀ ਜਰੂਰੀ ਸਿਹਤ ਸੇਵਾ ਤੋਂ ਵਾਂਝਾਂ ਨਾ ਰਹਿਣਾ ਪਵੇ।

ਉਨ੍ਹਾਂ ਨੇ ਕਿਹਾ ਕਿ ਮੁਸ਼ਕਲ ਮੈਡੀਕਲ ਪ੍ਰਕ੍ਰਿਆਵਾਂ ਨਾਲ ਜੁੜੇ ਵਿੱਤੀ ਬੋਝ ਨੂੰ ਘੱਟ ਕਰ ਕੇ ਸੂਬਾ ਸਰਕਾਰ ਇਕ ਅਜਿਹੇ ਭਵਿੱਖ ਦਾ ਮਾਰਗ ਪ੍ਰਸ਼ਸ਼ਤ ਕਰ ਰਹੀ ਹੈ, ਜਿੱਥੇ ਸਿਹਤ ਸੇਵਾ ਸਾਰਿਆਂ ਲਈ ਇਕ ਮੁੱਢਲਾ ਅਧਿਕਾਰ ਹੋਵੇਗਾ, ਚਾਹੇ ਉਨ੍ਹਾਂ ਦੀ ਆਰਥਕ ਸਥਿਤੀ ਕੁੱਝ ਵੀ ਹੋਵੇ।

ਮੰਤਰੀ ਨੇ ਕਿਹਾ ਕਿ ਪਹਿਲਾਂ ਐਮਐਮਐਮਆਈਵਾਈ ਦੇ ਤਹਿਤ ਕਿਡਨੀ ਜਾਂ ਲਿਵਰ ਟ੍ਰਾਂਸਪਲਾਂਟ ਨਾਲ ਸਬੰਧਿਤ ਖਰਚੇ ਨੂੰ ਕਵਰ ਕਰਨ ਦਾ ਕੋਈ ਪ੍ਰਾਵਧਾਨ ਨਹੀਂ ਸੀ। ਜਿਸ ਦੇ ਕਾਰਨ ਜਰੂਰਤਮੰਦ ਰੋਗੀਆਂ ਨੂੰ ਉਪਚਾਰ ਲਈ ਦੁਰਗਮ ਰੁਕਾਵਟਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਪਹਿਲੀ ਵਾਰ ਕਿਸੇ ਸਰਕਾਰੀ ਸਿਹਤ ਸੇਵਾ ਸੰਸਥਾਨ ਵਿਚ ਇਸ ਸਹੂਲਤ ਦੀ ਸ਼ੁਰੂਆਤ ਹੋਣਾ ਇਸ ਅੰਤਰ ਨੂੰ ਪਾਟਣ ਅਤੇ ਸਮਾਜ ਦੇ ਸੱਭ ਤੋਂ ਕਮਜੋਰ ਵਰਗਾਂ ਨੂੰ ਵਿਆਪਕ ਦੇਖਭਾਲ ਪ੍ਰਦਾਨ ਕਰਨ ਦੀ ਦਿਸ਼ਾ ਵਿਚ ਇਕ ਮਹਤੱਵਪੂਰਨ ਕਦਮ ਹੈ।

**ਸਿਹਤ ਸੇਵਾਵਾਂ ਵਿਚ ਐਕਸੀਲੈਂਸ ਲਈ ਪ੍ਰਤੀਬੱਧਤਾ, ਹੋ ਰਿਹਾ ਲਗਾਤਾਰ ਸੁਧਾਰ**

ਡਾ. ਗੁਪਤਾ ਨੇ ਪੂਰੇ ਹਰਿਆਣਾ ਵਿਚ ਸਿਹਤ ਸੇਵਾਵਾਂ ਨੂੰ ਵਧਾਉਣ ਦੇ ਲਈ ਸੂਬਾ ਸਰਕਾਰ ਦੀ ਅਟੁੱਟ ਪ੍ਰਤੀਬੱਧਤਾ 'ਤੇ ਜੋਰ ਦਿੰਦੇ ਹੋਏ ਕਿਹਾ ਕਿ ਇਹ ਪਹਿਲ ਸਾਰੇ ਰੋਗੀਆਂ, ਵਿਸ਼ੇਸ਼ਕਰ ਜਰੂਰਤਮੰਦਾਂ ਨੂੰ ਕਿਫਾਇਤੀ ਅਤੇ ਸਰਲ ਉਪਚਾਰ ਉਪਲਬਧ ਕਰਾਉਣ ਦੀ ਸਾਡੀ ਪ੍ਰਾਥਮਿਕਤਾ ਨੂੰ ਦਰਸ਼ਾਉਂਦਾ ਹੈ। ਸਿਹਤ ਸਹੂਲਤਾਂ ਵਿਚ ਲਗਾਤਾਰ ਸੁਧਾਰ ਅਤੇ ਸੇਵਾਵਾਂ ਦੇ ਦਾਇਰੇ ਦਾ ਵਿਸਤਾਰ ਕਰ ਕੇ, ਸਾਡੇ ਟੀਚੇ ਇਹ ਯਕੀਨੀ ਕਰਨਾ ਹੈ ਕਿ ਹਰੇਕ ਨਾਗਰਿਕ ਨੂੰ ਉੱਚ ਗੁਣਵੱਤਾ ਵਾਲੀ ਮੈਡੀਕਲ ਦੇਖਭਾਲ ਤਕ ਪਹੁੰਚ ਪ੍ਰਾਪਤ ਹੋਵੇ।

# ਸਿਹਤ ਮੰਤਰੀ ਨੇ ਦਿੱਤੇ ਮੀਟਿੰਗ ਵਿਚ ਨਾ ਪਹੁੰਚਣ ਵਾਲੇ ਅਧਿਕਾਰੀਆਂ ਦੇ ਖਿਲਾਫ ਅਨੁਸਾਸ਼ਨਾਤਮਕ ਕਾਰਵਾਈ ਦੇ ਨਿਰਦੇਸ਼



**ਚੰਡੀਗੜ੍ਹ, 5 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਸਿਹਤ, ਮੈਡੀਕਲ ਸਿਖਿਆ ਅਤੇ ਖੋਜ , ਆਯੂਸ਼ ਅਤੇ ਸਿਵਲ ਏਵੀਏਸ਼ਨ ਮੰਤਰੀ ਡਾ. ਕਮਲ ਗੁਪਤਾ ਨੇ ਜਿਲ੍ਹਾ ਲੋਕ ਸੰਪਰਕ ਅਤੇ ਸ਼ਿਕਾਇਤ ਹੱਲ ਕਮੇਟੀ ਦੀ ਮੀਟਿੰਗ ਵਿਚ ਨਾ ਪਹੁੰਚਣ ਵਾਲੇ ਅਧਿਕਾਰੀਆਂ ਦੇ ਖਿਲਾਫ ਅਨੁਸਾਸ਼ਨਾਤਮਕ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਨੇ ਸਮਾਜ ਭਲਾਈ ਅਧਿਕਾਰੀ ਫਤਿਹਾਬਾਦ, ਰਤਿਆ ਦੇ ਬੀਡੀਪੀਓ, ਮਾਰਕਿਟ ਕਮੇਟੀ ਟੋਹਾਨਾ ਦੇ ਸਕੱਤਰ, ਪਸ਼ੂਪਾਲਣ ਵਿਭਾਗ ਦੇ ਉੱਪ ਨਿਦੇਸ਼ਕ ਤੇ ਜਿਲ੍ਹਾ ਖੇਡ ਅਧਿਕਾਰੀ ਦੇ ਖਿਲਾਫ ਕਾਰਨ ਦੱਸੋ ਨੋਟਿਸ ਜਾਰੀ ਕਰਦੇ ਹੋਏ ਅਨੁਸ਼ਾਸਨਾਤਮਕ ਦੀ ਅਨੁਸ਼ੰਸਾ ਕੀਤੀ ਹੈ।

ਡਾ. ਕਮਲ ਗੁਪਤਾ ਅੱਜ ਫਤਿਹਾਬਾਦ ਵਿਚ ਪ੍ਰਬੰਧਿਤ ਹੋਈ ਜਿਲ੍ਹਾ ਲੋਕ ਸੰਪਰਕ ਅਤੇ ਸ਼ਿਕਾਇਤ ਹੱਲ ਕਮੇਟੀ ਮੀਟਿੰਗ ਦੀ ਅਗਵਾਈ ਕਰ ਰਹੇ ਸਨ। ਸਿਹਤ ਮੰਤਰੀ ਨੇ ਕਿਹਾ ਕਿ ਮੀਟਿੰਗ ਵਿਚ ਨਾ ਆਉਣਾ ਗੰਭੀਰ ਵਿਸ਼ਾ ਹੈ ਅਤੇ ਅਜਿਹੇ ਅਧਿਕਾਰੀਆਂ ਨੂੰ ਕਿਸੇ ਵੀ ਸੂਰਤ ਵਿਚ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਨੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਸਰਕਾਰ ਦੀ ਯੋਜਨਾਵਾਂ ਨੂੰ ਸਮੇਂਬੱਧ ਢੰਗ ਨਾਲ ਨਾਗਰਿਕਾਂ ਨੂੰ ਦੇਣਾ ਸਕੀਨੀ ਕਰਨ।

ਸਿਹਤ ਮੰਤਰੀ ਨੇ ਮੀਟਿੰਗ ਦੀ ਅਗਵਾਈ ਕਰਦੇ ਹੋਏ ਕੁੱਲ 11 ਸ਼ਿਕਾਇਤਾਂ ਦੀ ਸੁਣਵਾਈ ਕਰਦੇ ਹੋਏ ਮੌਕੇ 'ਤੇ 7 ਸ਼ਿਕਾਇਤਾਂ ਦਾ ਨਿਪਟਾਰਾ ਕੀਤਾ ਅਤੇ ਪੈਂਡਿੰਗ ਮਾਮਲਿਆਂ ਵਿਚ ਤੁਰੰਤ ਕਾਰਵਾਈ ਕਰਨ ਦੇ ਆਦੇਸ਼ ਦਿੱਤੇ।

# ਗੁਰਦੁਆਰਾ ਚਿੱਲਾ ਸਾਹਿਬ ਦੇ ਨਾਂ ਜ਼ਮੀਨ ਦੇਣਾ ਸ਼ਲਾਘਾਯੋਗ ਕਦਮ: ਅਸੰਧ

**ਸ਼ਾਹਬਾਦ ਮਾਰਕੰਡਾ, 5 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਜਥੇਦਾਰ ਭੁਪਿੰਦਰ ਸਿੰਘ ਅਸੰਧ ਨੇ ਕਿਹਾ ਹੈ ਕਿ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਇਤਿਹਾਸਕ ਗੁਰਦੁਆਰਾ ਚਿੱਲਾ ਸਾਹਿਬ ਦੇ ਨਾਂ 9.45 ਏਕੜ ਜ਼ਮੀਨ ਕਰ ਕੇ ਸੂਬਾ ਸਰਕਾਰ ਨੇ ਇਕ ਬਹੁਤ ਹੀ ਸ਼ਲਾਘਾਯੋਗ ਕਦਮ ਚੁੱਕਿਆ ਹੈ। ਜਥੇਦਾਰ ਨੇ ਕਿਹਾ ਕਿ ਸਿਰਸਾ ਜ਼ਿਲ੍ਹੇ ਵਿਚ ਸਥਿਤ ਗੁਰਦੁਆਰਾ ਚਿੱਲਾ ਸਾਹਿਬ ਦੇ ਨਾਂ ਜ਼ਮੀਨ ਕਰਨ ਦਾ ਹਰਿਆਣਾ ਮੰਤਰੀ ਮੰਡਲ ਦੀ ਮੀਟਿੰਗ ਵਿਚ ਫੈਸਲਾ ਲੈ ਕੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਤੇ ਉਨ੍ਹਾਂ ਦੀ ਕੈਬਨਿਟ ਨੇ ਗੁਰੂ ਘਰ ਪ੍ਰਤੀ ਆਪਣੀ ਸ਼ਰਧਾ ਪ੍ਰਗਟਾਈ ਹੈ।

ਉਨ੍ਹਾਂ ਦੱਸਿਆ ਕਿ ਇਸ ਥਾਂ 'ਤੇ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਅਸਥਾਨ 'ਤੇ ਸੰਗਤਾ ਨੂੰ ਅਕਾਲ ਪੁਰਖ ਨਾਲ ਜੋੜਿਆ ਸੀ ਤੇ ਸੱਚ ਦੇ ਰਾਹ 'ਤੇ ਚੱਲਣ ਦੀ ਪ੍ਰੇਰਨਾ ਦਿੱਤੀ ਸੀ। ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਸਿੱਖਾਂ ਦੀ ਬਿਹਤਰੀ ਲਈ ਪਹਿਲਾਂ ਵੀ ਕਈ ਕਾਰਜ ਕਰ ਚੁੱਕੀ ਹੈ ਤੇ ਕਰ ਰਹੀ ਹੈ। ਜਥੇਦਾਰ ਨੇ ਕਿਹਾ ਕਿ ਕਾਂਗਰਸ ਨੇ



1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਦਾ ਪਨਾਹ ਹੀ ਦਿੱਤੀ ਹੈ, ਜਦੋਂਕਿ ਭਾਜਪਾ ਨੇ ਇਸ ਘਿਣਾਉਣੇ ਅਪਰਾਧ ਦੇ ਦੋਸ਼ੀਆਂ ਖ਼ਿਲਾਫ਼ ਕਾਨੂੰਨੀ ਕਾਰਵਾਈਆਂ ਕਰ ਕੇ ਉਨ੍ਹਾਂ ਨੂੰ ਸਜ਼ਾਵਾਂ ਦਿਵਾਈਆਂ ਹਨ। ਉਨ੍ਹਾਂ ਕਿਹਾ ਕਿ ਭਾਜਪਾ ਨੇ ਸਿੱਟ ਦਾ ਗਠਨ ਕਰ ਕੇ ਸਿੱਖ ਵਿਰੋਧੀ ਦੰਗਿਆਂ ਵਿੱਚ ਸ਼ਾਮਲ ਲੋਕਾਂ ਖ਼ਿਲਾਫ਼ ਕਾਰਵਾਈ ਕੀਤੀ ਹੈ ਤੇ ਕਈ ਦੋਸ਼ੀਆਂ ਨੂੰ ਉਮਰ ਕੈਦ ਤੱਕ ਦੀ ਸਜ਼ਾ ਸੁਣਾਈ ਹੈ।

ਉਨ੍ਹਾਂ ਕਿਹਾ ਕਿ ਇੰਨਾ ਹੀ ਨਹੀਂ ਭਾਜਪਾ ਨੇ ਗੁਰਦੁਆਰਾ ਸਾਹਿਬਾਨ ਦੇ ਲੰਗਰਾਂ ਤੇ ਹੋਰ ਵਸਤੂਆਂ 'ਤੇ ਜੀਐੱਸਟੀ ਮੁਆਫ ਕੀਤੀ ਹੋਈ ਹੈ ਤੇ ਇਸ ਦੇ ਨਾਲ ਹੀ ਭਾਜਪਾ ਨੇ ਕਰਤਾਰਪੁਰ ਲਾਂਘੇ ਦਾ ਨਿਰਮਾਣ ਕਰਵਾ ਕੇ ਸਿੱਖਾਂ ਨੂੰ ਅਨਮੋਲ ਤੋਹਫਾ ਦਿੱਤਾ ਹੈ। ਕਮੇਟੀ ਦੇ ਬੁਲਾਰੇ ਕੰਵਲਜੀਤ ਸਿੰਘ ਅਜਰਾਣਾ ਨੇ ਕਿਹਾ ਕਿ ਜਿਸ ਜ਼ਮੀਨ 'ਤੇ ਉਕਤ ਗੁਰਦੁਆਰਾ ਸਾਹਿਬ ਬਣਾਇਆ ਗਿਆ ਹੈ, ਉਹ ਜ਼ਮੀਨ ਗੁਰਦੁਆਰਾ ਸਾਹਿਬ ਦੇ ਨਾਂ ਨਹੀਂ ਸੀ ਪਰ ਹੁਣ ਸੂਬੇ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਗੁਰੂ ਘਰ ਤੇ ਸਿੱਖ ਧਰਮ ਵਿਚ ਆਸਥਾ ਰੱਖਦੇ ਹੋਏ ਕਰੀਬ 9.25 ਏਕੜ ਜ਼ਮੀਨ ਗੁਰਦੁਆਰਾ ਸਾਹਿਬ ਦੇ ਨਾਂ ਕਰਨ ਦਾ ਪ੍ਰਸਤਾਵ ਪਾਸ ਕੀਤਾ ਹੈ।

# ਹਰਿਆਣਾ ਸਰਕਾਰ ਹਾਈ ਕੋਰਟ ਨੂੰ ਉਪਲਬਧ ਕਰਵਾਏਗੀ ਸਥਾਨਕ ਕਾਨੂੰਨਾਂ ਦੀ ਸਾਫਟ ਕਾਪੀ

**ਚੰਡੀਗੜ੍ਹ, 5 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਨੇ ਸਾਰੇ ਵਿਭਾਗ ਪ੍ਰਮੁੱਖਾਂ ਨੂੰ ਰਾਜ ਦੇ ਸਥਾਨਕ ਕਾਨੂੰਨਾਂ ਦੀ ਅੰਗ੍ਰੇਜੀ ਅਤੇ ਸਬੰਧਿਤ ਸਥਾਕ ਭਾਸ਼ਾ ਵਿਚ ਸਾਫਟ ਕਾਪੀ ਯਾਨੀ ਰਾਜ ਅਧਿਕਾਰੀਆਂ ਅਤੇ ਸੁਬੋਰਡੀਨੇਟ ਵਿਧਾਨਾਂ (ਉਨ੍ਹਾਂ ਦੇ ਅਧੀਨ ਬਣਾਏ ਗਏ ਨਿਯਮਾਂ) ਦਾ ਅਪਡੇਟ ਵਰਜਨ, ਜਿਸ ਵਿਚ ਸਾਰੇ ਸੋਧਾਂ ਨੂੰ ਸ਼ਾਮਿਲ ਕੀਤਾ ਗਿਆ ਹੋਵੇ, ਪੀਡੀਐਫ ਪ੍ਰਾਰੂਪ ਵਿਚ ਏਕਲ ਫਾਇਲ ਵਜੋ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਰਜਿਸਟਰਾਰ ਜਨਰਲ ਨੂੰ ਸਿੱਧੇ ਉਪਲਬਧ ਕਰਵਾਉਣ ਦੇ ਨਿਰਦੇਸ਼ ਦਿੱਤੇ ਹਨ। ਨਾਲ ਹੀ ਉਨ੍ਹਾਂ ਨੂੰ ਇਸ ਦੀ ਸੂਚਨਾ ਮਾਨਵ ਸੰਸਾਧਨ ਵਿਭਾਗ ਨੂੰ ਵੀ ਦੇਣੀ ਹੋਵੇਗੀ।

ਮੁੱਖ ਸਕੱਤਰ ਦਫਤਰ ਵੱਲੋਂ ਇਸ ਸਬੰਧ ਵਿਚ ਜਾਰੀ ਇਕ ਪੱਤਰ ਦੇ ਅਨੁਸਾਰ ਸਾਰੇ ਪ੍ਰਸ਼ਾਸ਼ਨਿਕ ਸਕੱਤਰਾਂ ਅਤੇ ਵਿਭਾਗ ਪ੍ਰਮੁੱਖਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਇਸ ਉਦੇਸ਼ ਦੇ ਲਈ ਨਿਯੁਕਤ ਆਪਣੇ ਵਿਭਾਗ ਦੇ ਨੋਡਲ ਅਧਿਕਾਰੀ ਨੂੰ ਨਿਰਦੇਸ਼ ਦੇਣ ਕਿ ਉਹ ਰਾਜ ਐਕਟਾਂ ਅਤੇ ਸੁਬੋਰਡੀਨੇਟ ਵਿਧਾਨਾਂ ਦਾ ਨਵੀਨਤਮ ਅਤੇ ਅੱਪਡੇਟ ਵਰਜਨ, ਜਿਸ ਵਿਚ ਸਾਰੇ ਸੋਧਾਂ ਨੂੰ ਸ਼ਾਮਿਲ ਕੀਤਾ ਗਿਆ ਹੋਵੇ, ਪੀਡੀਐਫ ਪ੍ਰਾਰੂਪ ਵਿਚ ਏਕਲ ਫਾਇਲ ਵਜੋ ਸਿੱਧੇ ਰਜਿਸਟਰਾਰ ਜਨਰਲ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੂੰ ਉਪਲਬਧ ਕਰਾਉਣ।

ਪੱਤਰ ਵਿਚ ਕਿਹਾ ਗਿਆ ਹੈ ਕਿ ਸਾਰੇ ਵਿਭਾਗ ਉਨ੍ਹਾਂ ਨਾਲ ਸਬੰਧਿਤ ਰਾਜ ਐਕਟਾਂ ਅਤੇ ਸੁਬੋਰਡੀਨੇਟ ਵਿਧਾਨਾਂ ਨੂੰ ਪੀਡੀਐਫ ਪ੍ਰਾਰੂਪ ਵਿਚ ਸਾਰੇ ਸੋਧਾਂ ਨੂੰ ਸ਼ਾਮਿਲ ਕਰਦੇ ਹੋਏ ਇਕ ਹੀ ਫਾਇਲ ਵਿਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਰਜਿਸਟਰਾਰ ਜਨਰਲ ਨੂੰ ਇਕ ਹਫਤੇ ਦੇ ਅੰਦਰ ਉਪਲਬਧ ਕਰਾਉਣ। ਸੂਚਨਾ ਪ੍ਰਦਾਨ ਕਰਨ ਵਿਚ ਕਿਸੇ ਵੀ ਭ੍ਰਮ ਜਾਂ ਮੁਸ਼ਕਲ ਦੀ ਸਥਿਤੀ ਵਿਚ ਸਪਸ਼ਟਤਾ ਦੇ ਲਈ ਨੋਡਲ ਅਧਿਕਾਰੀ ਰਜਿਸਟਰਾਰ ਜਨਰਲ ਦੇ ਅਧਿਕਾਰੀ ਤੋਂ ਨਿਜੀ ਰੂਪ ਨਾਲ ਸੰਪਰਕ ਕਰ ਸਕਦੇ ਹਨ। ਅਜਿਹਾ ਕਰਨ ਵਿਚ ਅਸਫਲ ਰਹਿਣ 'ਤੇ ਵਿਭਾਗ ਪ੍ਰਮੁੱਖ ਨਿਜੀ ਰੂਪ ਨਾਲ ਜਿਮੇਵਾਰ ਹੋਣਗੇ ਅਤੇ ਇਸ ਨੂੰ ਗੰਭੀਰਤਾ ਨਾਲ ਲਿਆ ਜਾਵੇਗਾ।

# ਹਰਿਆਣਾ ਦੇ ਮੁੱਖ ਮੰਤਰੀ ਨੇ ਜਿਲ੍ਹਾ ਹਸਪਤਾਲਾਂ ਵਿਚ ਬਾਲ ਮੈਡੀਕਲ ਐਚਡੀਯੂ/ਆਈਸੀਯੂ ਇਕਾਈਆਂ ਨੂੰ ਹੋਰ ਵੱਧ ਮਜਬੂਤ ਕਰਨ ਲਈ 44.1 ਕਰੋੜ ਰੁਪਏ ਕੀਤੇ ਮੰਜੂਰ

**ਚੰਡੀਗੜ੍ਹ, 5 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਨੇ ਬਾਲ ਮੈਡੀਕਲ ਦੇਖਭਾਲ ਨੂੰ ਵਧਾਉਣ ਦੇ ਲਈ ਇਕ ਮਹਤੱਵਪੂਰਨ ਕਦਮ ਚੁੱਕਦੇ ਹੋਏ ਪੂਰੇ ਰਾਜ ਦੇ ਵੱਖ-ਵੱਖ ਜਿਲ੍ਹਾ ਹਸਪਤਾਲਾਂ ਵਿਚ ਪਹਿਲਾਂ ਤੋਂ ਸਥਾਪਿਤ 12 ਬੈਡ ਵਾਲੇ ਬਾਲ ਮੈਡੀਕਲ ਐਡੀਯੂ/ਆਈਸੀਯੂ ਇਕਾਈਆਂ ਨੂੰ ਹੋਰ ਵੱਧ ਮਜਬੂਤਕਰਨ ਲਈ ਪ੍ਰਤੀ ਸਾਲ 44.1 ਕਰੋੜ ਰੁਪਏ ਦੇ ਅਲਾਟਮੈਂਟ ਨੂੰ ਮੰਜੂਰੀ ਪ੍ਰਦਾਨ ਕੀਤੀ ਹੈ।

ਅੱਜ ਇੱਥੇ ਇਹ ਜਾਣਕਾਰੀ ਦਿੰਦੇ ਹੋਏ ਸਿਹਤ ਮੰਤਰੀ ਡਾ. ਕਮਲ ਗੁਪਤਾ ਨੇ ਦਸਿਆ ਕਿ ਇਹ 12 ਬੈਡ ਵਾਲੇ ਬਾਲ ਮੈਡੀਕਲ ਐਚਡੀਯੂ/ਆਈਸੀਯੂ ਇਕਾਈਆਂ ਸ਼ੁਰੂਆਤ ਵਿਚ ਐਮਰਜੈਂਸੀ ਕੋਵਿਡ ਪ੍ਰਤੀਕ੍ਰਿਆ ਪੈਕੇਜ ਪੜਾ-2 (ਈਸੀਆਰਪੀ-2) ਦੇ ਤਹਿਤ ਸਥਾਪਿਤ ਕੀਤੀ ਗਈ ਸੀ। ਉਨ੍ਹਾਂ ਨੇ ਦਸਿਆ ਕਿ 44.1 ਕਰੋੜ ਰੁਪਏ ਵਿੱਚੋਂ 38.8 ਕਰੋੜ ਰੁਪਏ ਪ੍ਰਤੀ ਸਾਲ ਜਰੂਰੀ ਮੈਡੀਕਲ ਕਰਮਚਾਰੀਆਂ, ਜਿਨ੍ਹਾਂ ਵਿਚ 21 ਇੰਟੇਸਿਵਿਸਟ, 105 ਡਿਊਟੀ ਮੈਡੀਕਲ ਅਫਸਰ (ਆਈਸੀਯੂ ਵਿਚ ਟ੍ਰੇਨੀ), 420 ਆਈਸੀਯੂ ਟ੍ਰੇਨੀ ਸਟਾਫ ਨਰਸ/ ਨਰਸਿੰਗ ਸਿਸਟਰ, 105 ਓਟੀ/ਏਨੇਸਥੀਸਿਆ ਟੈਕਨੀਸ਼ਿਅਨ ਅਤੇ 21 ਕਾਊਂਸਲਰ ਸ਼ਾਮਿਲ ਹਨ, ਦੀ ਨਿਯੁਕਤੀ ਲਈ ਵਰਤੋ ਕੀਤੇ ਜਾਣਗੇ ਤਾਂ ਜੋ ਇੰਨ੍ਹਾਂ ਬਾਲ ਮੈਡੀਕਲ ਐਚਡੀਯੂ/ਆਈਸੀਯੂ ਇਕਾਈਆਂ ਦਾ ਸੂਚਾਰੂ ਸੰਚਾਲਨ ਯਕੀਨੀ ਕੀਤਾ ਜਾ ਸਕੇ।

ਉਨ੍ਹਾਂ ਨੇ ਕਿਹਾ ਕਿ ਇਸ ਮਹਤੱਵਪੂਰਨ ਕਾਰਜਬਲ ਦੀ ਭਰਤੀ ਵਾਕ-ਇਨ ਇੰਟਰਵਿਊ ਰਾਹੀਂ ਕੀਤੀ ਜਾਵੇਗੀ, ਜਿਸ ਦਾ ਇਸ਼ਤਿਹਾਰ ਸਿਹਤ ਸੇਵਾ ਮੁੱਖ ਦਫਤਰ (ਡੀਜੀਐਚਐਸ) ਦੀ ਵੈਬਸਾਇਟ ਅਤੇ ਕੌਮੀ ਸਿਹਤ ਮਿਸ਼ਨ ਪੋਰਟਲ 'ਤੇ ਦਿੱਤਾ ਜਾਵੇਗਾ। ਡੀਜੀਐਚਐਸ ਦੀ ਅਗਵਾਈ ਵਾਲੀ ਇਕ ਸਮਿਤੀ ਭਰਤੀ ਪ੍ਰਕ੍ਰਿਆ ਦੀ ਦੇਖਰੇਖ ਕਰੇਗੀ। ਇਸ ਤੋਂ ਇਲਾਵਾ, ਹਰਿਆਣਾ ਕੌਸ਼ਲ ਰੁਜਗਾਰ ਨਿਗਮ ਲਿਮੀਟੇਡ ਰਾਹੀਂ ਸਹਾਇਕ ਕਰਮਚਾਰੀਆਂ ਦੀ ਨਿਯੁਕਤੀ ਕੀਤੀ ਜਾਵੇਗੀ ਜਿਸ ਦਾ ਅੰਦਾਜਾ ਸਾਲਾਨਾ ਖਰਚ 5.3 ਕਰੋੜ ਰੁਪਏ ਹੋਵੇਗਾ।

ਇਸ ਤੋਂ ਇਲਾਵਾ ਆਈਸੀਯੂ ਦੇ ਸੰਚਾਲਨ ਦੇ ਲਈ ਨਿਯੋਜਿਤ ਅਨੁਸ਼ਕਤੀ ਨਾਲ ਸਬੰਧਿਤ ਰਿਕਾਰਿਡ ਬਣਾਏ ਰੱਖਣ ਅਤੇ ਹੋਰ ਸੇਵਾ-ਸਬੰਧੀ ਮਾਮਲਿਆਂ ਦਾ ਪ੍ਰਬੰਧਨ ਕਰਨ ਲਈ ਡੀਜੀਐਚਐਸ ਦਫਤਰ ਦੇ ਅੰਦਰ ਇਕ ਵੱਖ ਸੈਲ ਬਣਾਇਆ ਜਾਵੇਗਾ।

ਡਾ. ਗੁਪਤਾ ਨੇ ਗੁਣਵੱਤਾਪੂਰਨ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਸਰਕਾਰ ਦੀ ਪ੍ਰਤੀਬੱਧਤਾ 'ਤੇ ਜੋਰ ਦਿੰਦੇ ਹੋਏ ਕਿਹਾ ਕਿ ਪੂਰੇ ਸੂਬੇ ਦੇ ਸਰਕਾਰੀ ਹਸਪਤਾਲਾਂ ਵਿਚ ਵਿਸ਼ਵ ਪੱਧਰੀ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਧਨ ਦੀ ਕੋਈ ਕਮੀ ਨਹੀਂ ਹੈ।

ਉਨ੍ਹਾਂ ਨੇ ਰਾਜ ਸਰਕਾਰ ਦੀ ਸਿਹਤ ਸਹੂਲਤਾਂ ਦੇ ਬੁਨਿਆਦੀ ਢਾਂਚੇ ਨੂੰ ਉੱਨਤ ਕਰਨ ਲਈ ਲਗਾਤਾਰ ਯਤਨਾਂ ਦਾ ਵਰਨਣ ਕਰਦੇ ਹੋਏ ਕਿਹਾ ਕਿ ਜਨਤਾ ਨੂੰ ਆਧੁਨਿਕ ਸਿਹਤ ਸੇਵਾਵਾਂ ਪ੍ਰਦਾਨ ਕਰਨ ਈ ਕਾਫੀ ਮੈਨਪਾਵਰ ਯਕੀਨੀ ਕਰਨ ਦੇ ਲਈਸੂਬਾ ਸਰਕਾਰ ਵਚਨਬੱਧ ਹੈ।

# ਹਰਿਆਣਾ ਸਰਕਾਰ ਵੱਲੋਂ ਮੁਲਾਜ਼ਮਾਂ ਦੀਆਂ ਤਨਖਾਹਾਂ ਵਿੱਚ ਅੱਠ ਫ਼ੀਸਦ ਵਾਧਾ

**ਚੰਡੀਗੜ੍ਹ, 5 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਵਿੱਚ ਭਾਜਪਾ ਨੇ ਲੋਕ ਸਭਾ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਆਗਾਮੀ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਖਿੱਚ ਦਿੱਤੀਆਂ ਹਨ। ਇਸ ਤਹਿਤ ਅੱਜ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਨੇ ਹਰਿਆਣਾ ਕੌਸ਼ਲ ਰੁਜ਼ਗਾਰ ਨਿਗਮ (ਐੱਚਕੇਆਰਐੱਨ) ਰਾਹੀਂ ਲੱਗੇ ਪਹਿਲੀ, ਦੂਜੀ ਅਤੇ ਤੀਜੀ ਸ਼੍ਰੇਣੀ ਦੇ 1 ਲੱਖ 19 ਹਜ਼ਾਰ ਤੋਂ ਵੱਧ ਮੁਲਾਜ਼ਮਾਂ ਨੂੰ ਤੋਹਫ਼ਾ ਦਿੰਦਿਆਂ, ਉਨ੍ਹਾਂ ਦੀਆਂ ਤਨਖਾਹਾਂ ਵਿੱਚ 8 ਫ਼ੀਸਦ ਦਾ ਵਾਧਾ ਕੀਤਾ ਹੈ। ਮੁੱਖ ਮੰਤਰੀ ਦੇ ਇਹ ਆਦੇਸ਼ ਪਹਿਲੀ ਜੁਲਾਈ, 2024 ਤੋਂ ਲਾਗੂ ਹੋਣਗੇ। ਇਹ ਐਲਾਨ ਮੁੱਖ ਮੰਤਰੀ ਨੇ ਭਾਰਤੀ ਮਜ਼ਦੂਰ ਯੂਨੀਅਨ ਦੇ ਨਾਲ ਆਏ ਵੱਖ-ਵੱਖ ਮਜ਼ਦੂਰ ਯੂਨੀਅਨਾਂ ਅਤੇ ਐੱਚਕੇਆਰਐੱਨ ਦੇ ਮੁਲਾਜ਼ਮਾਂ ਦੇ ਨਾਲ ਮੀਟਿੰਗ ਦੌਰਾਨ ਕੀਤਾ। ਇਸ ਮੌਕੇ ਵਿਧਾਇਕ ਮੋਹਨ ਲਾਲ ਬੜੌਲੀ, ਸੀਤਾਰਾਮ ਯਾਦਵ ਅਤੇ ਲਛਮਣ ਸਿੰਘ ਯਾਦਵ ਵੀ ਮੌਜੂਦ ਰਹੇ। ਸ੍ਰੀ ਸੈਣੀ ਨੇ ਕਿਹਾ ਕਿ ਕਾਂਗਰਸ ਸਰਕਾਰ ਦੇ ਸਮੇਂ ਆਊਟਸੋਰਸਿੰਗ ਪਾਲਸੀ ਤਹਿਤ ਲੱਗੇ ਕੱਚੇ ਮੁਲਾਜ਼ਮਾਂ ਦਾ ਸ਼ੋਸ਼ਣ ਹੁੰਦਾ ਸੀ। ਭਾਜਪਾ ਸਰਕਾਰ ਤੋਂ ਲਾਗੂ ਹੋਣਗੇ। ਇਹ ਐਲਾਨ ਮੁੱਖ ਮੰਤਰੀ ਨੇ ਭਾਰਤੀ ਮਜ਼ਦੂਰ ਯੂਨੀਅਨ ਦੇ ਨਾਲ ਆਏ ਵੱਖ-ਵੱਖ ਮਜ਼ਦੂਰ ਯੂਨੀਅਨਾਂ ਅਤੇ ਐੱਚਕੇਆਰਐੱਨ ਦੇ ਮੁਲਾਜ਼ਮਾਂ ਦੇ ਨਾਲ ਮੀਟਿੰਗ ਦੌਰਾਨ ਕੀਤਾ।ਨੇ ਮੁਲਾਜ਼ਮਾਂ ਨੂੰ ਸ਼ੋਸ਼ਣ ਤੋਂ ਬਚਾਉਣ ਲਈ ਹਰਿਆਣਾ ਕੌਸ਼ਲ ਰੁਜ਼ਗਾਰ ਨਿਗਮ ਦਾ ਗਠਨ ਕੀਤਾ।

# ਅਨਿਲ ਵਿੱਜ ਨੇ ਸੋਸ਼ਲ ਮੀਡੀਆ ਪੋਸਟ ਪਾ ਕੇ ਜ਼ਾਹਿਰ ਕੀਤੀ 'ਨਾਰਾਜ਼ਗੀ'

**ਅੰਬਾਲਾ, 5 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਸਾਬਕਾ ਮੰਤਰੀ ਅਨਿਲ ਵਿੱਜ ਨੇ ਸੋਸ਼ਲ ਮੀਡੀਆ 'ਤੇ ਇਕ ਉਦਾਸੀ ਵਾਲਾ ਸ਼ੇਅਰ ਪੋਸਟ ਕੀਤਾ ਹੈ। ਇਸ ਨੂੰ ਪੰਚਕੂਲਾ ਵਿੱਚ ਵਰਕਰਾਂ ਦੀ ਮੀਟਿੰਗ ਲੈਣ ਆਏ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਇਸ ਐਲਾਨ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ ਜਿਸ ਵਿਚ ਉਨ੍ਹਾਂ ਸਪਸ਼ਟ ਕਿਹਾ ਹੈ ਕਿ ਅਕਤੂਬਰ-ਨਵੰਬਰ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਮੌਜੂਦਾ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਵਿਚ ਲੜੀਆਂ ਜਾਣਗੀਆਂ ਅਤੇ ਜੇ ਭਾਜਪਾ ਤੀਜੀ ਵਾਰ ਜਿੱਤਦੀ ਹੈ ਤਾਂ ਨਾਇਬ ਸਿੰਘ ਸੈਣੀ ਹੀ ਸੂਬੇ ਦੇ ਮੁੱਖ ਮੰਤਰੀ ਹੋਣਗੇ।



ਭਾਵੇਂ ਅਨਿਲ ਵਿੱਜ ਨੇ ਇਸ ਦਾ ਕੋਈ ਵਿਰੋਧ ਨਹੀਂ ਕੀਤਾ ਪਰ ਉਨ੍ਹਾਂ ਵੱਲੋਂ ਪੋਸਟ ਕੀਤਾ ਗਿਆ ਸ਼ੇਅਰ ਉਨ੍ਹਾਂ ਦੀ ਮਨੋ ਸਥਿਤੀ ਨੂੰ ਜ਼ਾਹਿਰ ਕਰਦਾ ਹੈ। ਉਹ ਪਾਰਟੀ ਵੱਲੋਂ ਅਣਗੌਲਿਆਂ ਕਰਨ ਤੋਂ ਉਹ ਅੰਦਰੋਂ ਨਾਰਾਜ਼ ਹਨ।

# ਗਊਵੰਸ਼ ਤਸਕਰਾਂ ਦੇ ਟਰੱਕ ਫੜਨ ਵਾਲੇ ਬਜਰੰਗ ਦਲ ਕਾਰਕੁਨ ਗ੍ਰਿਫ਼ਤਾਰ

**ਡੱਬਵਾਲੀ, 5 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਗਊਵੰਸ਼ ਨੂੰ ਤਸਕਰੀ ਕਰ ਕੇ ਅਬੋਹਰ ਤੋਂ ਦਿੱਲੀ ਲਿਜਾ ਰਹੇ ਇੱਕ ਟਰੱਕ ਨੂੰ ਕਾਬੂ ਕਰ ਕੇ ਫੜਵਾਉਣ ਵਾਲੇ ਬਜਰੰਗ ਦਲ (ਅਬੋਹਰ) ਦੇ ਜ਼ਿਲ੍ਹਾ ਸੰਯੋਜਕ ਸਮੇਤ ਚਾਰਾਂ ਵਿਅਕਤੀਆਂ ਨੂੰ ਮੁਲਜ਼ਮਾਂ ਦੇ ਨਾਲ ਹੀ ਪੁਲੀਸ ਵੱਲੋਂ ਹਿਰਾਸਤ ਵਿੱਚ ਲੈ ਲਿਆ ਗਿਆ। ਬਜਰੰਗ ਦਲ ਦੇ ਜ਼ਿਲ੍ਹਾ ਸੰਯੋਜਕ ਸ਼ਿਵ ਰਿਣਵਾ ਨੇ ਥਾਣਾ ਮੁਖੀ ਪ੍ਰਤਾਪ ਸਿੰਘ 'ਤੇ ਥਾਣੇ ਅੰਦਰ ਉਸਦੀ ਮਾਰ-ਕੁੱਟ ਦੇ ਦੋਸ਼ ਲਾਏ। ਘੰਟਿਆਂਬੱਧੀ ਖੜ੍ਹੇ ਟਰੱਕ 'ਚ ਗਰਮੀ ਕਾਰਨ ਇੱਕ ਗਊਵੰਸ਼ ਦੀ ਮੌਤ ਹੋ ਗਈ ਜਿਸ ਕਰਕੇ ਸਦਰ ਪੁਲੀਸ ਅਤੇ ਸਥਾਨਕ ਭਾਜਪਾ ਤੇ ਆਰਐੱਸਐੱਸ ਲੀਡਰਸ਼ਿਪ ਵਿਚਕਾਰ ਵਿਵਾਦ ਖੜ੍ਹਾ ਹੋ ਗਿਆ। ਸੂਚਨਾ ਮਿਲਣ 'ਤੇ ਡੱਬਵਾਲੀ ਦੇ ਭਾਜਪਾ ਤੇ ਆਰਐੱਸਐੱਸ ਆਗੂ ਸਦਰ ਥਾਣੇ ਪੁੱਜੇ। ਭਾਜਪਾ ਤੇ ਆਰਐੱਸਐੱਸ ਆਗੂਆਂ ਅਤੇ ਗਊਭਗਤਾਂ ਦੀ ਥਾਣਾ ਮੁਖੀ ਨਾਲ ਤਿੱਖੀ ਨੋਕ-ਝੋਂਕ ਹੋਈ। ਮਾਮਲਾ ਭਖਣ 'ਤੇ ਹਰਿਆਣਾ ਬੀਜ ਵਿਕਾਸ ਨਿਗਮ ਦੇ ਚੇਅਰਮੈਨ ਦੇਵ ਕੁਮਾਰ ਸ਼ਰਮਾ ਨੇ ਥਾਣਾ ਪ੍ਰਭਾਰੀ ਨੂੰ ਜੰਮ ਕੇ ਫਿਟਕਾਰ ਲਾਈ।



ਇਸ ਤੋਂ ਪਹਿਲਾਂ ਥਾਣੇ 'ਚ ਨਿਰੀਖਣ ਲਈ ਪੁੱਜੇ ਐੱਸਪੀ ਦੀਪਤੀ ਗਰਗ ਦੇ ਸਨਮੁੱਖ ਭਾਜਪਾ ਆਗੂ ਵਿਜੈ ਵਧਵਾ ਦੀ ਅਗਵਾਈ ਵਿੱਚ ਪੁਲੀਸ ਦੇ ਰਵੱਈਏ 'ਤੇ ਇਤਰਾਜ਼ ਪ੍ਰਗਟ ਕੀਤਾ ਗਿਆ। ਦਰਅਸਲ ਬਜਰੰਗ ਦਲ ਦੇ ਅਹੁਦੇਦਾਰਾਂ ਨੇ ਅਬੋਹਰ ਤੋਂ ਪਿੱਛਾ ਕਰ ਕੇ ਅੱਜ ਸਵੇਰੇ ਕਰੀਬ 6 ਵਜੇ ਟਰੱਕ ਨੂੰ ਡੱਬਵਾਲੀ ਨੇੜੇ ਖੁਈਆਂ ਮਲਕਾਣਾ ਟੋਲ ਪਲਾਜ਼ਾ 'ਤੇ ਕਾਬੂ ਕੀਤਾ ਸੀ। ਟਰੱਕ ਦੇ ਅੱਗੇ ਪੀਬੀ06ਵੀ-2539 ਅਤੇ ਪਿੱਛੇ ਪੀਬੀ03ਏਵਾਈ-3619 ਨੰਬਰ ਦੀਆਂ ਵੱਖ-ਵੱਖ ਪਲੇਟਾਂ ਲੱਗੀਆਂ ਸਨ। ਬਜਰੰਗ ਦਲ ਅਬੋਹਰ ਦੇ ਜ਼ਿਲ੍ਹਾ ਸੰਯੋਜਕ ਸ਼ਿਵ ਰਿਣਵਾ ਵਾਸੀ ਦੌਲਤਪੁਰਾ ਨੇ ਦੱਸਿਆ ਕਿ ਉਨ੍ਹਾਂ ਨੂੰ ਪਿੰਡ 'ਚ ਟਰੱਕ ਵਿੱਚ ਗਊਵੰਸ਼ ਤਸਕਰੀ ਹੋਣ ਦੀ ਸੂਚਨਾ ਮਿਲੀ ਸੀ। ਉਸਨੇ ਮੁਨੀਸ਼ ਸਵਾਮੀ, ਵਿਕਾਸ ਸ਼ਰਮਾ ਤੇ ਸੰਦੀਪ ਖਟੌਲ ਨਾਲ ਦੋ ਗੱਡੀਆਂ 'ਚ ਤਸਕਰਾਂ ਦੇ ਟਰੱਕ ਦਾ ਪਿੱਛਾ ਸ਼ੁਰੂ ਕੀਤਾ। ਉਨ੍ਹਾਂ ਖੁਈਆਂ ਟੋਲ 'ਤੇ ਟਰੱਕ ਕਾਬੂ ਕਰ ਲਿਆ। ਕੰਡਕਟਰ ਨੂੰ ਟਰੱਕ ਤੋਂ ਉੱਤਰ ਕੇ ਭੱਜਦੇ ਸਮੇਂ ਲੱਤ 'ਤੇ ਸੱਟ ਲੱਗੀ। ਸਦਰ ਪੁਲੀਸ ਨੇ ਉਨ੍ਹਾਂ ਨੂੰ ਹੀ ਹਿਰਾਸਤ ਵਿੱਚ ਲੈ ਲਿਆ।

ਥਾਣਾ ਸਦਰ ਦੇ ਮੁਖੀ ਪ੍ਰਤਾਪ ਸਿੰਘ ਨੇ ਸ਼ਿਵ ਰਿਣਵਾ ਵੱਲੋਂ ਮਾਰਕੁੱਟ ਦੇ ਦੋਸ਼ਾਂ ਨੂੰ ਖਾਰਜ ਕਰਦਿਆਂ ਕਿਹਾ ਕਿ ਕੋਈ ਕਸੂਰ ਨਾ ਮਿਲਣ 'ਤੇ ਸ਼ਿਵ ਰਿਣਵਾ ਅਤੇ ਹੋਰਨਾਂ ਨੂੰ ਫਾਰਗ ਕਰ ਦਿੱਤਾ ਗਿਆ ਸੀ ਤੇ ਲੋੜ ਪੈਣ 'ਤੇ ਪੜਤਾਲ 'ਚ ਸ਼ਾਮਲ ਕੀਤਾ ਜਾਵੇਗਾ।

# ਮਿੱਟੀ ਘੁਟਾਲਾ: ਕਿਸਾਨਾਂ ਨੇ ਜਾਂਚ ਕਮੇਟੀ ਦੇ ਗਠਨ 'ਤੇ ਸਵਾਲ ਚੁੱਕੇ

**ਗੂਹਲਾ ਚੀਕਾ, 5 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਚੀਕਾ ਵਿੱਚ ਘੱਗਰ ਦਰਿਆ 'ਚੋਂ ਮਿੱਟੀ ਕੱਢਣ ਦੇ ਮਾਮਲੇ ਵਿੱਚ ਗਠਿਤ ਕੀਤੀ ਜਾਂਚ ਕਮੇਟੀ ਦਾ ਕਿਸਾਨਾਂ ਨੇ ਵਿਰੋਧ ਕੀਤਾ ਹੈ। ਉਨ੍ਹਾਂ ਕਿਹਾ ਕਿ ਮਿੱਟੀ ਨੂੰ ਵੇਚਣ ਵਿੱਚ ਸ਼ਾਮਲ ਹੋਣ ਦੇ ਜਿਸ ਅਧਿਕਾਰੀ 'ਤੇ ਦੋਸ਼ ਲੱਗੇ ਹਨ, ਪ੍ਰਸ਼ਾਸਨ ਨੇ ਉਸੇ ਅਧਿਕਾਰੀ ਨੂੰ ਜਾਂਚ ਕਮੇਟੀ ਵਿੱਚ ਸ਼ਾਮਲ ਕੀਤਾ। ਕਿਸਾਨਾਂ ਨੇ ਪ੍ਰਸ਼ਾਸਨ ਦੇ ਇਸ ਕਦਮ ਦਾ ਵਿਰੋਧ ਕੀਤਾ ਅਤੇ ਤੁਰੰਤ ਕਮੇਟੀ ਨੂੰ ਬਦਲਣ ਦੀ ਮੰਗ ਰੱਖੀ। ਇਸ ਤੋਂ ਬਾਅਦ ਇਹ ਪੂਰਾ ਮਾਮਲਾ ਵਿਧਾਇਕ ਈਸ਼ਵਰ ਸਿੰਘ ਦੇ ਧਿਆਨ ਵਿੱਚ ਲਿਆਂਦਾ ਗਿਆ ਤਾਂ ਵਿਧਾਇਕ ਨੇ ਤੁਰੰਤ ਡੀਸੀ ਕੈਥਲ ਨਾਲ ਗੱਲ ਕਰ ਕੇ ਜਾਂਚ ਕਮੇਟੀ ਨੂੰ ਬਦਲਣ ਦੀ ਅਪੀਲ ਕੀਤੀ। ਵਿਧਾਇਕ ਦੇ ਕਹਿਣ 'ਤੇ ਡੀਸੀ ਕੈਥਲ ਨੇ ਜਾਂਚ ਕਮੇਟੀ 'ਚੋਂ ਉਕਤ ਅਧਿਕਾਰੀ ਨੂੰ ਹਟਾਉਂਦੇ ਹੋਏ ਨਵੀਂ ਕਮੇਟੀ ਦਾ ਗਠਨ ਕਰ ਦਿੱਤਾ ਹੈ। ਕਿਸਾਨ ਆਗੂ ਲਖਵਿੰਦਰ ਸਿੰਘ ਕਿੰਦਰ, ਜਰਨੈਲ ਸਿੰਘ ਜੈਲੀ, ਕੇਵਲ ਸਿੰਘ ਸਦਰੇਹੜੀ, ਗੁਰਜੰਟ ਟਟਿਆਣਾ ਨੇ ਦੱਸਿਆ ਕਿ ਘੱਗਰ ਦਰਿਆ ਦੇ ਸਾਈਫਨ ਤੋਂ ਮਿੱਟੀ ਕੱਢਣ ਦਾ ਸਰਕਾਰ ਨੇ ਟੇਂਡਰ ਛੱਡਿਆ ਸੀ। ਕਿਸਾਨਾਂ ਨੇ ਦੱਸਿਆ ਕਿ ਇਸ ਮਿੱਟੀ ਨੂੰ ਬਰਸਾਤ ਦੇ ਮੌਸਮ ਵਿੱਚ ਹੜ੍ਹ ਵਰਗੇ ਹਾਲਾਤਾਂ ਲਈ ਜਮ੍ਹਾਂ ਕੀਤਾ ਜਾਣਾ ਸੀ। ਕਿਸਾਨਾਂ ਦਾ ਦੋਸ਼ ਹੈ ਕਿ ਵਿਭਾਗ ਦੇ ਅਧਿਕਾਰੀ ਠੇਕੇਦਾਰ ਦੇ ਨਾਲ ਮਿਲੀਭਗਤੀ ਕਰ ਕੇ ਲੱਖਾਂ ਰੁਪਏ ਦੀ ਮਿੱਟੀ ਨੂੰ ਸ਼ਰ੍ਹੇਆਮ ਵੇਚ ਰਹੇ ਹਨ। ਡੀਸੀ ਨੇ ਬੀਡੀਪੀਓ ਗੂਹਲਾ, ਐੱਸਡੀਓ ਪੰਚਾਇਤੀ ਰਾਜ ਅਤੇ ਐੱਸਡੀਓ ਪੀਡਬਲਿਊਡੀ ਗੂਹਲਾ ਦੀ ਤਿੰਨ ਮੈਂਬਰੀ ਜਾਂਚ ਕਮੇਟੀ ਦਾ ਗਠਨ ਕਰ ਮਿੱਟੀ ਵੇਚਣ ਦੇ ਦੋਸ਼ਾਂ ਦੀ ਜਾਂਚ ਦੀ ਜ਼ਿੰਮੇਵਾਰੀ ਦਿੱਤੀ ਹੈ।

ਮਿੱਟੀ ਘੁਟਾਲੇ ਦਾ ਮਾਮਲਾ ਹੁਣ ਭਾਰਤੀ ਕਿਸਾਨ ਯੂਨੀਅਨ ਗੁਰਨਾਮ ਸਿੰਘ ਚੜੂਨੀ ਤੱਕ ਪਹੁੰਚ ਗਿਆ ਹੈ। ਯੂਨੀਅਨ ਦੇ ਸੂਬਾ ਪ੍ਰਧਾਨ



ਗੁਰਨਾਮ ਸਿੰਘ ਚੜੂਨੀ ਨੇ ਅੱਜ ਜਾਰੀ ਇੱਕ ਬਿਆਨ ਵਿੱਚ ਕਿਹਾ ਕਿ ਪੰਜਾਬ ਹਰਿਆਣਾ ਹੱਦ ਉੱਤੇ ਸਥਿਤ ਚੀਕਾ ਸ਼ਹਿਰ ਤੋਂ ਨਿਕਲ ਰਹੇ ਘੱਗਰ ਦਰਿਆ ਵਿੱਚ ਲੱਖਾਂ ਦਾ ਨਹੀਂ, ਬਲਕਿ ਕਰੋੜਾਂ ਰੁਪਏ ਦਾ ਮਿੱਟੀ ਘੁਟਾਲਾ ਹੋ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਇਹ ਸਭ ਕੁੱਝ ਜ਼ਿਲ੍ਹੇ ਅਤੇ ਉਪ ਮੰਡਲ ਦੇ ਸੀਨੀਅਰ ਅਧਿਕਾਰੀਆਂ ਦੀ ਨੱਕ ਦੇ ਹੇਠਾਂ ਹੋ ਰਿਹਾ ਹੈ। ਚੜੂਨੀ ਨੇ ਦੋਸ਼ ਲਾਇਆ ਕਿ ਘੱਗਰ ਦਰਿਆ ਦੀ ਸਫਾਈ ਦੇ ਨਾਮ ਉੱਤੇ ਇੱਥੇ ਮਿੱਟੀ ਘੁਟਾਲੇ ਨੂੰ ਅੰਜਾਮ ਦਿੱਤਾ ਜਾ ਰਿਹਾ ਹੈ। ਕਿਸਾਨ ਆਗੂ ਨੇ ਮੰਗ ਕੀਤੀ ਕਿ ਘੱਗਰ ਦਰਿਆ ਵਿੱਚ ਹੋ ਰਹੇ ਮਿੱਟੀ ਘੁਟਾਲੇ ਦੀ ਕਿਸੇ ਸੇਵਾਮੁਕਤ ਜੱਜ ਤੋਂ ਜਾਂਚ ਕਰਵਾਈ ਜਾਵੇ ਅਤੇ ਸਾਰੇ ਬੰਨ੍ਹਾਂ ਨੂੰ ਕੰਕਰੀਟ ਨਾਲ ਪੱਕੇ ਕਰਵਾਇਆ ਜਾਵੇ ਤਾਂ ਕਿ ਬੰਨ੍ਹ ਦੇ ਵਾਰ-ਵਾਰ ਟੁੱਟਣ ਦਾ ਸਿਲਸਿਲਾ ਖਤਮ ਹੋ ਸਕੇ ਅਤੇ ਕਿਸਾਨ ਵੀ ਸੁੱਖ ਦਾ ਸਾਹ ਲੈ ਸਕਣ। ਇਸ ਮੌਕੇ ਉੱਤੇ ਭਾਰਤੀ ਕਿਸਾਨ ਯੂਨੀਅਨ ਦੇ ਸਥਾਨਕ ਵਰਕਰ ਕੇਵਲ ਸਿੰਘ ਸਦਰੇਹੜੀ, ਜਰਨੈਲ ਸਿੰਘ ਜੈਲੀ, ਸੁਭਾਸ਼ ਪੂਨੀਆ ਅਤੇ ਕਿੰਦਰ ਸਿੰਘ ਵੀ ਮੌਜੂਦ ਰਹੇ।

# ਕਰਨਾਲ ਵਿੱਚ ਮਾਲ ਗੱਡੀ ਪਟੜੀ ਤੋਂ ਲੱਥੀ; ਕਈ ਕੰਟੇਨਰ ਚਲਦੀ ਗੱਡੀ ਵਿੱਚੋਂ ਡਿੱਗੇ

**ਕਰਨਾਲ, 5 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ-ਅੰਬਾਲਾ ਰੇਲਵੇ ਟਰੈਕ 'ਤੇ ਕਰਨਾਲ ਦੇ ਤਰਾਵੜੀ ਨੇੜੇ ਅੱਜ ਸਵੇਰ ਮਾਲ ਗੱਡੀਆਂ ਦੇ ਕਈ ਡੱਬੇ ਪਟੜੀ ਤੋਂ ਉਤਰ ਗਏ ਜਿਸ ਕਾਰਨ ਰੇਲ ਆਵਾਜਾਈ ਠੱਪ ਹੋ ਗਈ। ਇਸ ਘਟਨਾ ਤੋਂ ਬਾਅਦ ਰੇਲਵੇ ਅਧਿਕਾਰੀਆਂ ਨੇ ਸਥਿਤੀ ਦਾ ਜਾਇਜ਼ਾ ਲੈਂਦਿਆਂ ਦੋਵਾਂ ਦਿਸ਼ਾਵਾਂ ਵਿੱਚ ਰੇਲ ਸੇਵਾਵਾਂ ਨੂੰ ਰੋਕ ਦਿੱਤਾ ਹੈ। ਇਸ ਦੌਰਾਨ ਕਿਸੇ ਦੇ ਜ਼ਖਮੀ



ਜਾਂ ਜਾਨੀ ਨੁਕਸਾਨ ਦੀ ਸੂਚਨਾ ਨਹੀਂ ਹੈ ਪਰ ਰੇਲ ਸੇਵਾਵਾਂ ਪ੍ਰਭਾਵਿਤ ਹੋਈਆਂ ਹਨ।

ਚੰਡੀਗੜ੍ਹ: ਕਰਨਾਲ ਲਾਗੇ ਮਾਲ ਗੱਡੀ ਦੇ ਡੱਬੇ ਪਟੜੀ ਤੋਂ ਲੱਥਣ ਕਾਰਨ ਦਿੱਲੀ ਅੰਮ੍ਰਿਤਸਰ ਪੈਸੈਂਜਰ ਟਰੇਨ ਰੱਦ ਕਰ ਦਿੱਤੀ ਗਈ ਹੈ ਤੇ ਕੁੱਲ 70 ਰੇਲ ਗੱਡੀਆਂ ਦੇ ਰੂਟ ਬਦਲੇ ਗਏ ਹਨ। ਇਹ ਵੀ ਪਤਾ ਲੱਗਿਆ ਹੈ ਕਿ ਹਾਦਸੇ ਵੇਲੇ ਚਲਦੀ ਮਾਲ ਗੱਡੀ ਵਿਚੋਂ ਕਈ ਕੰਟੇਨਰ ਡਿੱਗ ਗਏ।

## ਗੁੰਮ ਆਵਾਜ਼

ਵੇਖਦਾ ਹਾਂ ਕਿ ਆਤਮਾ ਨੇ ਮੈਨੂੰ ਹਵਾ ਵਿੱਚ ਚੁੱਕ ਕੇ ਇੱਕ ਉੱਚੇ ਪਹਾੜ 'ਤੇ ਲਿਆ ਖੜ੍ਹਾ ਕੀਤਾ। ਇਹ ਕੋਈ ਖਵਾਬ ਸੀ ਕਿ ਹਕੀਕਤ, ਮੈਂ ਕਹਿ ਨਹੀਂ ਸਕਦਾ। ਹੇਠਾਂ ਵਾਦੀ ਵਿੱਚ ਦੇ ਸ਼ੋਰ ਸ਼ਰਾਬੇ ਤੋਂ ਇੰਝ ਲਗਦਾ ਸੀ ਕਿ ਹਜ਼ਾਰਾਂ ਲੋਕਾਂ ਦੀ ਭੀੜ ਨਾਅਰੇ ਲਾ ਰਹੀ ਸੀ, ਹੈਲੀ ਲੂਈਆ - ਹੈਲੀ ਲੂਈਆ, ਧੰਨ ਹੋ ਧੰਨ ਹੋ, ਸਰਵ ਸ਼ਕਤੀਮਾਨ, ਸਰਵ ਵਿਆਪਕ, ਯਹੋਵਾ ਜੈਰਾ, ਯਹੂਵਾ ਐਲੋਹੀਮ, ਯਹੋਵਾ ਸ਼ਲੋਮ,



ਯਹੋਵਾ ਰਾਹ, ਹੇ ਪ੍ਰਮੇਸ਼ਵਰ! ਤੇਰੀ ਜੈ ਜੈ ਕਾਰ। ਇਸ ਦੇ ਨਾਲ ਸਨ ਡੱਫ਼, ਢੋਲ, ਖੰਜਰੀਆਂ, ਰਬਾਬ, ਦਸਤਾਰੇ ਦੀ ਕੰਨਾਂ ਨੂੰ ਚੀਰਦੀ ਵਾਦੀਆਂ ਨੂੰ ਪਾੜਦੀ, ਅਸਮਾਨਾਂ ਦੀਆਂ ਤਾਕੀਆਂ ਖੋਲ੍ਹ ਦੇਣ ਵਾਲੀਆਂ ਸੁਰਾਂ ਤੇ ਥਾਪ। ਅਲਿਫ਼ਾ ਓ ਉਮੇਗਾ, ਇਬਤਦਾ ਤੋਂ ਇਨਤਹਾ। ਏਸ ਭੀੜ ਦੇ ਨਾਅਰਿਆਂ ਤੇ ਯਸੂ ਮਸੀਹ ਦੇ ਜਾਪ ਤੋਂ ਪ੍ਰਗਟ ਹੁੰਦਾ ਸੀ ਕਿ ਇਹ ਅਣਗਿਣਤ ਲੋਕਾਂ ਦੀ ਭੀੜ ਕੋਈ ਮਸੀਹੀ ਅਤੇ ਯਹੂਦੀ ਲੋਕਾਂ ਦਾ ਲਸ਼ਕਰ ਸੀ। ਵੇਖਦਾ ਹਾਂ ਅੱਖ ਦੇ ਝਮਕਣ ਨਾਲ ਖੱਬੇ ਪਾਸਿਉਂ ਆਵਾਜ਼ ਗੂੰਜੀ, ਅੱਲਾ ਹੂ ਅਕਬਰ, ਅੱਲਾ ਹੂ ਅਕਬਰ, ਇੱਲ ਲਿੱਲਾ, ਮੁਹੰਮਦ ਉਲ ਰਸੂਲ ਅੱਲਾ, ਅੱਲਾ ਉੱਲ ਮੋਮਨੀਨ, ਰੱਬੁਲ ਅਫ਼ਵਾਜ, ਦੋਜ਼ਖ ਅਤੇ ਜੰਨਤ ਦੇ ਮਾਲਿਕ ਇਲਾਹੀ ਕਰੀਮ ਓ ਕਾਦਰ, ਅਸ਼ਰਫੁਲ ਮਖਲੂਕਾ ਖਾਤਿਮ ਉਲ ਨੱਬੀਨ। ਟਿੱਡੀ ਦਲ ਵਾਂਗਰ ਇਹ ਭੀੜ ਵਾਦੀ ਦੇ ਖੱਬੇ ਬੰਨੇ ਛਾ ਗਈ ਤੇ ਇੱਕ ਹੌਲਨਾਕ ਆਵਾਜ਼ ਆਈ, ਮੈਂ ਮਹਿਦੀ ਹਾਂ, ਇਸਲਾਮ ਦਾ ਰਾਜ ਬਹਾਲ ਕਰਨਾ ਮੇਰੀ ਆਖਰੀ ਨਿਸ਼ਾਨੀ ਹੈ।

ਮੈਂ ਵੇਖਿਆ ਕਰੋੜਾਂ ਦਾ ਹੜ੍ਹ ਸਾਹਮਣੇ ਪੱਛਮੀ ਉੱਤਰੀ ਤੱਟ ਤੋਂ ਹੜ੍ਹ ਵਾਂਗਰ ਚੜ੍ਹ ਆਇਆ। ਇਹ ਨਿਰਸਿੰਗੇ ਅਤੇ ਸੰਖਾਂ ਦੀ ਵੱਜ ਗੱਜ ਨਾਲ ਇਹ ਬਾਰਾਂ ਦਰਬਾਰਾਂ, ਮਹੀਨੇ, ਅਸਾਂ ਦੀਆਂ ਵਾਰਾਂ, ਰਾਹ ਰਾਸ ਦਾ ਸਿਮਰਣ ਕਰਨ ਵਿੱਚ ਮਗਨ ਸਨ। ਦੂਜੀ ਭੀੜ ਨਾਲੋਂ ਕਈ ਦਰਜੇ ਇਹ ਭੀੜ ਗਿਣਤੀ ਵਿੱਚ ਘੱਟ ਨਜ਼ਰ ਆਉਂਦੀ ਸੀ। ਇਹਨਾਂ ਦੇ ਸ਼ਬਦ ਕਿਸੇ ਸੁਰ ਤਾਲ ਵਿੱਚ ਹੋਣ ਕਰਕੇ ਮੇਰੀ ਸਮਝ ਵਿੱਚ ਬਖ਼ੂਬੀ ਆਉਂਦੇ ਸਨ। ਇੱਕ ਹੋਰ ਅਣਗਿਣਤ ਇਕੱਠ ਮੇਰੀ ਨਜ਼ਰੇ ਆਇਆ ਜੋ ਕੇਵਲ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਦਾ ਲਗਾਤਾਰ ਜਪ ਕਰੀ ਜਾ ਰਿਹਾ ਸੀ। ਏਹ ਸਾਰੀ ਗੂੰਜ ਭਰੀ ਆਵਾਜ਼ ਸੱਤਾਂ ਅਸਮਾਨਾਂ ਨੂੰ ਪਾੜਦੀ, ਲੀਰਾਂ ਕਰਦੇ ਮਹੌਲ ਵਿੱਚ ਇੰਝ ਲੱਗਾ ਕਿ ਮੈਂ ਇੱਕ ਬੇਹੋਸ਼ੀ ਦੀ ਹਾਲਤ ਵਿੱਚ ਪੁੱਜ ਗਿਆ ਹੋਵਾਂ। ਮੈਂ ਏਸ ਅਰਧ ਅਵਸਥਾ, ਬੇਸੁਰਤੀ ਦੀ ਹਾਲਤ ਵਿੱਚ ਇੱਕ ਗੁੰਗੀ ਬੇਲਫ਼ਜ਼ੀ, ਬੇ ਹਰਫ਼ੀ ਆਵਾਜ਼ ਵਿੱਚ ਪੁੱਛਿਆ ਇਹ ਸਭ ਕੁਝ ਕੀ ਹੈ, ਹੇ ਪ੍ਰਭੂ! ਤੇਰੇ ਬੱਚੇ ਤੇਰਾ ਜਾਪ ਕਰਦੇ ਆਪਣੇ ਦੁੱਖ ਦੱਸਣ, ਤੇਰੇ ਦਰਬਾਰ ਹਾਜ਼ਰ ਹਨ। ਦਇਆ ਕਰੋ ਪ੍ਰਭੂ, ਇਹਨਾਂ ਨਾਲ ਗੱਲ ਕਰੋ। ਇੱਕ ਨਰਮ ਜੇਹੀ ਆਵਾਜ਼ ਆਈ, ਇਹ ਆਪਣੇ ਰਾਮ ਰੌਲੇ ਵਿੱਚ ਹੀ ਮਸਤ ਹਨ। ਮੈਨੂੰ ਕਿੱਥੇ ਬੋਲਣ ਦੇਂਦੇ ਹਨ।

-ਬੀ. ਐਸ. ਸੋਮੀ

# ਅੰਮ੍ਰਿਤਸਰ ਦਾਦਰ ਐਕਸਪ੍ਰੈਸ

ਕਹਾਣੀ



ਲੈਫਟੀਨੈਂਟ ਤੇ ਉਸਦੇ ਸਿਪਾਹੀ ਵੀ ਜਾਗ ਚੁੱਕੇ ਸਨ, ਦੂਜੇ ਡੱਬਿਆਂ ਵਿੱਚੋਂ ਹੋਰ ਫੌਜੀ ਵੀ ਆਪਣੇ ਦੋਸਤਾਂ ਨੂੰ ਮਿਲਣ ਆਉਣ ਲੱਗ ਪਏ। ਚਿੱਟੀ ਟੋਪੀ ਵਾਲਾ ਮੁੰਡਾ ਜੇਬਾ ਵੀ ਜਾਗ ਪਏ ਸਨ, ਉਸੇ ਡੱਬੇ ਵਿੱਚ ਇੱਕ ਪੂਰੇ ਦਾ ਪੂਰਾ ਕੈਬਿਨ ਖਾਲੀ ਹੋ ਗਿਆ ਸੀ। ਜੇਬਾ, ਰੁਖਸਾਨਾ, ਚਿੱਟੀ ਟੋਪੀ ਵਾਲਾ ਮੁੰਡਾ ਅਤੇ ਲੀਡਰ ਮੁੰਡਾ ਸਾਰੇ ਸਬੱਬ ਨਾਲ ਇਕੋ ਕੈਬਿਨ ਵਿੱਚ ਇਕੱਠੇ ਹੋ ਗਏ। ਜਿਹੜੀਆਂ ਸੀਟਾਂ ਖਾਲੀ ਬਚੀਆਂ ਸਨ- ਉਹ ਫੌਜੀਆਂ ਨੇ ਮੱਲ ਲਈਆਂ। ਕਾਲੀ ਰਾਤ ਦੀ ਜਗ੍ਹਾ ਚਿੱਟੇ ਸਵੇਰੇ ਨੇ ਲੈ ਲਈ। ਸੜਕਾਂ 'ਤੇ ਥੋੜ੍ਹੀ ਥੋੜ੍ਹੀ ਅਵਾਜਾਈ ਸ਼ੁਰੂ ਹੋ ਗਈ ਸੀ। ਪਿੰਡਾਂ 'ਚ ਲੋਕਾਂ ਨੇ ਆਪਣੇ ਨਿੱਤ ਦੇ ਕਾਰ-ਵਿਹਾਰ ਕਰਨੇ ਸ਼ੁਰੂ ਕਰ ਦਿੱਤੇ ਸਨ। ਉਦਾਸ ਮਨ ਨਾਲ ਮੈਂ ਤਾਕੀ ਵਿੱਚੋਂ ਬਾਹਰ ਦੇਖ ਰਿਹਾ ਸੀ, ਭਾਂਵੇ ਸਾਰੀ ਰਾਤ ਸੁੱਤਾ ਨਹੀਂ ਸੀ। ਪਤਾ ਨਹੀਂ ਫਿਰ ਵੀ ਕਿਉਂ ਨੀਂਦ ਨਹੀਂ ਆ ਰਹੀ ਸੀ? ਨਾਲ ਬੈਠੇ ਫੌਜੀ ਨੇ ਚਾਹ ਲਈ ਸੁਲ੍ਹਾ ਮਾਰੀ। ਮੇਰੇ ਨਾਂਹ-ਨਾਂਹ ਕਰਨ 'ਤੇ ਵੀ ਧੱਕੇ ਨਾਲ ਹੀ ਚਾਹ ਦਾ ਕੱਪ ਫੜਾ ਦਿੱਤਾ।

ਅਣਮੰਨੇ ਜਿਹੇ ਮਨ ਨਾਲ ਚਾਹ ਪੀਣੀ ਸ਼ੁਰੂ ਕੀਤੀ ਪਰ ਮਨ ਅੰਦਰੋਂ ਕੁਝ ਹੋਰ ਸੀ। ਉਹ ਅਜੇ ਸੁੱਤੀ ਪਈ ਸੀ। ਆਲੇ-ਦੁਆਲੇ ਦੇਖਿਆ ਚਿੱਟੀ ਟੋਪੀ ਵਾਲਾ ਮੁੰਡਾ, ਜੇਬਾ, ਰੁਖਸਾਨਾ ਸਾਰੇ ਚਾਹ ਪੀ ਰਹੇ ਸਨ। ਉਸ ਦੀ ਗੈਰ-ਹਾਜ਼ਰੀ ਨੇ ਹੋਰ ਵੀ ਉਦਾਸ ਕਰ ਦਿੱਤਾ। ਫੌਜੀ ਨੇ ਆਪਣਾ ਬੈਗ ਖੋਲ੍ਹਿਆ ਵਿਚੋਂ ਪੰਜੀਰੀ ਖੋਆ ਕੱਢਣ ਲੱਗ ਪਿਆ ਤੇ ਸਾਰਾ ਖਾਣ ਪੀਣ ਦਾ ਸਮਾਨ ਮੇਰੇ ਮੂਹਰੇ ਰੱਖ ਦਿੱਤਾ, ਮਨ੍ਹਾ ਕਰਨ 'ਤੇ ਵੀ ਧੱਕੇ ਨਾਲ ਹੀ ਮੈਨੂੰ ਖੋਆ ਖਾਣ 'ਤੇ ਮਜ਼ਬੂਰ ਕਰ ਦਿੱਤਾ। ਉਹ ਰੋਹਤਕ ਜ਼ਿਲ੍ਹੇ ਦਾ ਰਹਿਣ ਵਾਲਾ ਸੀ। ਬੜਾ ਹਸਮੁਖ ਬੀ. ਐਸ. ਸੀ. ਸੀ. ਬੀ. ਐਡ ਕਰਕੇ ਫੌਜ 'ਚ ਭਰਤੀ ਹੋਇਆ ਸੀ। "ਸਦੀਆਂ ਤੋਂ ਆਪਣੇ ਬਜ਼ੁਰਗ ਫੌਜ 'ਚ ਭਰਤੀ ਹੁੰਦੇ ਰਹੇ ਹਨ ਤੁਸੀਂ ਪਤਾ ਨਹੀਂ ਕਿਉਂ ਫੌਜ 'ਚ ਨਹੀਂ ਆਏ।" ਉਹ ਮੈਨੂੰ ਕਹਿ ਰਿਹਾ ਸੀ। "ਪਹਿਲਾਂ ਨਹੀ ਆਏ।" ਉਹ ਮੈਨੂੰ ਕਹਿ ਰਿਹਾ ਸੀ। "ਪਹਿਲਾਂ ਅੰਗਰੇਜ਼ਾਂ ਵੱਲੋਂ ਜਬਰਦਸਤੀ ਭਰਤੀ ਕੀਤੇ ਜਾਂਦੇ ਰਹੇ।" "ਹੁਣ?" "ਮੈਂ ਤਾਂ ਆਪਣੀ ਮਰਜ਼ੀ ਨਾਲ ਹੀ ਆਇਆਂ।" ਉਹ ਐਜੂਕੇਸ਼ਨ ਕੋਰ 'ਚ ਸੀ। ਉਸ ਦਾ ਕੋਰਸ ਸ਼ੁਰੂ ਹੋ ਰਿਹਾ ਸੀ, ਐਨੇ ਨੂੰ ਕਾਲੇ ਕੱਪੜਿਆਂ ਵਾਲੀ ਕੁੜੀ ਵੀ ਨੀਂਦ ਤੋਂ ਜਾਗ ਪਈ ਤੇ ਸਾਡੇ ਆਲੇ ਕੈਬਿਨ 'ਚ ਬੈਠ ਗਈ। ਮੈਂ ਉਸਨੂੰ ਖੋਆ ਤੇ ਪੰਜੀਰੀ ਖਾਣ ਨੂੰ ਦਿੱਤੇ। ਜੋ ਉਸ ਨੇ ਖਾ ਲਏ। ਜ਼ੇਬਾ ਰੁਖਸਾਨਾ 'ਤੇ ਚਿੱਟੀ ਟੋਪੀ ਵਾਲਾ ਮੁੰਡਾ ਉਪਰ ਖਾਲੀ ਪਏ ਬਰਥਾਂ 'ਤੇ ਸੌਂ ਗਏ। ਉਨ੍ਹਾਂ ਦੁਆਰਾ ਖਾਲੀ ਕੀਤੀਆਂ ਸੀਟਾਂ 'ਤੇ ਹੋਰ ਫੌਜੀ ਆ ਕੇ ਬੈਠ ਗਏ। ਉਨ੍ਹਾਂ ਅਤੇ ਕੁੜੀ ਨਾਲ ਗੱਲਾਂ ਕਰਨ ਲੱਗ ਪਏ। ਕੁਝ ਕੁੜੀ ਦੀ ਜ਼ਿੰਦਗੀ ਬਾਰੇ ਪੁੱਛਦੇ। ਕੁੜੀ ਉਹਨਾਂ ਫੌਜੀਆਂ 'ਚ ਪੂਰੀ ਰਚ ਗਈ ਸੀ, ਆਪਣੀ ਦਰਦ ਕਹਾਣੀ ਵੀ ਉਨ੍ਹਾਂ ਫੌਜੀਆਂ ਨੂੰ ਸੁਣਾ ਦਿੱਤੀ। ਉਸ ਕੁੜੀ ਲਈ ਫੌਜੀਆਂ ਦੇ ਦਿਲ ਵਿੱਚ ਹਮਦਰਦੀ ਸੀ। ਕਈਆਂ ਨੇ ਸਲਾਹ ਮਸ਼ਵਰਾ ਵੀ ਦਿੱਤਾ- ਛੋਟੀ ਉਮਰ ਦੇ ਹੋਣ ਕਰਕੇ ਛੇਤੀ ਹੀ ਉਹ ਆਪਸ ਵਿੱਚ ਘੁਲ-ਮਿਲ ਗਏ। ਕੈਬਿਨ 'ਚ ਰੌਣਕਾਂ ਲੱਗ ਗਈਆਂ।

ਗਾਉਣ-ਵਜਾਉਣ ਦਾ ਪ੍ਰੋਗਰਾਮ ਸ਼ੁਰੂ ਹੋ ਗਿਆ- ਫੌਜੀਆਂ ਨੇ ਗੀਤ ਸੁਣਾਉਣੇ ਸ਼ੁਰੂ ਕਰ ਦਿੱਤੇ। ਕਿਸੇ ਨੇ ਬਾਂਗਰ ਇਲਾਕੇ ਦੇ ਗੀਤ ਸੁਣਾਏ। ਜਲੰਧਰ ਵਾਲੇ ਮੁੰਡੇ ਨੇ ਮਿਰਜ਼ਾ, ਰੋਹਤਕੀ ਨੇ ਰਾਗਨੀ ਸੁਣਾਈ। ਮੈਂ ਵੀ ਕੋਈ ਗੀਤ ਸੁਣਾਵਾਂ ਉਹ ਸਾਰੇ ਜਿੱਦ ਕਰਨ ਲੱਗੇ ਪਰ ਮੇਰਾ ਮਨ ਉਦਾਸ ਸੀ। ਮੈਂ ਉਨ੍ਹਾਂ ਦੇ ਗੀਤ ਸੁਣ ਤਾਂ ਸਕਦਾ ਸੀ ਪਰ ਗਾਣਾ ਕਿਤੇ............?

ਬਾਹਰ ਮੌਸਮ ਬੜਾ ਸੁਹਾਵਣਾ ਸੀ। ਮੱਧਮ ਕੋਸੀ ਕੋਸੀ ਧੁੱਪ ਬੜੀ ਚੰਗੀ ਲੱਗ ਰਹੀ ਸੀ। ਮੁਸਾਫਰਾਂ ਨੇ ਕੰਬਲ, ਲੋਈਆਂ, ਖੇਸੀਆਂ ਇੱਕ ਪਾਸੇ ਰੱਖ ਦਿੱਤੀਆਂ ਸਨ। ਕਈਆਂ ਨੇ ਤਹਿ ਕਰਕੇ ਆਪਣੇ ਬੈਗ ਜਾਂ ਸੂਟਕੇਸ ਵਿੱਚ ਪਾ ਲਈਆਂ ਸਨ। ਹੁਣ ਗਰਮ ਕੱਪੜਿਆਂ ਦੀ ਕੋਈ ਲੋੜ ਨਹੀਂ ਸੀ। ਕਾਲੇ ਕੱਪੜਿਆਂ ਵਾਲੀ ਕੁੜੀ ਨੇ ਵੀ ਕੋਟੀ ਉਤਾਰ ਦਿੱਤੀ। ਬੜਾ ਮਜਬੂਤ ਸਰੀਰ ਸੀ, ਉਹ ਹੋਰ ਵੀ ਜਵਾਨ ਦਿੱਸਣ ਲੱਗ ਪਈ ਪਰ ਅਜੇ ਚੁੱਪ ਸੀ। ਫੌਜੀਆਂ ਦੀਆਂ ਅੱਖਾਂ ਉਸ ਉਤੇ ਸਨ, ਜਿਉਂ-ਜਿਉਂ ਉਨ੍ਹਾਂ ਦਾ ਸਟੇਸ਼ਨ ਨੇੜੇ ਆ ਰਿਹਾ ਸੀ, ਤਿਉਂ ਤਿਉਂ ਉਹ ਕੁੜੀ ਦੇ ਨੇੜੇ ਆ ਰਹੇ ਸਨ। ਆਪੋ ਆਪਣੇ ਬੈਗਾਂ ਵਿੱਚੋਂ ਸਾਰਿਆਂ ਨੇ ਨੋਟ-ਬੁੱਕ ਕੱਢੀਆਂ ਤੇ ਕੁੜੀ ਦਾ ਸਿਰਨਾਵਾਂ ਨੋਟ ਕੀਤਾ ਫਿਰ ਇੱਕ-ਦੂਜੇ ਮੂਹਰੇ ਹੋ ਕੇ ਆਪਣਾ-ਆਪਣਾ ਪਤਾ ਕੁੜੀ ਨੂੰ ਲਿਖ ਕੇ ਦਿੱਤਾ। ਸੋਨੀਪਤ ਤੋਂ ਰਾਜਬੀਰ ਸਿੰਘ, ਝੱਜਰ ਤੋ ਸ਼ਾਮਬੀਰ ਸਿੰਘ, ਜਲੰਧਰ ਤੋ ਜਸਵਿੰਦਰ ਸਿੰਘ, ਹੁਸ਼ਿਆਰਪੁਰ ਤੋ ਗੁਰਪ੍ਰੀਤ ਸਿੰਘ ਪਤਾ ਨਹੀਂ ਕਿੰਨੇ ਕੁ ਹੋਰ। ਅੰਦਰੋ ਅੰਦਰੀ ਕੁੜੀ 'ਤੇ ਉਹ ਆਪਣਾ ਪੂਰਾ ਹੱਕ ਸਮਝਦੇ ਸਨ। ਨਮਾਣੀ ਜਿਹੀ ਬਣਕੇ ਉਹ ਉਨ੍ਹਾਂ ਫੌਜੀਆਂ ਦੇ ਸਿਰਨਾਵੇਂ ਕੱਠੇ ਕਰ ਰਹੀ ਸੀ। ਆਖਰ ਫੌਜੀਆਂ ਦਾ ਠਿਕਾਣਾ ਆ ਗਿਆ, ਥੋੜ੍ਹੀ ਦੂਰ ਰੇਲਵੇ ਸਟੇਸ਼ਨ ਦੇ ਬਾਹਰ ਫੌਜ ਦੀ ਬੱਸ ਖੜ੍ਹੀ ਸੀ- ਆਪੋ ਆਪਣਾ ਸਮਾਨ ਸਿਰਾਂ 'ਤੇ ਚੁੱਕੀ ਉਹ ਬੱਸ ਵੱਲ ਨੂੰ ਤੁਰੇ ਜਾ ਰਹੇ ਸਨ। ਤੁਰਦੇ ਤੁਰਦੇ ਪਿੱਛੇ ਨੂੰ ਮੂੰਹ ਮੋੜ ਕੇ ਕੁੜੀ ਵੱਲ ਹੱਥ ਹਿਲਾ ਦਿੰਦੇ। ਫੌਜੀਆਂ ਨੂੰ ਉਤਾਰ ਕੇ ਰੇਲ ਅਗਲੇ ਸਟੇਸ਼ਨ ਲਈ ਰਵਾਨਾ ਹੋ ਗਈ। ਬਾਹਰ ਧੁੱਪ ਚਮਕ ਰਹੀ ਸੀ। ਉੱਤਰੀ ਭਾਰਤ ਦੀ ਠੰਢ ਦੇ ਝੰਬੇ ਮੁਸਾਫਰ ਬੜੀ ਗੂੜ੍ਹੀ ਨੀਂਦ ਸੁੱਤੇ ਪਏ ਸਨ।

ਸ਼ਾਮ ਹੋ ਰਹੀ ਸੀ- ਗੱਡੀ ਭੁਸਾਵਲ ਸਟੇਸ਼ਨ 'ਤੇ ਜਾ ਪਹੁੰਚੀ। ਚੜ੍ਹਨ ਵਾਲੇ ਬਹੁਤੇ ਆ ਗਏ ਜਿੰਨ੍ਹਾਂ ਸੀਟਾਂ ਤੇ ਅਸੀ ਬੈਠੇ ਸੀ ਉਹ ਇਥੋਂ ਰਾਖਵੀਆਂ ਸਨ ਨਵੇਂ ਮੁਸਾਫਰਾਂ ਨੂੰ ਵੀ ਵਿੱਚ ਹੀ ਬਿਠਾ ਲਿਆ ਡੱਬੇ ਵਿੱਚ ਤਿਲ ਸੁੱਟਣ ਨੂੰ ਵੀ ਥਾਂ ਨਹੀਂ ਸੀ। ਸਾਨੂੰ ਸਾਰਿਆਂ ਨੂੰ ਜਿਹਨਾਂ ਦੀਆਂ ਸੀਟਾਂ ਰਾਖਵੀਆਂ ਨਹੀਂ ਸਨ ਬੜੀ ਔਖਿਆਈ ਹੋ ਰਹੀ ਸੀ। ਲੀਡਰ ਮੁੰਡੇ ਨੇ ਉਨ੍ਹਾਂ ਨਾਲ ਕੋਈ ਸਲਾਹ ਮਸ਼ਵਰਾ ਕੀਤਾ ਕਿ ਉਹ ਰਾਤ ਨੂੰ ਸੌਣਗੇ ਕਿੱਥੇ?

ਫਿਰ ਸਲਾਹ ਕਰਕੇ ਜਲਗਾਉ ਉਤਰਨ ਦਾ ਫੈਸਲਾ ਕਰ ਲਿਆ। ਮੈਨੂੰ ਭੁੱਖ ਲੱਗ ਆਈ ਸੀ ਕੁਝ ਫਲ-ਫਰੂਟ ਲੈਣ ਲਈ ਡੱਬੇ 'ਚੋਂ ਬਾਹਰ ਆ ਗਿਆ। ਜਦੋਂ ਮੁੜ ਕੇ ਸੀਟ 'ਤੇ ਆਇਆ ਤਾਂ ਉਹ ਇੱਥੇ ਨਹੀਂ ਸਨ। ਇਹ ਜਲਗਾਉਂ ਦਾ ਸਟੇਸ਼ਨ ਸੀ।

ਸਟੇਸ਼ਨ ਤੇ ਇੱਕ ਲੋਹੇ ਦੇ ਖੰਭੇ ਦਾ ਆਸਰਾ ਲੈ ਕੇ ਉਹ ਇਕੱਲੀ ਖੜ੍ਹੀ ਸੀ। ਮੈਂ ਡੱਬੇ ਤੋ ਹੇਠਾਂ ਉਤਰਿਆ, ਉਸਦੇ ਸਾਹਮਣੇ ਜਾ ਖੜਾ ਹੋਇਆ। ਮੈਨੂੰ ਦੇਖ ਕੇ ਉਹ ਹਲਕਾ ਜਿਹਾ ਮੁਸਕਰਾਈ ਤੇ ਮੇਰੇ ਚਿਹਰੇ ਵੱਲ ਬੜੀ ਗੌਰ ਨਾਲ ਦੇਖਿਆ- ਸ਼ਾਇਦ ਕੁਛ ਪੜ੍ਹ ਰਹੀ ਸੀ। ਮੈਨੂੰ ਉਸ 'ਤੇ ਤਰਸ ਆਇਆ "ਚੰਗਾ, ਕਦੇ ਫਿਰ ਮਿਲਾਂਗੇ।" ਹੌਲੀ ਜਿਹੀ ਅਵਾਜ 'ਚ ਮੈਂ ਬੋਲਿਆ। "ਜਰੂਰ।" ਉਹ ਵੀ ਉਸੇ ਤਰ੍ਹਾਂ ਹੀ ਬੋਲੀ। ਗਾਰਡ ਵੱਲੋਂ ਸੀਟੀ ਵਜਾਈ ਜਾ ਚੁੱਕੀ ਸੀ। ਰੇਲ ਨੇ ਹੌਲੀ-ਹੌਲੀ ਰੁੜਨਾ ਸ਼ੁਰੂ ਕੀਤਾ। ਸ਼ਾਇਦ ਮੁਲਾਕਾਤ ਦਾ ਟਾਈਮ ਪੂਰਾ ਹੋ ਚੁੱਕਿਆ ਸੀ। ਮੈਂ ਉਸ ਕੁੜੀ ਨਾਲ ਹੱਥ ਮਿਲਾਇਆ- ਇਸ ਵਾਰ ਉਸਦਾ ਹੱਥ ਮੈਨੂੰ ਠੰਢਾ ਜਿਹਾ ਲੱਗਿਆ- ਜੀਹਦੇ 'ਚ ਨਿੱਘ ਨਹੀਂ ਸੀ ਤੇ ਛੇਤੀ ਕਰਕੇ ਭੱਜ ਕੇ ਡੱਬੇ 'ਚ ਚੜ ਗਿਆ। ਦਰਵਾਜੇ 'ਚ ਖੜ ਕੇ ਦੁਬਾਰਾ ਉਸ ਵੱਲ ਦੇਖਿਆ ਉਹ ਉਵੇਂ ਖੰਭੇ ਦੇ ਸਹਾਰੇ ਖੜ੍ਹੀ ਸੀ, ਫਿਰ ਉਸਨੇ ਮੂੰਹ ਘੁੰਮਾ ਕੇ ਥੋੜ੍ਹਾ ਜਿਹਾ ਮੇਰੇ ਵੱਲ ਦੇਖਿਆ, ਫਿਰ ਦੂਜੇ ਪਾਸੇ ਦੇਖਣ ਲੱਗ ਪਈ। ਗੱਡੀ ਨੇ ਪੂਰੀ ਸਪੀਡ ਫੜ ਲਈ ਸੀ। ਮੈਂ ਦਰਵਾਜੇ 'ਚ ਉਦੋਂ ਤੱਕ ਖੜ੍ਹਾ ਰਿਹਾ ਜਦੋਂ ਤੱਕ ਉਹ ਦਿਸਣੋਂ ਨਾ ਹਟ ਗਈ। ਸਟੇਸ਼ਨ ਤੋਂ ਬਾਹਰ ਦੇਖਿਆ ਹਨੇਰਾ ਹੋ ਚੁੱਕਿਆ ਸੀ- ਮਨ ਅਜੇ ਵੀ ਇੱਥੇ ਹੀ ਖੜ੍ਹੇ ਰਹਿਣ ਨੂੰ ਕਰਦਾ ਸੀ, ਉਹ ਪੂਰੀ ਤਰ੍ਹਾਂ ਦਿਸਣੋਂ ਹਟ ਗਈ ਸੀ।

ਆਪਣੇ ਮਨ ਅੰਦਰ ਉਸ ਕੁੜੀ ਦੀ ਜ਼ਿੰਦਗੀ ਦਾ ਤੱਤ ਕੱਢਦਿਆਂ ਸੋਚਿਆ 'ਮਾਪੇ ਆਪਣੀਆਂ ਕੁੜੀਆਂ ਨੂੰ ਛੋਟੀ ਉਮਰੇ ਵਿਆਹ ਦਿੰਦੇ ਹਨ ਤਾਂ ਕਿ ਉਹ ਛੇਤੀ ਤੋਂ ਛੇਤੀ ਭਾਰ ਤੋਂ ਸੁਰਖ਼ਰੂ ਹੋ ਜਾਣ। ਸ਼ਾਇਦ ਉਹ ਇਹ ਨਹੀ ਜਾਣਦੇ ਕਿ ਇਹੀ ਭਾਰ ਉਨ੍ਹਾਂ ਬੱਚੀਆਂ ਨੂੰ ਸਾਰੀ ਉਮਰ ਚੁੱਕਣਾ ਪਵੇਗਾ ਜਿਸ ਨੂੰ ਚੱਕਣ ਦੇ ਅਜੇ ਉਹ ਕਾਬਲ ਵੀ ਨਹੀਂ ਹੁੰਦੀਆਂ। ਉਦਾਸੀ ਦੇ ਆਲਮ 'ਚ ਮਨ ਮੁੜ ਸੀਟ ਤੇ ਜਾਣ ਨੂੰ ਕੀਤਾ, ਜਿੱਥੇ ਉਹ, ਅਸੀ ਬੈਠੇ ਸੀ ਪਰ ਹੁਣ ਉਨ੍ਹਾਂ ਸੀਟਾਂ ਤੇ ਹੋਰ ਮੁਸਾਫਰ ਆ ਚੁੱਕੇ ਸਨ। ਉਨ੍ਹਾਂ ਸੀਟਾ ਨੂੰ ਬੁਲਾਉਣ ਨੂੰ ਦਿਲ ਨਾ ਕੀਤਾ। ਇੱਕ ਪਾਸੇ ਸੀਟ 'ਤੇ ਖਾਸੇ ਅਖਬਾਰ ਪਏ ਸੀ ਉਨ੍ਹਾਂ ਨੂੰ ਫਰਸ਼ ਤੇ ਵਿਛਾ ਕੇ ਸੌਣ ਜੋਗੀ ਥਾਂ ਬਣਾਉਣ ਲੱਗ ਪਿਆ। ਬੂਟ ਉਤਾਰ ਕੇ ਲੇਟਿਆ ਹੀ ਸੀ ਉਹ ਪਾਣੀਪਤ ਵਾਲਾ ਮੁੰਡਾ ਮੇਰਾ ਪੁਰਾਣਾ ਸਾਥੀ ਪਤਾ ਨਹੀਂ ਇੱਕਦਮ ਕਿਧਰੋਂ ਆ ਨਿਕਲਿਆ, ਉਹ ਵੀ ਮੇਰੇ ਨਾਲ ਹੀ ਲਿਟ ਗਿਆ। ਪਤਾ ਨਹੀਂ ਕਦੋਂ ਸਾਨੂੰ ਨੀਂਦ ਆ ਗਈ। ਪਹਿਲੀ ਰਾਤ ਦਾ ਉਨੀਂਦਰਾ ਹੋਣ ਕਰਕੇ ਪਤਾ ਹੀ ਨਾ ਲੱਗਿਆ ਕਿ ਫਰਸ਼ 'ਤੇ ਸੁੱਤਾ ਪਿਆ ਹਾਂ ਜਾ ਬਿਸਤਰੇ ਤੇ। ਸਵੇਰੇ ਸਾਝਰੇ ਮੁਸਾਫਰਾਂ 'ਤੇ ਕੁਲੀਆਂ ਦੇ ' ਦਾਦਰ ਆ ਗਿਆ ਦਾਦਰ ਆ ਗਿਆ ਬਈ" ਦੇ ਰੌਲੇ ਨੇ ਜਗਾ ਦਿੱਤਾ। ਭਾਵੇਂ ਅਜੇ ਮੇਰਾ ਦਿਲ ਹੋਰ ਸੌਣ ਨੂੰ ਕਰਦਾ ਸੀ, ਦਾਦਰ ਰੇਲਵੇ ਸਟੇਸ਼ਨ ਦੇ ਪਲੇਟਫਾਰਮ ਤੇ ਅਧਸੁੱਤਾ ਜਿਹਾ ਆਪਣਾ ਬੈਗ ਚੁੱਕ ਕੇ ਤੁਰਿਆ ਜਾ ਰਿਹਾ ਸੀ।

-ਸਰਬਜੀਤ ਸਿੰਘ ਸੰਧੂ
*# ਪਿੰਡ ਤੇ ਡਾਕ-ਬਰੜਵਾਲ, ਤਹਿ ਧੂਰੀ, ਜ਼ਿਲ੍ਹਾ ਸੰਗਰੂਰ*

# ਸ਼ਰਧਾ ਦਾ ਪ੍ਰਤੀਕ ਹੈ ਗੁਰਦੁਆਰਾ ਪਹਿਲੀ ਪਾਤਸ਼ਾਹੀ

ਕੁਰੂਕਸ਼ੇਤਰ ਹਰਿਆਣੇ ਦਾ ਇੱਕਲਾ ਅਜਿਹਾ ਸ਼ਹਿਰ ਹੈ ਜਿੱਥੇ 8 ਸਿੱਖ ਗੁਰੂ ਸਾਹਿਬਾਨ ਨੇ ਆਪਣੇ ਚਰਨ ਪਾਏ ਹਨ। ਇਸ ਸ਼ਹਿਰ ਵਿਚ ਗੁਰੂ ਨਾਨਕ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮ ਦਾਸ ਜੀ, ਗੁਰੂ ਹਰਿਗੋਬਿੰਦ ਸਾਹਿਬ ਜੀ, ਗੁਰੂ ਹਰਿਰਾਇ ਸਾਹਿਬ ਜੀ, ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ, ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਮੁਬਾਰਕ ਚਰਨ ਪਾਏ ਹਨ। ਇਹ ਜਾਣਕਾਰੀ ਗੁਰਦੁਆਰਾ ਸੱਤਵੀਂ ਪਾਤਸ਼ਾਹੀ ਦੇ ਹੈਡ ਗ੍ਰੰਥੀ ਗਿਆਨੀ ਅਮਰੀਕ ਸਿੰਘ ਜੀ ਨੇ ਦਿੱਤੀ। ਗੁਰਦੁਆਰਾ ਪਹਿਲੀ ਪਾਤਸ਼ਾਹੀ ਦੇ ਇਤਿਹਾਸ ਬਾਰੇ ਦੱਸਦਿਆਂ ਗਿਆਨੀ ਅਮਰੀਕ ਸਿੰਘ ਜੀ ਨੇ ਕਿਹਾ ਕਿ ਜਗਤ ਗੁਰੂ ਸ਼੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਪਹਿਲੀ ਉਦਾਸੀ ਜੋ ਸੰਮਤ 1554 ਤੋਂ 1565 ਤੱਕ ਸੀ, ਦੇ ਦੌਰਾਨ ਸੰਮਤ 1558 ਵਿਸਾਖ ਦੀ ਅਮਾਵਸ ਸੂਰਜ ਗ੍ਰਹਿਣ ਦੇ ਸਮੇਂ ਕੁਰੂਕਸ਼ੇਤਰ ਪਧਾਰੇ। ਗੁਰੂ ਨਾਨਕ ਦੇਵ ਜੀ ਨੇ ਵਡੇ ਤਲਾਬ (ਬ੍ਰਹਮ ਸਰੋਵਰ) ਦੇ ਕਿਨਾਰੇ ਡੇਰਾ ਲਗਾਇਆ ਤੇ ਹਿੰਦੂ ਜਗਤ ਦੇ ਪ੍ਰਸਿਧ ਨਿਯਮ (ਸੂਰਜ ਗ੍ਰਹਿਣ ਸਮੇਂ ਅੱਗ ਨਾ ਬਾਲਣ) ਦਾ ਉਲੰਘਣਾ ਕਰਕੇ ਪ੍ਰਣ ਤੋੜਨ ਹਿੱਤ ਗੁਰੂ ਕਾ ਲੰਗਰ ਚਾਲੂ ਕੀਤਾ। ਮਹਾਰਾਜੇ ਦਾ ਭੇਟ ਕੀਤਾ ਹੋਇਆ ਮਿਰਗ ਦਾ ਮਾਸ ਇਕ ਦੇਗ ਵਿਚ ਰਿੰਨਿਆ। ਪਰ ਪੰਗਤ ਸਮੇਂ ਖੀਰ ਦਾ ਪ੍ਰਸ਼ਾਦਿ ਛਕਾ ਕੇ ਮਾਸ ਖਾਣ ਜਾਂ ਨਾ ਖਾਣ ਨੂੰ ਮੂਰਖਾਂ ਦੀ ਬਹਿਸ ਸਾਬਿਤ ਕੀਤਾ। ਗਿਆਨੀ ਅਮਰੀਕ ਸਿੰਘ ਜੀ ਨੇ ਦੱਸਿਆ ਕਿ ਇਤਿਹਾਸ ਮੁਤਾਬਿਕ ਇਸੇ ਹੀ ਸਮੇਂ ਇਕ ਪੰਡਿਤ ਜਿਸ ਦਾ ਨਾਮ ਨਾਨੂੰ ਦੱਸਿਆ ਜਾਂਦਾ ਹੈ, ਹਾਜ਼ਰ ਹੋਇਆ ਅਤੇ ਸਤਿਗੁਰ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਕੇ ਬਿਬੇਕ ਬੁੱਧੀ ਦਾ ਮਾਲਕ ਬਣਿਆ। ਉਸ ਨੇ ਵੇਦ ਵਿਆਸ ਦੇ ਭਵਿਸ਼ ਵਾਕ ਕਲਜੁਗ ਬੇਦੀ ਬੰਸੇਚ ਨਾਨਕੰ ਦੇ ਅਨੁਸਾਰ ਆਪ ਨੂੰ ਕਲਜੁਗ ਦਾ ਅਵਤਾਰ ਪ੍ਰਗਟ ਕੀਤਾ। ਇਸ ਜਗ੍ਹਾ ਤੇ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਯਾਦਗਾਰੀ ਗੁਰਦੁਆਰਾ ਵਿਸ਼ੇਸ਼ ਸੜਕ ਉੱਪਰ ਸਥਿਤ ਹੈ। ਇੱਥੇ ਹਰ ਰੋਜ਼ ਵੱਡੀ ਗਿਣਤੀ ਵਿਚ ਸ਼ਰਧਾਲੂ ਨਤਮਸਤਕ ਹੋ ਕੇ ਅਰਦਾਸਾਂ ਕਰਦੇ ਹਨ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਹਨ। ਇਸ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਦੇ ਅਧੀਨ ਹੈ। ਗਿਆਨੀ ਅਮਰੀਕ ਸਿੰਘ ਜੀ ਨੇ ਦੱਸਿਆ ਕਿ ਕੁਰੂਕਸ਼ੇਤਰ ਸ਼ਹਿਰ ਵਿਚ ਅੱਠ ਇਤਿਹਾਸਕ ਗੁਰਦੁਆਰਾ ਸਾਹਿਬ ਹਨ, ਜਿਨ੍ਹਾਂ ਵਿਚੋਂ ਪੰਜ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਦੇ ਅਧੀਨ ਹੈ ਅਤੇ ਇਕ ਕਾਰ ਸੇਵਾ ਦੇ ਸੰਤਾਂ ਦੇ ਪ੍ਰਬੰਧ ਅਧੀਨ ਹੈ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸ਼ਹਿਰ ਵਿਚ ਦੋ ਗੁਰਦੁਆਰਾ ਸਾਹਿਬ ਹਨ, ਇਕ ਗੁਰਦੁਆਰਾ ਦਸਵੀਂ ਪਾਤਸ਼ਾਹੀ ਅਤੇ ਦੂਜਾ ਗੁਰਦੁਆਰਾ ਪਟਾ ਸਾਹਿਬ। ਇਨ੍ਹਾਂ ਸਾਰੇ ਗੁਰਦੁਆਰਾ ਸਾਹਿਬਾਨ ਦਾ ਮੁੱਖ ਦਫਤਰ ਗੁਰਦੁਆਰਾ ਛੇਂਵੀ ਪਾਤਸ਼ਾਹੀ ਵਿਖੇ ਹੈ। ਇਸੇ ਜਗ੍ਹਾ ਹੀ ਲੰਗਰ ਅਤੇ ਰਿਹਾਇਸ਼ ਦਾ ਪ੍ਰਬੰਧ ਹੈ। ਬਾਹਰੋਂ ਆਉਣ ਵਾਲੇ ਸ਼ਰਧਾਲੂਆਂ ਨੂੰ ਦੂਜੇ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰਵਾਉਣ ਲਈ ਗੱਡੀ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।



-ਨਿਸ਼ਾਨ ਸਿੰਘ ਰਾਠੌਰ

# ਕਿਸਾਨੀ ਦੀਆਂ ਸਮੱਸਿਆਵਾਂ ਅਤੇ ਹੱਲ



ਅਸੀਂ ਬਚਪਨ ਤੋਂ ਇਹ ਸੁਣਦੇ ਆ ਰਹੇ ਹਾਂ ਕਿ ਭਾਰਤ ਇਕ ਖੇਤੀ ਪ੍ਰਧਾਨ ਦੇਸ਼ ਹੈ ਅਤੇ ਇਸ ਦੀ 80 ਫੀਸਦੀ ਆਬਾਦੀ ਪਿੰਡਾਂ ਵਿਚ ਰਹਿੰਦੀ ਹੈ ਜੋ ਕਿ ਸਿੱਧੇ-ਅਸਿੱਧੇ ਢੰਗ ਨਾਲ ਖੇਤੀ ਤੋਂ ਆਪਣਾ ਜੀਵਨ ਨਿਰਬਾਹ ਕਰਦੀ ਹੈ। ਬਿਨਾਂ ਸ਼ੱਕ ਸਾਡੇ ਦੇਸ਼ ਵਿਚ ਵੀ ਖੇਤੀ ਨੇ ਬਹੁਤ ਤਰੱਕੀ ਕੀਤੀ ਹੈ ਅਤੇ ਹਰੀ ਕ੍ਰਾਂਤੀ ਨੇ ਭਾਰਤ ਨੂੰ ਆਤਮ ਨਿਰਭਰ ਦੇਸ਼ ਬਣਾ ਦਿੱਤਾ ਹੈ, ਜਿਸ ਕਾਰਨ ਅੱਜ ਸਾਡੇ ਅਨਾਜ ਭੰਡਾਰ ਭਰੇ ਪਏ ਹਨ ਅਤੇ ਸਾਨੂੰ ਦੂਜਿਆਂ ਦੇਸ਼ਾਂ ਵੱਲ ਵੇਖਣ ਦੀ ਕੋਈ ਜ਼ਰੂਰਤ ਨਹੀਂ ਪੈਂਦੀ। ਕਿਸਾਨਾਂ ਕੋਲ ਬਲਦਾਂ ਦੀ ਜਗ੍ਹਾ ਤੇ ਟਰੈਕਟਰ, ਹਲਟਾਂ ਦੀ ਜਗ੍ਹਾ ਸਬਮਰਸੀਬਲ ਪੰਪ, ਪੈਦਲ ਚੱਲਣ ਲਈ ਗੱਡੀਆਂ ਦੀ ਜਗ੍ਹਾ ਜੀਪਾਂ ਅਤੇ ਟਾਂਗਿਆਂ, ਸਾਇਕਲਾਂ ਦੀ ਜਗ੍ਹਾ ਕਾਰਾਂ ਆ ਗਈਆਂ ਹਨ।

ਹੁਣ ਗੱਲ ਕਰਦੇ ਹਾਂ ਪੰਜਾਬ ਦੀ ਜੋ ਕਿ ਭਾਰਤ ਦਾ ਸਭ ਤੋਂ ਖੁਸ਼ਹਾਲ ਸੂਬਾ ਹੈ। ਬਿਨਾਂ ਸ਼ੱਕ ਮਿਹਨਤੀ ਪੰਜਾਬੀ ਕਿਸਾਨਾਂ ਨੇ ਭਾਰਤ ਵਾਸੀਆਂ ਦਾ ਢਿੱਡ ਭਰਨ ਲਈ ਕਣਕ, ਚੌਲ ਦੇ ਭੰਡਾਰ ਭਰ ਦਿੱਤੇ ਹਨ ਅਤੇ ਰੱਜ ਕੇ ਤਰੱਕੀ ਦਾ ਨਿੱਘ ਮਾਣਿਆ ਹੈ। ਇਹ ਤਰੱਕੀ ਵੇਖਣ ਨੂੰ ਤਾਂ ਬਹੁਤ ਸੋਹਣੀ ਲੱਗਦੀ ਹੈ ਪਰ ਕੀ ਇਹ ਅਸਲ ਤਰੱਕੀ ਹੈ? ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਇਹ ਸਿਰਫ ਅੱਖਾਂ ਦਾ ਧੋਖਾ ਹੈ, ਨਹੀਂ ਤਾਂ ਬਹੁਤ ਸਾਰੇ ਕਿਸਾਨ ਆਪਣੇ ਪਰਿਵਾਰਾਂ ਸਮੇਤ ਖੁਦਕੁਸ਼ੀਆਂ ਕਿਉਂ ਕਰਨ, ਕਿਉਂ ਕਿਸਾਨਾਂ ਨੂੰ ਆਪਣਾ ਸਿਰ ਚੜ੍ਹਿਆ ਕਰਜ਼ਾ ਰਾਤ ਦਿਨ ਸੌਣ ਨਹੀਂ ਦਿੰਦਾ, ਕਿਉਂ ਕਿਸਾਨ ਨੂੰ ਅਸਲੀ ਕਹਿ ਕੇ ਨਕਲੀ ਦਵਾਈਆਂ, ਖਾਦਾਂ ਵੇਚੀਆਂ ਜਾਂਦੀਆਂ ਹਨ, ਕਿਉਂ ਪਾਣੀ ਦੀ ਜ਼ਰੂਰਤ ਦੇ ਸਮੇਂ ਬਿਜਲੀ ਦੇ ਕੱਟ ਲਗਾਏ ਜਾਂਦੇ ਹਨ, ਕਿਉਂ ਕਿਸਾਨਾਂ ਦੀ ਫਸਲ ਕਈ ਕਈ ਦਿਨ ਮੰਡੀਆਂ ਵਿਚ ਰੁਲਦੀ ਹੈ, ਕਿਉਂ ਹਰ ਸਾਲ ਬੋਰ ਡੂੰਘੇ ਕਰਵਾਉਣੇ ਪੈਂਦੇ ਹਨ, ਕਿਉਂ ਬਿਜਲੀ ਵਾਲੇ ਫਿਊਜ਼ ਲਗਾਉਣ ਲਈ ਵੀ ਬੋਤਲ ਦੀ ਮੰਗ ਕਰਦੇ ਹਨ, ਕਿਉਂ ਕਿਸਾਨ ਵੀਰ ਲੋੜ ਤੋਂ ਵੱਧ ਖਰਚੇ ਕਰਦੇ ਹਨ ਅਤੇ ਕਿਉਂ ਉਹ ਮਿਹਨਤ ਕਰਨ ਤੋਂ ਕਤਰਾਉਣ ਲੱਗੇ ਹਨ। ਇਹਨਾਂ ਸਭ ਗੱਲਾਂ ਦੇ ਕਾਰਨ ਵੀ ਹਨ ਤੇ ਹੱਲ ਵੀ। ਲੋੜ ਹੈ ਇਹਨਾਂ ਕਾਰਨਾਂ ਨੂੰ ਘੋਖਣ ਦੀ, ਕੁਝ ਸੋਚਣ ਦੀ, ਕੁਝ ਕਰਨ ਦੀ, ਨਹੀਂ ਤਾਂ ਆਉਣ ਵਾਲੇ ਸਮੇਂ ਵਿਚ ਸਭ ਚੰਗਾ ਨਹੀਂ ਹੋਵੇਗਾ। ਆਓ ਇਹਨਾਂ ਸਭ ਗੱਲਾਂ ਵੱਲ ਜ਼ਰਾ ਨਿਗ੍ਹਾ ਮਾਰੀਏ



**ਕਿਸਾਨਾਂ ਦੀ ਜ਼ਿੰਮੇਵਾਰੀ**- ਭਾਰਤ ਦੇਸ਼ ਵਿਚ ਜ਼ਿਆਦਾਤਰ ਕਿਸਾਨ ਛੋਟੇ ਕਿਸਾਨ ਹਨ, ਜਿਹਨਾਂ ਕੋਲ 4-5 ਹੈਕਟੇਅਰ ਤੱਕ ਜ਼ਮੀਨ ਹੁੰਦੀ ਹੈ ਅਤੇ ਇਹ ਉਹ ਤਬਕਾ ਹੈ ਜੋ ਕਿ ਜ਼ਿਆਦਾ ਪਿਸਦਾ ਹੈ, ਕਹਿੰਦੇ ਹਨ ਤਕੜੇ ਦਾ ਸੱਤੀਂ ਵੀਹੀਂ ਸੌ ਤੇ ਮਾੜੇ ਨੂੰ ਤਾਂ ਸਰੇ ਹੀ ਦਬਾ ਲੈਂਦੇ ਹਨ। ਇਸ ਦਾ ਮੁੱਖ ਕਾਰਨ ਅਨਪੜ੍ਹਤਾ, ਅਗਿਆਨਤਾ ਤੇ ਰਲ-ਮਿਲ ਕੇ ਚੱਲਣ ਦੀ ਕਮੀ ਹੈ। ਕਿਸਾਨ ਲੱਗਭੱਗ ਹਰੇਕ ਕੰਮ ਲਈ ਸ਼ਾਹੂਕਾਰਾਂ, ਆੜ੍ਹਤੀਆਂ ਦੇ ਚੱਕਰ ਲਗਾਉਂਦੇ ਹਨ।

ਉਹਨਾਂ ਤੋਂ ਪੈਸੇ ਜਾਂ ਜਿਣਸਾਂ ਉਧਾਰ ਲੈਂਦੇ ਹਨ। ਜੇ ਆੜਤੀਆ 2000 ਦੀ ਜਗ੍ਹਾ 20 ਹਜ਼ਾਰ ਤੇ ਅੰਗੂਠਾ ਲਵਾ ਲਵੇ ਅਤੇ ਸਾਲ ਦੋ ਸਾਲ ਬਾਅਦ 2 ਲੱਖ ਬਣਾ ਦੇਵੇ ਤਾਂ ਕਿਸਾਨ ਕਿੱਧਰ ਨੂੰ ਜਾਵੇਗਾ। ਆਪਣੀ ਜਵਾਨ ਹੋਈ ਧੀ ਦੇ ਵਿਆਹ ਲਈ ਦਾਰਜ ਬਣਾਏਗਾ ਜਾਂ ਆੜ੍ਹਤੀਏ ਦਾ ਕਰਜ਼ਾ ਚੁਕਾਏਗਾ ਜਾਂ ਜ਼ਮੀਨ ਵੇਚੇਗਾ ਜਾਂ ਖੁਦਕੁਸ਼ੀ ਕਰੇਗਾ। ਜੇਕਰ ਕਿਸਾਨ ਨੂੰ ਨਕਲੀ ਦਵਾਈਆਂ ਵੇਚ ਦਿੱਤੀਆਂ ਜਾਣ ਤਾਂ ਉਸ ਵਿਚਾਰੇ ਨੂੰ ਕਿਵੇਂ ਪਤਾ ਲੱਗੇਗਾ। ਜੇਕਰ ਖਾਦਾਂ, ਬੀਜਾਂ ਦੀ ਬਲੈਕ ਸ਼ੁਰੂ ਹੋ ਜਾਵੇ ਤਾਂ ਕਿਸਾਨ ਕੀ ਕਰੇ, ਬੀਜ ਤਾਂ ਬੀਜਣਾ ਹੀ ਹੈ ਨਾ ਅਤੇ ਖਾਦਾਂ ਪਾਉਣੀਆਂ ਵੀ ਜ਼ਰੂਰੀ ਹਨ। ਪੈਸੇ ਜ਼ਿੰਨੇ ਮਰਜ਼ੀ ਸਿਰ ਚੜ੍ਹ ਜਾਣ। ਪਰ ਕੀ ਇਸ ਸਭ ਲਈ ਆੜ੍ਹਤੀਆ, ਸ਼ਾਹੂਕਾਰ ਜਾਂ ਦੁਕਾਨਦਾਰ ਹੀ ਜ਼ਿੰਮੇਵਾਰ ਹਨ। ਆਖਿਰ ਅੰਗੂਠਾ ਤਾਂ ਕਿਸਾਨ ਨੇ ਆਪਣੀ ਮਰਜੀ ਨਾਲ ਹੀ ਲਾਇਆ ਹੈ, ਨਾ ਕਿ ਜ਼ਬਰਦਸਤੀ ਲਗਵਾਇਆ ਗਿਆ ਹੈ। ਇਸ ਸਭ ਦਾ ਕਾਰਨ ਵੀ ਕਿਸਾਨ ਦੀ ਅਨਪੜ੍ਹਤਾ, ਅਗਿਆਨਤਾ ਹੈ ਅਤੇ ਸਰਕਾਰ ਵੀ ਬਰਾਬਰ ਦੀ ਜ਼ਿੰਮੇਵਾਰ ਹੈ, ਜਿਸ ਨੇ ਸਭ ਕੁਝ ਕਰਨ ਲਈ ਖੁੱਲ੍ਹੀ ਛੁੱਟੀ ਦੇ ਦਿੱਤੀ ਹੈ ਪਰ ਕਿਸਾਨ ਵੀਰੋ, ਅੱਜ ਲੋੜ ਹੈ ਤੁਹਾਨੂੰ ਆਪਣੀਆਂ ਅੱਖਾਂ ਖੁੱਲ੍ਹੀਆਂ ਰੱਖਣ ਦੀ ਅਤੇ ਰਲ-ਮਿਲ ਕੇ ਚੱਲਣ ਦੀ।

**ਲੋੜ ਤੋਂ ਵੱਧ ਖਰਚਾ**- ਕਿਸਾਨ ਵੀਰ ਮੰਨਣ ਜਾਂ ਨਾ ਮੰਨਣ, ਪਰ ਉਹਨਾਂ ਦੇ ਖਰਚੇ, ਆਮਦਨ ਤੋਂ ਕਿਤੇ ਵੱਧ ਹਨ। ਇਕ ਸਰਵੇ ਅਨੁਸਾਰ ਅੱਜ ਪੰਜਾਬ ਵਿਚ 405000 ਟਰੈਕਟਰ, 9350000 ਟਿਊਬਵੈੱਲ, 8150 ਕੰਬਾਇਨਾਂ ਆਦਿ ਮੌਜੂਦ ਹਨ ਜੋ ਕਿ ਲੋੜ ਤੋਂ ਤਕਰੀਬਨ 4 ਗੁਣਾ ਵਧੇਰੇ ਹਨ। ਜੇਕਰ 4-5 ਏਕੜ ਵਾਲਾ ਕਿਸਾਨ ਕਰਜ਼ੇ ਤੇ ਟਰੈਕਟਰ ਲੈ ਲਵੇ ਜਾਂ ਖੇਤਾਂ ਵਿਚ ਸਬਮਰਸੀਬਲ ਲਵਾ ਲਵੇ ਜਾਂ ਮਾਰੂਤੀ ਕਾਰ ਜਾਂ ਮਹਿੰਦਰ ਜੀਪ ਹਵੇਲੀ ਵਿਚ ਖੜ੍ਹੀ ਕਰ ਲਵੇ ਤਾਂ ਉਸ ਦਾ ਜ਼ਿੰਮੇਵਾਰ ਕੌਣ ਹੈ? ਕੀ ਅਸੀਂ ਆਪਣੀ ਥੋੜ੍ਹੀ ਜ਼ਮੀਨ ਦੂਜੇ ਦੇ ਟਰੈਕਟਰ ਤੋਂ ਨਹੀਂ ਵਹਾ ਸਕਦੇ ਜਾਂ ਪਾਣੀ ਮੁੱਲ ਨਹੀਂ ਲੈ ਸਕਦੇ, ਨਾਲ ਲੱਗਦੇ ਟਿਊਬਵੈਲ ਤੋਂ। ਇਸ ਸਭ ਦਾ ਜਵਾਬ ਹਾਂ ਹੈ ਪਰ ਫਿਰ ਟਰੈਕਟਰ, ਟਿਊਬਵੈਲ ਤੋਂ ਬਿਨਾਂ ਕਾਹਦੀ ਜ਼ਿੰਮੇਵਾਰੀ, ਇਹ ਹੈ ਜਵਾਬ ਕਿਸਾਨਾਂ ਦਾ। ਪੱਛਮੀ ਦੇਸ਼ਾਂ ਵਿਚ ਤੇ ਸਾਡੇ ਵਿਚ ਇਹੀ ਫਰਕ ਹੈ ਕਿ ਉਥੇ ਜ਼ਮੀਨਾਂ ਬਹੁਤ ਵੱਡੀਆਂ ਹਨ ਤੇ ਆਪਣੇ ਇੱਥੇ ਜ਼ਮੀਨਾਂ ਭਰਾਵਾਂ ਨੇ ਆਪਸ ਵਿਚ ਵੰਡੀਆਂ ਹੋਈਆਂ ਹਨ ਤੇ ਆਪਸ ਬਣਦੀ ਵੀ ਨਹੀਂ ਤੇ ਇਕ ਦੂਜੇ ਨੂੰ ਨੀਵਾਂ ਦਿਖਾਉਣ ਦੇ ਚੱਕਰ ਵਿਚ ਜਾਣੇ-ਅਣਜਾਣੇ ਅਸੀਂ ਆਪ ਨੀਵੇਂ ਹੁੰਦੇ ਜਾ ਰਹੇ ਹਾਂ। ਦੂਜੀ ਗੱਲ ਜੇ ਸਾਡੇ ਆਮਦਨ ਸੀਮਤ ਹੈ ਤਾਂ ਅਸੀਂ ਕਾਰਾਂ, ਜੀਪਾਂ ਦੀ ਜਗ੍ਹਾ ਮੋਟਰ ਸਾਈਕਲ ਵੀ ਤਾਂ ਵਰਤ ਸਕਦੇ ਹਾਂ। ਫਿਰ ਕਾਰਾਂ, ਜੀਪਾਂ ਵਿਚ ਜਾਂ ਟਰਾਲੀਆਂ ਵਿਚ ਪਿੰਡ ਵਾਸੀਆਂ ਨੂੰ ਲੱਦ ਦੇ ਮੇਲੇ ਹੀ ਤਾਂ ਲਿਜਾਣਾ ਹੁੰਦਾ ਹੈ। ਇਹ ਗੱਲ ਹੋਰ ਹੈ ਕਿਸਾਨ ਵੀਰ ਲੋੜ ਤੋਂ ਵੱਧ ਖਾਦਾਂ ਤੇ ਦਵਾਈਆਂ ਜ਼ਰੂਰਤ ਅਨੁਸਾਰ ਖੇਤੀ ਮਾਹਿਰਾਂ ਦੀ ਰਾਇ ਲੈ ਕੇ ਵਰਤੀਏ ਅਤੇ ਦੂਜਾ ਅਸੀਂ ਜੇਕਰ ਹੈਂਕੜਬਾਜੀ ਤਿਆਗ ਕੇ ਰਲ-ਮਿਲ ਕੇ ਖੇਤੀ ਕਰੀਏ ਤਾਂ ਖਰਚਾ ਜ਼ਰੂਰ ਅੱਧਾ ਰਹਿ ਜਾਵੇਗਾ।

**ਫੁਟਕਲ ਖਰਚੇ**- ਇਹਨਾਂ ਵਿਚ ਵਿਆਹਾਂ 'ਤੇ ਕੀਤੇ ਜਾਣ ਵਾਲੇ ਖਰਚੇ ਅਤੇ ਦਾਰੂ 'ਤੇ ਕੀਤੇ ਜਾਣ ਵਾਲੇ ਖਰਚੇ ਸ਼ਾਮਲ ਹਨ। ਵਿਆਹਾਂ ਤੇ ਬਹੁਤ ਜ਼ਿਆਦਾ ਖਰਚ ਕੀਤਾ ਜਾਂਦਾ ਹੈ ਤੇ ਇਹ ਖਰਚਾ ਜਾਂ ਤਾਂ ਕਰਜਾ ਲੈ ਕੇ ਜਾਂ ਆੜ੍ਹਤੀਏ ਤੋਂ ਫੜ ਕੇ ਜਾਂ ਜ਼ਮੀਨ ਗਹਿਣੇ ਤੇ ਦੇ ਕੇ ਹੀ ਕੀਤਾ ਜਾਂਦਾ ਹੈ। ਬਿਨਾਂ ਸ਼ੱਕ ਇਹ ਖਰਚੇ ਸ਼ਹਿਰੀ ਲੋਕ ਵੀ ਕਰਦੇ ਹਨ ਪਰ ਗੱਲ ਅਸੀਂ ਕਿਸਾਨੀ ਦੀ ਕਰ ਰਹੇ ਹਾਂ, ਜਿਸ ਦੀ ਕਮਰ ਇਨ੍ਹਾਂ ਖਰਚਿਆਂ ਨਾਲ ਟੁੱਟ ਜਾਂਦੀ ਹੈ। ਇਸ ਸਭ ਲਈ ਅਸੀਂ ਤੇ ਸਾਡਾ ਸਮਾਜ ਜ਼ਿੰਮੇਵਾਰ ਹੈ। ਜਿੱਥੇ ਫੋਕੇ ਟੌਹਰ ਦਿਖਾਵੇ ਕੀਤੇ ਜਾਂਦੇ ਹਨ, ਉਥੇ ਵਿਆਹਾਂ ਵਿਚ ਢੇਰ ਸਾਰਾ ਦਾਜ ਦਿੱਤਾ ਤੇ ਲਿਆ ਜਾਂਦਾ ਹੈ।

ਦੂਜਾ ਦਾਰੂ ਤਾਂ ਸਾਡੀ ਜ਼ਿੰਦਗੀ ਦਾ ਪ੍ਰਮੁੱਖ ਅੰਗ ਬਣ ਗਈ ਹੈ ਜੋ ਕਿ ਖਰਚਾ ਵਧਾਉਣ ਦੇ ਨਾਲ ਹੀ ਸਾਨੂੰ ਸਰੀਰਕ ਤੌਰ 'ਤੇ ਕਮਜ਼ੋਰ ਵੀ ਕਰ ਰਹੀ ਹੈ। ਇਸੇ ਲਈ ਤਾਂ ਕਿਸਾਨ ਵੀਰ ਹੁਣ ਹਰ ਗੱਲ ਲਈ ਪ੍ਰਵਾਸੀ ਮਜ਼ਦੂਰਾਂ 'ਤੇ ਨਿਰਭਰ ਹੋ ਗਏ ਹਨ। ਸਮੇਂ ਦੀ ਮੰਗ ਇਹ ਹੈ ਕਿ ਕਿਸਾਨਾਂ ਨੂੰ ਆਪਣੇ ਫਾਲਤੂ ਖਰਚੇ ਘਟਾਉਣੇ ਪੈਣਗੇ।

**ਸਰਕਾਰੀ ਕਰਮਚਾਰੀਆਂ ਦੀ ਅਣਗਹਿਲੀ**: ਇਹਨਾਂ ਸਰਕਾਰੀ ਕਰਮਚਾਰੀਆਂ ਵਿਚ ਆਉਂਦੇ ਹਨ ਖੇਤੀ ਮਾਹਿਰ, ਬਿਜਲੀ ਬੋਰਡ ਵਾਲੇ ਆਦਿ। ਖੇਤੀ ਮਾਹਿਰਾਂ ਵਿਚ ਖੇਤੀ ਅਫਸਰ, ਖੇਤੀ ਵਿਕਾਸ ਅਫਸਰ ਅਤੇ ਪਸਾਰ ਮਾਹਿਰ ਸ਼ਾਮਲ ਹਨ, ਜਿਹਨਾਂ ਦਾ ਕੰਮ ਹੈ ਕਿਸਾਨਾਂ ਨੂੰ ਨਵੀਆਂ ਖੋਜਾਂ ਬਾਰੇ ਦੱਸਣਾ। ਮੈਂ ਇਕ ਗੱਲ ਕਿਸਾਨਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਹਰ ਜ਼ਿਲ੍ਹੇ ਵਿਚ ਕਿਸਾਨਾਂ ਦੀ ਸਹਾਇਤਾ ਲਈ ਖੇਤੀ ਵਿਕਾਸ ਅਫਸਰ ਨਿਯੁਕਤ ਕੀਤੇ ਜਾਂਦੇ ਹਨ। ਇਸ ਤੋਂ ਬਿਨਾਂ ਕ੍ਰਿਸ਼ੀ ਵਿਗਿਆਨ ਕੇਂਦਰ, ਕਿਸਾਨ ਸੇਵਾ ਕੇਂਦਰ ਹਨ। ਕਿਸਾਨ ਵੀਰ ਖੁਦ ਜਾ ਕੇ ਉਹਨਾਂ ਨੂੰ ਤਾਂ ਮਿਲ ਹੀ ਸਕਦੇ ਹਨ ਅਤੇ ਆਪਣੀਆਂ ਸਮੱਸਿਆਵਾਂ ਬਾਰੇ ਦੱਸ ਸਕਦੇ ਹਨ। ਬਿਜਲੀ ਬੋਰਡ ਦੇ ਕਰਮਚਾਰੀ ਵੀ ਕਿਸਾਨਾਂ ਨੂੰ ਲੁੱਟਣ ਵਿਚ ਕੋਈ ਕਸਰ ਨਹੀਂ ਛੱਡਦੇ। ਬਹੁਤ ਸਾਰੀਆਂ ਪ੍ਰਾਈਵੇਟ ਕੰਪਨੀਆਂ ਸਿੱਧੇ-ਅਸਿੱਧੇ ਢੰਗ ਨਾਲ ਕਿਸਾਨਾਂ ਨੂੰ ਊਲ ਜਲੂਲ ਵੇਚ ਹੀ ਜਾਂਦੀਆਂ ਹਨ।

**ਸਰਕਾਰ ਦੀ ਜ਼ਿੰਮੇਵਾਰੀ**- ਕਿਸਾਨਾਂ ਦੀ ਮਾੜੀ ਦਸ਼ਾ ਲਈ ਸਰਕਾਰ ਵੀ ਘੱਟ ਜ਼ਿੰਮੇਵਾਰ ਨਹੀਂ। ਜਦੋਂ ਝੋਨੇ ਦੀ ਬਿਜਾਈ ਹੋਈ ਹੁੰਦੀ ਹੈ ਤਾਂ ਬਿਜਲੀ ਦੇ ਕੱਟ ਲਗਾਏ ਜਾਂਦੇ ਹਨ, ਡੀਜ਼ਲ ਦੇ ਰੇਟ ਵਧਾਏ ਜਾਂਦੇ ਹਨ ਅਤੇ ਜਦ ਕਿਸਾਨ ਪਾਣੀ ਦੀ ਕਮੀ ਕਾਰਨ ਝੋਨਾ ਵਾਹੁਣ ਦੀ ਤਿਆਰੀ ਕਰਨ ਲੱਗਦੇ ਹਨ ਤਾਂ ਬਿਜਲੀ ਦੀ ਖਰੀਦੋ-ਫਰੋਖਤ ਦੀਆਂ ਗੱਲਾਂ ਸ਼ੁਰੂ ਹੋ ਜਾਂਦੀਆਂ ਹਨ। ਕਈ-ਕਈ ਦਿਨ ਜੇ ਫਸਲ ਮੰਡੀਆਂ ਵਿਚ ਰੁਲੇ ਤਾਂ ਕਿਸਾਨ ਕੀ ਕਰਨ। ਫਸਲ ਦਾ ਮੁੱਲ ਨਿਰਧਾਰਿਤ ਕਰਨ ਲਈ ਬਹੁਤ ਸਮਾਂ ਕਿਉਂ ਲਗਾਇਆ ਜਾਂਦਾ ਹੈ। ਮੰਡੀਆਂ ਵਿਚ ਫਸਲ ਨੂੰ ਮੀਂਹ, ਹਨੇਰੀ ਤੋਂ ਬਚਾਉਣ ਦੇ ਅਗਾਊਂ ਪ੍ਰਬੰਧ ਕਿਉਂ ਨਹੀਂ ਕੀਤੇ ਜਾਂਦੇ। ਇਸ ਸਭ ਲਈ ਸਰਕਾਰ ਜ਼ਿੰਮੇਵਾਰ ਹੈ। ਅੰਤ ਵਿਚ ਜੇ ਅਸੀਂ ਸਭ ਗੱਲਾਂ ਦਾ ਨਿਚੋੜ ਕੱਢੀਏ ਤਾਂ ਪਤਾ ਲੱਗਦਾ ਹੈ ਕਿ ਕੋਈ ਇਕ ਵਿਅਕਤੀ ਵਿਸ਼ੇਸ਼ ਕਿਸਾਨੀ ਦੇ ਨਿਘਾਰ ਦਾ ਜ਼ਿੰਮੇਵਾਰ ਨਹੀਂ ਸਗੋਂ ਕਿਸਾਨੀ ਨਾਲ ਜੁੜਿਆ ਹਰੇਕ ਇਨਸਾਨ, ਕਿਸਾਨ ਤੋਂ ਲੈ ਕੇ ਸਰਕਾਰ ਤੱਕ ਸਭ ਇਸ ਲਈ ਬਰਾਬਰ ਦੇ ਜ਼ਿੰਮੇਵਾਰ ਹਨ। ਇਸ ਸਭ ਤੋਂ ਬਚਣ ਲਈ ਇਹ ਜ਼ਰੂਰੀ ਹੈ ਕਿ ਅਸੀਂ ਆਪਣੀਆਂ ਜ਼ਿੰਮੇਵਾਰੀਆਂ ਦੂਜਿਆਂ 'ਤੇ ਨਾ ਸੁੱਟੀਏ ਅਤੇ ਸੁਚੇਤ ਹੋ ਕੇ ਆਪਣਾ ਫਰਜ਼ ਪਛਾਣੀਏ ਤੇ ਨਿਭਾਈਏ।

-ਗੁਰਜੀਤ ਸਿੰਘ ਮਠਾੜੂ

# ਹਾਥਰਸ ਭਗਦੜ ਮਾਮਲੇ ਵਿਚ ਛੇ ਵਿਅਕਤੀ ਗ੍ਰਿਫ਼ਤਾਰ, ਮੁੱਖ ਮੁਲਜ਼ਮ ਦੇ ਸਿਰ ਉੱਤੇ 1 ਲੱਖ ਦਾ ਇਨਾਮ ਰੱਖਿਆ

## ਮੁੱਖ ਮੁਲਜ਼ਮ ਖਿਲਾਫ਼ ਗੈਰਜ਼ਮਾਨਤੀ ਵਾਰੰਟ ਜਾਰੀ ਕਰਨ ਦੀ ਤਿਆਰੀ; ਲੋੜ ਪੈਣ 'ਤੇ ਭੋਲੇ ਬਾਬਾ ਤੋਂ ਵੀ ਕੀਤੀ ਜਾਵੇਗੀ ਪੁੱਛਗਿੱਛ: ਪੁਲੀਸ ਕਮਿਸ਼ਨਰ

**ਹਾਥਰਸ(ਯੂਪੀ), 5 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**


ਹਾਥਰਸ ਜ਼ਿਲ੍ਹੇ ਵਿਚ ਭਗਦੜ ਵਾਲੀ ਥਾਂ ਦਾ ਮੁਆਇਨਾ ਕਰਦੇ ਹੋਏ ਪੁਲੀਸ ਅਧਿਕਾਰੀ।

ਹਾਥਰਸ ਭਗਦੜ ਮਾਮਲੇ ਨੂੰ ਲੈ ਕੇ ਹੁਣ ਤੱਕ ਛੇ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਤੇ ਯੂਪੀ ਪੁਲੀਸ ਨੇ ਮੁੱਖ ਦੋਸ਼ੀ ਸੇਵਾਦਾਰ ਦੀ ਗ੍ਰਿਫ਼ਤਾਰੀ ਲਈ ਇਕ ਲੱਖ ਰੁਪਏ ਦਾ ਇਨਾਮ ਐਲਾਨਿਆ ਹੈ। ਅਲੀਗੜ੍ਹ ਰੇਂਜ ਦੇ ਪੁਲੀਸ ਕਮਿਸ਼ਨਰ ਸ਼ਲਭ ਮਾਥੁਰ ਨੇ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ ਇਸ ਮਾਮਲੇ ਵਿਚ ਦੋ ਮਹਿਲਾ ਸੇਵਾਦਾਰਾਂ ਸਣੇ 6 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਮਾਮਲੇ ਦੇ ਮੁੱਖ ਮੁਲਜ਼ਮ ਮੁੱਖ ਸੇਵਾਦਾਰ ਦੇਵ ਪ੍ਰਕਾਸ਼ ਮਧੂਕਰ ਉੱਤੇ ਇਕ ਲੱਖ ਰੁਪਏ ਦਾ ਇਨਾਮ ਰੱਖਿਆ ਗਿਆ ਹੈ। ਉਸ ਦੇ ਖਿਲਾਫ਼ ਜਲਦੀ ਹੀ ਗ਼ੈਰਜ਼ਮਾਨਤੀ ਵਾਰੰਟ ਵੀ ਜਾਰੀ ਕੀਤੇ ਜਾਣਗੇ। ਭੋਲੇ ਬਾਬਾ ਤੋਂ ਪੁੱਛਗਿੱਛ ਜਾਂ ਉਸ ਦੀ ਗ੍ਰਿਫ਼ਤਾਰੀ ਦੀ ਸੰਭਾਵਨਾ ਬਾਰੇ ਪੁੱਛਣ 'ਤੇ ਮਾਥੁਰ ਨੇ ਕਿਹਾ, "ਅੱਗੇ ਕਿਸੇ ਦੀ ਗ੍ਰਿਫ਼ਤਾਰੀ ਹੋਵੇਗੀ ਜਾਂ ਨਹੀਂ ਇਹ ਜਾਂਚ ਉੱਤੇ ਨਿਰਭਰ ਕਰੇਗਾ। ਜਾਂਚ ਦੌਰਾਨ ਕਿਸੇ ਦੀ ਭੂਮਿਕਾ ਸਾਹਮਣੇ ਆਈ ਤਾਂ ਕਾਰਵਾਈ ਕਰਾਂਗੇ। ਲੋੜ ਪੈਣ 'ਤੇ ਪੁੱਛਗਿੱਛ ਵੀ ਕਰਾਂਗੇ।"

# ਭਾਰਤ ਦੀ ਟੀ-20 ਵਿਸ਼ਵ ਚੈਂਪੀਅਨ ਟੀਮ ਦਿੱਲੀ ਪੁੱਜੀ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਕੀਤੀ ਮੁਲਾਕਾਤ

## ਪ੍ਰਸ਼ੰਸਕਾਂ ਨੇ ਮੀਂਹ ਪੈਂਦੇ 'ਚ ਗਰਮਜੋਸ਼ੀ ਨਾਲ ਟੀਮ ਦਾ ਕੀਤਾ ਸਵਾਗਤ; ਰੋਹਿਤ, ਸੂਰਿਆ, ਪਾਂਡਿਆ ਤੇ ਰਿਸ਼ਭ ਪੰਤ ਸਣੇ ਹੋਰਨਾਂ ਖਿਡਾਰੀਆਂ ਨੇ ਹੋਟਲ 'ਚ ਢੋਲ ਦੇ ਡਗੇ 'ਤੇ ਭੰਗੜਾ ਪਾਇਆ

**ਨਵੀਂ ਦਿੱਲੀ, 5 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਭਾਰਤੀ ਕ੍ਰਿਕਟ ਟੀਮ ਟੀ-20 ਵਿਸ਼ਵ ਕੱਪ ਜਿੱਤ ਕੇ ਸਵੇਰੇ ਵਿਸ਼ੇਸ਼ ਜਹਾਜ਼ ਰਾਹੀਂ ਦਿੱਲੀ ਪਹੁੰਚ ਗਈ। ਪ੍ਰਸ਼ੰਸਕਾਂ ਨੇ ਹਲਕੇ ਮੀਂਹ ਦਰਮਿਆਨ ਹੀ ਹਵਾਈ ਅੱਡੇ 'ਤੇ ਖਿਡਾਰੀਆਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ। ਹਾਲਾਂਕਿ ਇਸ ਦੌਰਾਨ ਟੀਮ ਇੰਡੀਆ ਲਈ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਗਏ ਸਨ। ਖਿਡਾਰੀਆਂ ਦੀ ਇਕ ਝਲਕ ਦੇਖਣ ਲਈ ਇਥੇ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ 'ਤੇ ਪੁੱਜੇ ਪ੍ਰਸ਼ੰਸਕ ਮੌਸਮ ਦੀ ਪਰਵਾਹ ਕੀਤੇ ਬਗੈਰ ਨਾਅਰੇ ਲਿਖੇ ਬੈਨਰ ਤੇ ਕੌਮੀ ਝੰਡਾ ਲਹਿਰਾਉਂਦੇ ਰਹੇ। ਉਨ੍ਹਾਂ ਖਿਡਾਰੀਆਂ ਨੂੰ ਵਧਾਈ ਦਿੱਤੀ। ਭਾਰਤੀ ਟੀਮ ਦੇ ਖਿਡਾਰੀਆਂ ਤੇ ਹੋਰ ਸਟਾਫ਼ ਨੇ ਮਗਰੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਉਨ੍ਹਾਂ ਦੀ ਰਿਹਾਇਸ਼ 'ਤੇ ਮੁਲਾਕਾਤ ਕੀਤੀ। ਟੀ-20 ਵਿਸ਼ਵ ਕੱਪ ਜੇਤੂ ਟੀਮ ਨੂੰ ਜੀ ਆਇਆਂ ਕਹਿਣ ਲਈ ਪ੍ਰਧਾਨ ਮੰਤਰੀ ਦੀ ਅਧਿਕਾਰਤ ਰਿਹਾਇਸ਼ 'ਤੇ ਰੈੱਡ ਕਾਰਪੈਟ ਵਿਛਾਇਆ ਗਿਆ। ਟੀਮ ਇੰਡੀਆ ਨੇ ਸ੍ਰੀ ਮੋਦੀ ਨਾਲ ਬ੍ਰੇਕਫਾਸਟ ਵੀ ਕੀਤਾ।

ਚੇਤੇ ਰਹੇ ਕਿ ਭਾਰਤੀ ਕ੍ਰਿਕਟ ਟੀਮ ਨੇ ਲੰਘੇ ਸ਼ਨਿੱਚਰਵਾਰ ਨੂੰ ਟੀ-20 ਵਿਸ਼ਵ ਕੱਪ ਦੇ ਫਾਈਨਲ ਵਿਚ ਦੱਖਣੀ ਅਫ਼ਰੀਕਾ ਨੂੰ ਸੱਤ ਦੌੜਾਂ ਨਾਲ ਹਰਾ ਕੇ ਖਿਤਾਬੀ ਜਿੱਤ ਦਰਜ ਕੀਤੀ ਸੀ। ਭਾਰਤੀ ਕ੍ਰਿਕਟ ਟੀਮ ਦੇ ਵੱਡੀ ਗਿਣਤੀ ਪ੍ਰਸ਼ੰਸਕ ਸਵੇਰੇ ਕਰੀਬ ਚਾਰ ਵਜੇ ਹੀ ਹਵਾਈ ਅੱਡੇ 'ਤੇ ਪਹੁੰਚ ਗਏ ਸਨ। ਕਾਬਿਲੇਗੌਰ ਹੈ ਕਿ ਤੂਫਾਨ ਬੈਰਿਲ ਦੇ ਚਲਦਿਆਂ ਬਾਰਬਾਡੋਸ ਵਿਚ 'ਸ਼ਟਡਾਊਨ' ਕਰਕੇ ਭਾਰਤੀ ਟੀਮ ਖਿਤਾਬ ਜਿੱਤਣ ਤੋਂ ਫੌਰੀ ਮਗਰੋਂ ਦੇਸ਼ ਨਹੀਂ ਪਰਤ ਸਕੀ ਸੀ। ਏਅਰ ਇੰਡੀਆ ਦਾ ਵਿਸ਼ੇਸ਼ ਜਹਾਜ਼ ਏਆਈਸੀ24ਡਬਲਿਊਸੀ 'ਏਅਰ ਇੰਡੀਆ ਚੈਂਪੀਅਨਜ਼ 24 ਵਿਸ਼ਵ ਕੱਪ' ਬੁੱਧਵਾਰ ਨੂੰ ਭਾਰਤੀ ਸਮੇਂ ਮੁਤਾਬਕ ਸਵੇਰੇ 4:50 ਵਜੇ ਬਾਰਬਾਡੋਸ ਤੋਂ ਰਵਾਨਾ ਹੋਇਆ ਸੀ ਤੇ 16 ਘੰਟੇ ਬਿਨਾਂ ਰੁਕੇ ਸਫ਼ਰ ਮਗਰੋਂ ਵੀਰਵਾਰ ਨੂੰ ਸਵੇਰੇ 6 ਵਜੇਂ ਦਿੱਲੀ ਹਵਾਈ ਅੱਡੇ 'ਤੇ ਪਹੁੰਚਿਆ।

ਖਿਡਾਰੀਆਂ ਨੂੰ ਹਵਾਈ ਅੱਡੇ ਤੋਂ ਸਿੱਧਾ ਆਈਟੀਸੀ ਮੌਰਿਆ ਸ਼ੈਰੇਟਨ ਹੋਟਲ ਲਿਜਾਇਆ ਗਿਆ। ਹੋਟਲ ਵਿਚ ਢੋਲ ਤੇ ਰਵਾਇਤੀ ਭੰਗੜੇ ਨਾਲ ਟੀਮ ਇੰਡੀਆ ਨੂੰ ਜੀ ਆਇਆਂ ਆਖਿਆ ਗਿਆ। ਕਪਤਾਨ ਰੋਹਿਤ ਸ਼ਰਮਾ, ਹਰਫਨਮੌਲਾ ਹਾਰਦਿਕ ਪਾਂਡਿਆ, ਸੂਰਿਆਕੁਮਾਰ ਯਾਦਵ ਤੇ ਰਿਸ਼ਭ ਪੰਤ ਸਣੇ ਜ਼ਿਆਦਾਤਰ ਖਿਡਾਰੀਆਂ ਨੇ ਢੋਲ ਦੇ ਡਗੇ 'ਤੇ ਹੋਰਨਾਂ ਨਾਲ ਭੰਗੜਾ ਪਾਇਆ। ਮਗਰੋਂ ਹੋਟਲ ਵਿਚ ਜਿੱਤ ਦੀ ਖ਼ੁਸ਼ੀ 'ਚ ਕੇਕ ਵੀ ਕੱਟਿਆ ਗਿਆ।

# ਜਲੰਧਰ 'ਚ ਅਕਾਲੀ ਦਲ ਨੂੰ ਝਟਕਾ, ਸੀਨੀਅਰ ਆਗੂ ਪਾਰਟੀ ਨੂੰ ਅਲਵਿਦਾ ਕਹਿ 'ਆਪ' ਹੋਇਆ ਸ਼ਾਮਲ



**ਜਲੰਧਰ, 5 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜਲੰਧਰ ਵੈਸਟ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਤੋਂ ਪਹਿਲਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅਕਾਲੀ ਦਲ ਨੂੰ ਵੱਡਾ ਝਟਕਾ ਦਿੱਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਸੀਨੀਅਰ ਆਗੂ ਸਮੇਤ ਦੋ ਲੀਡਰਾਂ ਨੂੰ ਆਮ ਆਦਮੀ ਪਾਰਟੀ ਵਿਚ ਸ਼ਾਮਲ ਕਰ ਲਿਆ ਹੈ। ਅੱਜ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿਚ ਸੀਨੀਅਰ ਆਗੂ ਗਗਨਦੀਪ ਸਿੰਘ ਸਮੇਤ ਇਕ ਹੋਰ ਆਗੂ ਨੇ ਆਮ ਆਦਮੀ ਪਾਰਟੀ ਦਾ ਪੱਲਾ ਫੜ ਲਿਆ। ਗਗਨਦੀਪ ਸਿੰਘ ਯੂਥ ਅਕਾਲੀ ਦਲ ਦੋਆਬਾ ਦੇ ਜੁਆਇੰਟ ਸਕੱਤਰ, ਜਨਰਲ ਸਕੱਤਰ, ਸੀਨੀਅਰ ਵਾਈਸ ਪ੍ਰੈਸੀਡੈਂਟ ਅਤੇ ਵਾਰਡ ਨੰਬਰ-74 ਦੇ ਇੰਚਾਰਜ ਰਹਿ ਚੁੱਕੇ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਇਨ੍ਹਾਂ ਆਗੂਆਂ ਨੂੰ ਪਾਰਟੀ ਵਿਚ ਰਸਮੀ ਤੌਰ 'ਤੇ ਸ਼ਾਮਲ ਕਰਵਾਇਆ ਅਤੇ ਉਨ੍ਹਾਂ ਦਾ ਸਵਾਗਤ ਕੀਤਾ।

ਆਖ਼ਿਰ ਕਿਸ ਪਾਰਟੀ ਨੂੰ ਮਿਲੇਗੀ ਜਲੰਧਰ ਵੈਸਟ ਦੀ ਸੀਟ, ਭਾਜਪਾ, 'ਆਪ' ਤੇ ਕਾਂਗਰਸ ਦੀ ਸਾਖ਼ ਦਾਅ 'ਤੇ ਜਲੰਧਰ ਵੈਸਟ ਵਿਧਾਨ ਸਭਾ ਹਲਕੇ 'ਚ 10 ਜੁਲਾਈ ਨੂੰ ਹੋਣ ਜਾ ਰਹੀ ਜ਼ਿਮਨੀ ਚੋਣ ਨੂੰ ਲੈ ਕੇ ਮਾਹੌਲ ਪੂਰੀ ਤਰ੍ਹਾਂ ਗਰਮਾ ਰਿਹਾ ਹੈ। ਇਸ ਸੀਟ ਨੂੰ ਜਿੱਤਣਾ ਭਾਜਪਾ, 'ਆਪ'ਅਤੇ ਕਾਂਗਰਸ ਦੇ ਵੱਕਾਰ ਦਾ ਸਵਾਲ ਬਣ ਚੁੱਕਾ ਹੈ। ਜਲੰਧਰ ਵੈਸਟ ਦੀ ਇਹ ਸੀਟ ਕਿਸ ਪਾਰਟੀ ਦੀ ਝੋਲੀ 'ਚ ਜਾਵੇਗੀ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਪਰ ਇਸ ਸੀਟ ਨੂੰ ਜਿੱਤਣ ਲਈ ਸਾਰੀਆਂ ਸਿਆਸੀ ਪਾਰਟੀਆਂ ਨੇ ਅੱਡੀ-ਚੋਟੀ ਦਾ ਜ਼ੋਰ ਲਾਇਆ ਹੋਇਆ ਹੈ।

# ਮੈਡੀਕਲ ਲੈਬਾਂ ਨਾਲ ਜੁੜੇ ਲੱਖਾਂ ਨੌਜਵਾਨਾਂ ਨੂੰ ਬੇਰੁਜ਼ਗਾਰ ਨਹੀਂ ਹੋਣ ਦਿੱਤਾ ਜਾਵੇਗਾ: ਅਮਨ ਅਰੋੜਾ



**ਸੁਨਾਮ, 5 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰੋਫੈਸ਼ਨਲ ਮੈਡੀਕਲ ਲੈਬ ਟੈਕਨੀਸ਼ੀਅਨਾਂ ਦੀ ਐਸੋਸੀਏਸ਼ਨ ਜੈ ਮਾਲਪ ਵੱਲੋਂ ਬਿਓਂਡ ਦਾ ਬੈਂਚ (ਟਰਾਂਸਫਾਰਮਿੰਗ ਐਕਸੀਲੈਂਸ ਇਨ ਮੈਡੀਕਲ ਲੈਬ ਪ੍ਰੈਕਟਿਸ) ਕਾਨਫਰੰਸ ਦਾ ਆਯੋਜਨ ਜੈ ਮਲਾਪ ਸੂਬਾ ਪ੍ਰਧਾਨ ਜਗਦੀਪ ਭਾਰਦਵਾਜ ਦੀ ਅਗਵਾਈ ਹੇਠ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਵਿਖੇ ਕੀਤਾ ਗਿਆ। ਜਿਸ ਵਿੱਚ ਮੁੱਖ ਮਹਿਮਾਨ ਵਜੋਂ ਕੈਬਨਿਟ ਮੰਤਰੀ ਅਮਨ ਅਰੋੜਾ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਪ੍ਰੋ ਵਾਈਸ ਚਾਂਸਲਰ ਡਾ: ਸੰਜੇ ਮੋਦੀ, ਰਜਿਸਟਰਾਰ ਐਲਪੀਯੂ ਡਾ: ਮੋਨਿਕਾ ਗੁਲਾਟੀ, ਡਾ: ਸੁਨੈਨਾ ਆਹੂਜਾ, ਪ੍ਰੋਫ਼ੈਸਰ ਗੁਰਿੰਦਰ ਸਿੰਘ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਹੋਏ।

ਇਸ ਮੌਕੇ 'ਤੇ ਆਪਣੇ ਸੰਬੋਧਨ 'ਚ ਜੈ ਮਲਾਪ ਦੇ ਸੂਬਾ ਪ੍ਰਧਾਨ ਜਗਦੀਪ ਭਾਰਦਵਾਜ ਅਤੇ ਜਨਰਲ ਸਕੱਤਰ ਰਾਜਨ ਵੈਕਟਰ ਨੇ ਕਿਹਾ ਕਿ ਕਾਰਪੋਰੇਟ ਕੰਪਨੀਆਂ ਦੇ ਦਬਾਅ ਕਾਰਨ ਕੇਂਦਰ ਸਰਕਾਰ ਵੱਲੋਂ ਲਿਆਂਦੇ ਜਾ ਰਹੇ ਏ.ਐਚ.ਪੀ. ਬਿੱਲ ਵਿੱਚ ਲੈਬ ਟੈਕਨੀਸ਼ੀਅਨ ਦੀ ਪਰਿਭਾਸ਼ਾ ਨੂੰ ਗਲਤ ਤਰੀਕੇ ਨਾਲ ਪੇਸ਼ ਕੀਤਾ ਗਿਆ ਹੈ ਟੈਕਨੀਸ਼ੀਅਨ ਭਾਈਚਾਰਾ ਇਸ ਬਿੱਲ ਦਾ ਵਿਰੋਧ ਕਰ ਰਿਹਾ ਹੈ ਪਰ ਕੇਂਦਰ ਸਰਕਾਰ ਇਸ ਬਿੱਲ ਨੂੰ ਹਰ ਸੂਬੇ ਵਿੱਚ ਲਾਗੂ ਕਰਨਾ ਚਾਹੁੰਦੀ ਹੈ ਇਸਦੇ ਲਾਗੂ ਹੋਣ ਨਾਲ ਪੰਜਾਬ ਦੇ ਲੱਖਾਂ ਨੌਜਵਾਨ ਬੇਰੁਜ਼ਗਾਰ ਹੋ ਜਾਣਗੇ।

ਆਪਣੇ ਸੰਬੋਧਨ ਵਿੱਚ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਜੈ ਮਲਾਪ ਦੇ ਕਾਰਜਾਂ ਅਤੇ ਜਗਦੀਪ ਭਾਰਦਵਾਜ ਦੀ ਅਗਵਾਈ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਕੋਰੋਨਾ ਦੌਰਾਨ ਮੈਡੀਕਲ ਲੈਬ ਵੱਲੋਂ ਨਿਭਾਈਆਂ ਸੇਵਾਵਾਂ ਸ਼ਲਾਘਾਯੋਗ ਹਨ ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਇਸ ਕਿੱਤੇ ਨੂੰ ਹਮੇਸ਼ਾ ਸਹਿਯੋਗ ਦੇਵੇਗੀ। ਉਨ੍ਹਾਂ ਭਰੋਸਾ ਦਿੱਤਾ ਕਿ ਮੈਡੀਕਲ ਲੈਬਾਂ ਨਾਲ ਜੁੜੇ ਲੱਖਾਂ ਨੌਜਵਾਨਾਂ ਨੂੰ ਬੇਰੁਜ਼ਗਾਰ ਨਹੀਂ ਹੋਣ ਦਿੱਤਾ ਜਾਵੇਗਾ।

# ਰੋਟਰੀ ਕਲੱਬ ਅਨੰਦਪੁਰ ਸਾਹਿਬ ਵੱਲੋਂ ਅਨਪੂਰਨਾ ਦਿਵਸ ਮਨਾਉਂਦਿਆਂ ਲਗਾਇਆ ਲੰਗਰ




**ਸ੍ਰੀ ਅਨੰਦਪੁਰ ਸਾਹਿਬ, 5 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਰੋਟਰੀ ਕਲੱਬ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਅਨ ਪੂਰਨਾ ਦਿਵਸ ਮਨਾਉਂਦਿਆਂ ਸਥਾਨਕ ਸ੍ਰੀ ਗੁਰੂ ਤੇਗ ਬਹਾਦਰ ਮਲਟੀਸਪੈਸਲਟੀ ਹਸਪਤਾਲ ਵਿਖੇ ਲੰਗਰ ਲਗਾਇਆ ਗਿਆ। ਜਿਸ ਵਿੱਚ ਵਿਸ਼ੇਸ਼ ਤੌਰ ਤੇ ਆਸ ਪਾਸ ਦੇ ਝੁੰਗੀ ਝੋਪੜੀਆਂ ਵਿੱਚ ਰਹਿਣ ਵਾਲਿਆ ਨੂੰ ਬੁਲਾਇਆ ਗਿਆ ਸੀ ਜਿਨ੍ਹਾਂ ਨਾਲ ਰਲ ਕੇ ਕਲੱਬ ਮੈਂਬਰਾਂ ਨੇ ਲੰਗਰ ਛਕਿਆ ਕਲੱਬ ਦੇ ਨਵੇਂ ਬਣੇ ਪ੍ਰਧਾਨ ਡਾਕਟਰ ਗੁਰਪਾਲ ਢਿੱਲੋ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਰੋਟਰੀ ਕਲੱਬ ਵੱਲੋਂ ਵਿਸ਼ੇਸ਼ ਤੌਰ ਤੇ ਝੁੰਗੀ ਝੋਪੜੀ ਵਾਲੇ ਮਿਹਨਤੀ ਦਿਹਾੜੀਦਾਰ ਗਰੀਬ ਤਬਕੇ ਦੇ ਲੋਕਾਂ ਨੂੰ ਅੱਜ ਲੰਗਰ ਛਕਣ ਲਈ ਸੱਦਾ ਦਿੱਤਾ ਗਿਆ ਸੀ ਉਹਨਾਂ ਕਿਹਾ ਕਿ ਸਮਾਜ ਸੇਵਾ ਦੇ ਕੰਮਾਂ ਵਿੱਚ ਰੋਟਰੀ ਕਲੱਬ ਨੇ ਹਮੇਸ਼ਾ ਹੀ ਸਭ ਤੋਂ ਅੱਗੇ ਹੋ ਕੇ ਆਪਣਾ ਯੋਗਦਾਨ ਪਾਇਆ ਹੈ ਅਤੇ ਅੱਗੋਂ ਵੀ ਇਸੇ ਤਰ੍ਹਾਂ ਸਮਾਜ ਭਲਾਈ ਦੇ ਕੰਮਾਂ ਵਿੱਚ ਵੱਧ ਚੜ ਕੇ ਹਿੱਸਾ ਲੈਂਦਾ ਰਹੇਗਾ।

ਪ੍ਰਧਾਨ ਗੁਰਪਾਲ ਨੇ ਕਿਹਾ ਕਿ ਆਉਂਦੇ ਕੁਝ ਦਿਨਾਂ ਵਿੱਚ ਕਲੱਬ ਵੱਲੋਂ ਵਾਤਾਵਰਨ ਦੀ ਸ਼ੁੱਧਤਾ ਲਈ ਵੱਖ ਵੱਖ ਥਾਵਾਂ ਤੇ ਸੈਂਕੜੇ ਬੂਟੇ ਲਗਾਏ ਜਾਣਗੇ ਅਤੇ ਉਹਨਾਂ ਦੀ ਸਾਂਭ ਸੰਭਾਲ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣਗੇ।

# ਚੰਡੀਗੜ੍ਹ ਵਿੱਚ ਮਹਿਲਾ ਨਿਵੇਸ਼ਕਾਂ ਦੀ ਏ ਯੂ ਐਮ ਪਿਛਲੇ ਪੰਜ ਸਾਲਾਂ ਵਿੱਚ 3.0 ਗੁਣਾ ਵਧੀ: ਐਕਸਿਸ ਮਿਊਚਅਲ ਫੰਡ ਦਾ ਸਰਵੇਖਣ

**ਚੰਡੀਗੜ੍ਹ, 5 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਐਕਸਿਸ ਮਿਊਚਅਲ ਫੰਡ, ਭਾਰਤ ਵਿੱਚ ਸਭ ਤੋਂ ਤੇਜ਼ੀ ਨਾਲ ਵਧ ਰਹੇ ਫੰਡ ਹਾਊਸਾਂ ਵਿੱਚੋਂ ਇੱਕ, ਨੇ 1 ਕਰੋੜ ਤੋਂ ਵੱਧ ਮੌਜੂਦਾ ਐਕਸਿਸ ਐਮਐਫ ਗਾਹਕਾਂ ਦੇ ਡੇਟਾ ਦਾ ਵਿਸ਼ਲੇਸ਼ਣ ਕੀਤਾ ਅਤੇ ਇੱਕ ਦੇਸ਼ ਵਿਆਪੀ ਸਰਵੇਖਣ ਕੀਤਾ ਅਤੇ ਇੱਕ ਦਿਲਚਸਪ ਅਧਿਐਨ ਪੇਸ਼ ਕੀਤਾ, ਔਰਤਾਂ ਦੇ ਨਿਵੇਸ਼ ਵਿਵਹਾਰ ਰਿਪੋਰਟ 2024। ਪਿਛਲੇ ਪੰਜ ਸਾਲਾਂ (31 ਮਾਰਚ 2019 ਤੋਂ 31 ਦਸੰਬਰ 2023) ਵਿੱਚ ਚੰਡੀਗੜ੍ਹ ਵਿੱਚ ਮਹਿਲਾ ਨਿਵੇਸ਼ਕਾਂ ਦੀ ਗਿਣਤੀ ਵਿੱਚ 2.8 ਗੁਣਾ ਵਾਧਾ ਹੋਇਆ ਹੈ। ਇਸੇ ਸਮੇਂ ਦੌਰਾਨ ਚੰਡੀਗੜ੍ਹ ਵਿੱਚ ਮਹਿਲਾ ਨਿਵੇਸ਼ਕਾਂ ਦੀ ਏ ਯੂ ਐਮ ਵਿੱਚ 3.0 ਗੁਣਾ ਵਾਧਾ ਹੋਇਆ ਹੈ। 70.4% ਔਰਤਾਂ ਪੇਸ਼ੇਵਰਾਂ, ਦੋਸਤਾਂ ਅਤੇ ਪਰਿਵਾਰ ਤੋਂ ਸਲਾਹ ਲੈਂਦੀਆਂ ਹਨ, ਜਦੋਂ ਕਿ ਲਗਭਗ 72% ਔਰਤਾਂ ਆਪਣੇ ਨਿਵੇਸ਼ਾਂ ਬਾਰੇ ਅੰਤਿਮ ਫੈਸਲੇ ਲੈਂਦੀਆਂ ਹਨ। ਹਰੇਕ ਔਰਤ ਨਿਵੇਸ਼ਕ ਨੇ ਪੁਰਸ਼ਾਂ ਨਾਲੋਂ 25% ਵੱਧ ਨਿਵੇਸ਼ ਕੀਤਾ, ਔਸਤ ਨਿਵੇਸ਼ ਫੰਡ 37% ਦੇ ਮੁਕਾਬਲਤਨ ਵੱਡਾ ਹੈ, ਜੋ ਵੱਧੇ ਹੋਏ ਵਿਸ਼ਵਾਸ ਅਤੇ ਨਿਵੇਸ਼ ਲਈ ਇੱਕ ਰਣਨੀਤਕ ਪਹੁੰਚ ਨੂੰ ਦਰਸਾਉਂਦਾ ਹੈ। ਸਰਵੇਖਣ ਦੇ ਉੱਤਰਦਾਤਾਵਾਂ ਨੇ ਆਪਣੇ ਮਿਊਚਅਲ ਫੰਡ ਨਿਵੇਸ਼ ਫੈਸਲਿਆਂ ਨੂੰ ਪ੍ਰਭਾਵਿਤ ਕਰਨ ਵਾਲੇ ਇੱਕ ਮਹੱਤਵਪੂਰਨ ਕਾਰਕ ਵਜੋਂ ਪਿਛਲੀ ਕਾਰਗੁਜ਼ਾਰੀ ਦਾ ਹਵਾਲਾ ਦਿੱਤਾ। ਅਧਿਐਨ 'ਤੇ ਟਿੱਪਣੀ ਕਰਦੇ ਹੋਏ, ਐਕਸਿਸ ਏਐਮਸੀ ਦੇ ਐਮਡੀ ਅਤੇ ਸੀਈਓ, ਬੀ ਗੋਪਕੁਮਾਰ ਨੇ ਕਿਹਾ, ਮਿਊਚੁਅਲ ਫੰਡ ਉਦਯੋਗ ਵਿੱਚ ਇੱਕ ਸ਼ਾਨਦਾਰ ਬਦਲਾਅ ਹੋ ਰਿਹਾ ਹੈ, ਜ਼ਿਆਦਾ ਤੋਂ ਜ਼ਿਆਦਾ ਲੋਕ, ਖਾਸ ਕਰਕੇ ਔਰਤਾਂ, ਆਪਣੀ ਵਿੱਤੀ ਰਣਨੀਤੀ ਦੇ ਰੂਪ ਵਿੱਚ ਮਿਊਚਅਲ ਫੰਡਾਂ ਵਿੱਚ ਨਿਵੇਸ਼ ਕਰਨ ਦੀ ਚੋਣ ਕਰ ਰਹੇ ਹਨ ਐਕਸਿਸ ਐਮ ਐਫ ਨਿਵੇਸ਼ਕਾਂ ਦੇ ਨਿਵੇਸ਼ ਪੈਟਰਨਾਂ 'ਤੇ ਸਾਡੀ ਖੋਜ ਦਰਸਾਉਂਦੀ ਹੈ ਕਿ ਔਰਤਾਂ ਦੀ ਕੁੱਲ ਏ ਯੂ ਐਮ ਦਾ 30% ਹੈ ਅਤੇ ਔਰਤਾਂ ਦੀ ਤਰਜੀਹਾਂ ਦੇ ਸਬੰਧ ਵਿੱਚ, ਇਹ ਨਿਰੰਤਰ ਵਿਕਾਸ ਲਈ ਮਹੱਤਵਪੂਰਨ ਹੈ ਅਤੇ ਸਾਡੀ ਰਿਪੋਰਟ ਦਾ ਉਦੇਸ਼ ਇਸ 'ਤੇ ਰੌਸ਼ਨੀ ਪਾਉਣਾ ਹੈ। ਐਕਸਿਸ ਏ ਐਮ ਸੀ ਉਹਨਾਂ ਦੀ ਵਿੱਤੀ ਯਾਤਰਾ ਨੂੰ ਮਜ਼ਬੂਤ ਕਰਨ ਲਈ ਉਹਨਾਂ ਦੀਆਂ ਖਾਸ ਲੋੜਾਂ ਅਤੇ ਨਿਵੇਸ਼ ਵਿਵਹਾਰਾਂ ਦਾ ਵਿਸ਼ਲੇਸ਼ਣ ਕਰਦਾ ਹੈ। ਆਸ਼ੀਸ਼ ਗੁਪਤਾ, ਸੀਆਈਓ, ਐਕਸਿਸ ਏਐਮਸੀ, ਨੇ ਕਿਹਾ, ਸਾਡੀ 'ਵੂਮੈਨਜ਼ ਇਨਵੈਸਟਮੈਂਟ ਬਿਹੇਵੀਅਰ ਰਿਪੋਰਟ 2024', ਇੱਕ ਸੱਚਮੁੱਚ ਪ੍ਰੇਰਨਾਦਾਇਕ ਤਸਵੀਰ ਪੇਸ਼ ਕਰਦੀ ਹੈ, ਜਿਵੇਂ ਕਿ ਉਨ੍ਹਾਂ ਦੀ ਆਜ਼ਾਦੀ ਅਤੇ ਸੂਝ-ਬੂਝ ਵਿੱਚ ਵਾਧਾ ਹੋ ਰਿਹਾ ਹੈ ਉਨ੍ਹਾਂ ਨੇ ਆਪਣੇ ਨਿਵੇਸ਼ਾਂ ਲਈ ਤੇਜ਼ੀ ਨਾਲ ਡਿਜ਼ੀਟਲ ਟੂਲ ਅਪਣਾਏ ਹਨ ਅਤੇ ਉਨ੍ਹਾਂ ਦੇ 2.2 ਮਿਲੀਅਨ ਨਿਵੇਸ਼ਕਾਂ ਨੇ 80,000 ਰੁਪਏ ਤੋਂ ਵੱਧ ਦਾ ਮੁਨਾਫਾ ਕਮਾਇਆ ਹੈ।

# ਪੰਜਾਬ ਸਰਕਾਰ ਦਾ ਵੱਡਾ ਫੈਸਲਾ: ਔਰਤਾਂ ਦੇ ਸ਼ਸਕਤੀਕਰਨ ਲਈ ਹਰ ਜ਼ਿਲ੍ਹੇ ਵਿੱਚ ਜ਼ਿਲ੍ਹਾ ਹੱਬ ਦੀ ਸਥਾਪਨਾ: ਡਾ. ਬਲਜੀਤ ਕੌਰ

## ਔਰਤਾਂ ਦੇ ਹੁਨਰ ਵਿਕਾਸ, ਰੋਜ਼ਗਾਰ, ਡਿਜੀਟਲ ਸਾਖਰਤਾ ਤੇ ਆਰਥਿਕ ਹੁਲਾਰੇ ਲਈ ਵਰਦਾਨ ਸਾਬਿਤ ਹੋਣਗੇ ਜ਼ਿਲ੍ਹਾ ਹੱਬ

**ਚੰਡੀਗੜ੍ਹ, 5 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



"ਪੰਜਾਬ ਸਰਕਾਰ ਵਲੋਂ ਔਰਤਾਂ ਦੇ ਸ਼ਸਕਤੀਕਰਨ ਲਈ ਵੱਡਾ ਕਦਮ ਪੁੱਟਦੇ ਹੋਏ ਸੂਬੇ ਦੇ ਹਰ ਜ਼ਿਲ੍ਹੇ ਵਿੱਚ ਜ਼ਿਲ੍ਹਾ ਹੱਬ ਦੀ ਸਥਾਪਨਾ ਕੀਤੀ ਗਈ ਹੈ।" ਇਹ ਪ੍ਰਗਟਾਵਾ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕੀਤਾ।

ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ 'ਚ ਔਰਤਾਂ ਦੇ ਸ਼ਸਕਤੀਕਰਨ, ਸੁਰੱਖਿਆ, ਭਲਾਈ ਅਤੇ ਔਰਤਾਂ ਦੇ ਸਿਹਤ ਦੇ ਮਿਆਰ ਨੂੰ ਉਪਰ ਚੁੱਕਣ ਲਈ ਵੱਖ-ਵੱਖ ਸਕੀਮਾਂ ਚਲਾਈਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਔਰਤਾਂ ਦੇ ਸ਼ਸਕਤੀਕਰਨ ਲਈ ਸੂਬੇ ਦੇ ਸਾਰੇ ਜ਼ਿਲ੍ਹਿਆਂ ਵਿੱਚ ਇਕ ਨਵੀਂ ਸ਼ਾਖਾ ਦੀ ਸਥਾਪਨਾ ਕੀਤੀ ਗਈ ਹੈ ਜਿਸ ਨੂੰ ਜ਼ਿਲ੍ਹਾ ਹੱਬ ਦਾ ਨਾਮ ਦਿੱਤਾ ਗਿਆ ਹੈ।

ਕੈਬਨਿਟ ਮੰਤਰੀ ਨੇ ਅੱਗੇ ਦੱਸਿਆ ਕਿ ਜ਼ਿਲ੍ਹਾ ਹੱਬ ਬਣਾਉਣ ਦਾ ਉਦੇਸ਼ ÷ਪੇਂਡੂ ਔਰਤਾਂ ਨੂੰ ਹੁਨਰ ਵਿਕਾਸ, ਰੁਜ਼ਗਾਰ, ਡਿਜੀਟਲ ਸਾਖਰਤਾ, ਆਰਥਿਕ ਸ਼ਕਤੀਕਰਨ ਸਿਹਤ ਅਤੇ ਪੋਸ਼ਣ ਦੇ ਮੌਕੇ ਪ੍ਰਦਾਨ ਕਰਨੇ ਅਤੇ ਔਰਤਾਂ ਨਾਲ ਸਬੰਧਤ ਸਕੀਮਾਂ ਦਾ ਵੱਧ ਤੋਂ ਵੱਧ ਪ੍ਰਚਾਰ ਕਰਨ ਲਈ ਗਤੀਵਿਧੀਆਂ ਕਰਨਾ ਹੈ।

ਜ਼ਿਲ੍ਹਾ ਹੱਬ ਪੇਂਡੂ ਔਰਤਾਂ ਨੂੰ ਆਪਣੇ ਹੱਕਾਂ ਦਾ ਲਾਭ ਉਠਾਉਣ ਅਤੇ ਜਾਗਰੂਕਤਾ ਪੈਦਾ ਕਰਨ ਲਈ ਕੰਮ ਕਰੇਗੀ ਅਤੇ ਨਾਲ ਹੀ ਲਾਗੂ ਕੀਤੀਆਂ ਜਾ ਰਹੀਆਂ ਸਕੀਮਾਂ ਅਧੀਨ ਲਾਭ ਲੈਣ ਲਈ ਔਰਤਾਂ ਲਈ ਸਰਕਾਰ ਤੱਕ ਪਹੁੰਚ ਕਰਨ ਲਈ ਇੱਕ ਕੜੀ ਦਾ ਕੰਮ ਕਰੇਗੀ।

ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਹੱਬ ਨਾਲ ਔਰਤਾਂ ਦੇ ਸ਼ਸਕਤੀਕਰਨ ਲਈ ਗ੍ਰਾਮ ਪੰਚਾਇਤ ਪੱਧਰ ਤੱਕ ਪੰਜਾਬ ਸਰਕਾਰ ਵਲੋਂ ਲਾਗੂ ਕੀਤੀਆਂ ਜਾ ਰਹੀਆਂ ਸਕੀਮਾਂ ਦਾ ਲਾਭ ਪਹੁੰਚਾਉਣਾ ਯਕੀਨੀ ਬਣਾਇਆ ਜਾਵੇਗਾ।

ਡਾ. ਬਲਜੀਤ ਕੌਰ ਨੇ ਦੱਸਿਆ ਕਿ ਇਸੇ ਉਦੇਸ਼ ਨੂੰ ਮੁੱਖ ਰੱਖਦੇ ਹੋਏ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਵਲੋਂ ਜ਼ਿਲ੍ਹਾ ਹੱਬ ਰਾਹੀਂ 21 ਜੂਨ ਤੋਂ ਪੰਜਾਬ ਭਰ ਵਿੱਚ 100 ਦਿਨ ਦਾ ਜਾਗਰੂਕਤਾ ਅਭਿਆਨ ਸ਼ੁਰੂ ਕੀਤਾ ਗਿਆ। ਇਸ ਜਾਗਰੂਕਤਾ ਅਭਿਆਨ ਰਾਹੀਂ ਔਰਤਾਂ, ਬੱਚਿਆਂ ਦੀ ਸੁਰੱਖਿਆ ਅਤੇ ਸ਼ਕਤੀਕਰਨ ਨਾਲ ਸਬੰਧਤ ਸਾਰੀਆਂ ਸਕੀਮਾਂ ਅਤੇ ਕਾਨੂੰਨਾਂ ਸਬੰਧੀ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਤਾਂ ਜੋ ਲੋਕ ਪੰਜਾਬ ਸਰਕਾਰ ਵਲੋਂ ਲਾਗੂ ਕੀਤੀਆਂ ਜਾ ਰਹੀਆਂ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਲੈ ਸਕਣ।

ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਤਹਿਤ ਔਰਤਾਂ ਦੇ ਸ਼ਕਤੀਕਰਨ ਨਾਲ ਸਬੰਧਤ ਸਕੀਮਾਂ ਜਿਵੇਂ ਪ੍ਰਧਾਨ ਮੰਤਰੀ ਮਾਤਰੂ ਵੰਦਨਾ ਯੋਜਨਾ ਜਿਸ ਦੇ ਤਹਿਤ ਪਹਿਲੇ ਬੱਚੇ ਲੜਕਾ ਜਾਂ ਲੜਕੀ ਅਤੇ ਦੂਜਾ ਬੱਚਾ ਸਿਰਫ ਲੜਕੀ ਦੇ ਜਨਮ ਤੇ ਯੋਗ ਲਾਭਪਾਤਰੀ ਔਰਤਾਂ ਦੁੱਧ ਪਿਲਾਉਣ ਵਾਲੀਆਂ ਮਾਵਾਂ ਨੂੰ ਕ੍ਰਮਵਾਰ 5000 ਰੁਪਏ ਅਤੇ 6000 ਰੁਪਏ ਦੀ ਵਿੱਤੀ ਸਹਾਇਤਾ ਦਿਤੀ ਜਾਂਦੀ ਹੈ, ਬਾਰੇ ਪ੍ਰਚਾਰ ਕੀਤਾ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਪਾਲਨਾ ਸਕੀਮ ਤਹਿਤ ਕੰਮ ਵਾਲੀਆਂ ਔਰਤਾਂ ਦੇ ਬੱਚਿਆਂ ਦੀ ਦੇਖਭਾਲ ਲਈ ਕ੍ਰੈੱਚ ਖੋਲ੍ਹੇ ਜਾਣੇ ਹਨ ਤਾਂ ਜੋ ਔਰਤਾਂ ਬੇਫਿਕਰ ਹੋ ਕਿ ਆਪਣੇ ਕੰਮ 'ਤੇ ਜਾ ਸਕਣ ਅਤੇ ਉਨ੍ਹਾਂ ਦਾ ਆਰਥਿਕ ਸ਼ਕਤੀਕਰਨ ਕੀਤਾ ਜਾ ਸਕੇ। ਸਖੀ ਵਨ ਸਟਾਪ ਸੈਂਟਰ ਸਕੀਮ ਜਿਸ ਦੇ ਤਹਿਤ ਕਿਸੇ ਵੀ ਤਰਾਂ ਦੀ ਹਿੰਸਾ ਤੋਂ ਪੀੜਿਤ ਔਰਤ ਨੂੰ ਮੁਫ਼ਤ ਸੇਵਾਵਾਂ ਦਿਤੀਆਂ ਜਾਂਦੀਆਂ ਹਨ ਅਤੇ ਵੂਮਨ ਹੈਲਪਲਾਈਨ 181 ਆਦਿ ਬਾਰੇ ਕਮਿਊਨਿਟੀ/ਸਕੂਲਾਂ/ਕਾਲਜਾਂ ਵਿੱਚ ਅਤੇ ਜ਼ਿਲ੍ਹਿਆਂ ਅਤੇ ਬਲਾਕਾਂ ਵਿੱਚ ਜਾਗਰੂਕਤਾ ਸੈਸ਼ਨ/ਕੈਂਪ ਲਗਾ ਕੇ ਜਾਗਰੂਕਤਾ ਫੈਲਾਈ ਜਾਵੇਗੀ।

# ਮੁਲਾਜ਼ਮਾਂ ਦੇ ਹਿੱਤਾਂ ਦੀ ਰਾਖੀ ਲਈ ਪੰਜਾਬ ਐਂਡ ਸਿੰਧ ਬੈਂਕ ਨਾਲ ਸੰਧੀ ਕਰ ਪੀਆਰਟੀਸੀ ਨੇ ਸਿਰਜਿਆ ਨਵਾ ਇਤਿਹਾਸ.:. ਚੇਅਰਮੈਨ ਰਣਜੋਧ ਹਡਾਣਾ

## ਹਡਾਣਾ ਦੇ ਇਸ ਫੈਸਲੇ ਨਾਲ ਮੁਲਾਜ਼ਮਾਂ ਵਿੱਚ ਖੁਸ਼ੀ ਦੀ ਲਹਿਰ

**ਪਟਿਆਲਾ, 5 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਪੀਆਰਟੀਸੀ ਵਿੱਚ ਮੁਲਾਜ਼ਮਾਂ ਨੂੰ ਆਉਣ ਦਰਪੇਸ਼ ਮੁਸ਼ਕਲਾਂ ਦੇ ਸਮਾਧਾਨ ਅਤੇ ਮਹਿਕਮੇ ਨੂੰ ਵਾਧੇ ਵਿੱਚ ਵਿੱਚ ਲਿਜਾਉਣ ਲਈ ਮਹਿਕਮੇ ਦੇ ਚੇਅਰਮੈਨ ਰਣਜੋਧ ਸਿੰਘ ਹਡਾਣਾ ਅਤੇ ਐਮ ਡੀ ਰਵਿੰਦਰ ਸਿੰਘ ਵੱਲੋਂ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਜਿਸ ਦੇ ਚਲਦਿਆਂ ਦੋਹਾਂ ਦੀ ਨੇਕ ਨੀਤੀ ਅਤੇ ਚੰਗੀ ਸੋਚ ਸਦਕੇ ਮੁਲਾਜ਼ਮਾਂ ਦੇ ਹਿੱਤਾ ਦੀ ਰਾਖੀ ਲਈ ਪੀਆਰਟੀਸੀ ਵੱਲੋਂ ਪੰਜਾਬ ਐਂਡ ਸਿੰਧ ਬੈਂਕ ਨਾਲ ਇੱਕ ਐਮ ਓ ਯੂ ਸਾਈਨ ਕੀਤਾ ਗਿਆ ਹੈ। ਜਿਸ ਵਿੱਚ ਮੁਲਾਜ਼ਮਾਂ ਦਾ ਵੱਡਾ ਫਾਇਦਾ ਹੋਵੇਗਾ।

ਗੱਲਬਾਤ ਦੌਰਾਨ ਰਣਜੋਧ ਸਿੰਘ ਹਡਾਣਾ ਨੇ ਦੱਸਿਆਂ ਕਿ ਪੀਆਰਟੀਸੀ ਨੂੰ ਪਿਛਲੀਆਂ ਸਰਕਾਰਾਂ ਵੱਲੋਂ ਅਕਸਰ ਘਾਟੇ ਵਾਲਾ ਮਹਿਕਮਾਂ ਦੱਸਿਆਂ ਜਾਂਦਾ ਸੀ ਪਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ ਸਦਕੇ ਮੁਲਾਜ਼ਮਾਂ ਦੇ ਹਿੱਤ ਦੀ ਰਾਖੀ ਨੂੰ ਪਹਿਲ ਦੇਣ ਦੇ ਮੰਤਵ ਨਾਲ ਮੁਲਾਜ਼ਮਾਂ ਨੂੰ ਆਉਣ ਵਾਲੀਆਂ ਮੁਸ਼ਕਲਾਂ ਦਾ ਸੰਭਵ ਹੱਲ ਕੱਢਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਉਨਾਂ ਕਿਹਾ ਕਿ ਅਕਸਰ ਦੇਖਣ ਵਿੱਚ ਆ ਰਿਹਾ ਸੀ ਮੁਲਾਜ਼ਮ ਦੇ ਕਿਸੇ ਵੀ ਤਰ੍ਹਾਂ ਨਾਲ ਹੋਣ ਵਾਲੇ ਐਕਸੀਡੈਂਟ ਮਗਰੋਂ ਮੌਤ ਹੋ ਜਾਣ ਜਾ ਕਿਸੇ ਵੀ ਤਰ੍ਹਾਂ ਨਾਲ ਸ਼ਰੀਰ ਪੱਖੋਂ ਹਾਲਤ ਖਰਾਬ ਹੋ ਜਾਣ ਨਾਲ ਮੁਲਾਜ਼ਮਾਂ ਵਿੱਚ ਚਿੰਤਾਂ ਦਾ ਸਬਬ ਬਣ ਜਾਂਦਾ ਸੀ। ਅਜਿਹੇ ਹਾਲਾਤ ਹੋਣ ਤੇ ਸਾਰੇ ਮੁਲਾਜ਼ਮ ਰਲ ਕੇ ਮਾਲੀ ਮਦਦ ਤਾਂ ਕਰ ਦਿੰਦੇ ਸਨ ਪਰ ਫੇਰ ਵੀ ਫੱਟੜ ਹੋਏ ਜਾਂ ਜਾਨ ਗਵਾ ਚੁੱਕੇ ਮੁਲਾਜ਼ਮ ਦਾ ਪਰਿਵਾਰ ਆਪਣੇ ਗੁਜ਼ਾਰੇ ਲਈ ਚਿੰਤਤ ਨਜਰ ਆਉਦਾਂ ਸੀ।

ਉਨਾਂ ਕਿਹਾ ਕਿ ਮਹਿਕਮੇ ਵਿੱਚ ਆਫਿਸਰਸ, ਆਊਟਸੋਰਸ, ਪੱਕੇ ਆਦਿ ਕਰੀਬ 4200 ਮੁਲਾਜ਼ਮ ਸੇਵਾ ਨਿਭਾ ਰਹੇ ਹਨ। ਜਿਨ੍ਹਾਂ ਲਈ ਪੰਜਾਬ ਐਂਡ ਸਿੰਧ ਬੈਂਕ ਨਾਲ ਕੀਤੀ ਸੰਧੀ ਵਰਦਾਨ ਸਾਬਿਤ ਹੋਵੇਗੀ। ਉਨਾਂ ਕਿਹਾ ਕਿ ਇਸ ਸੰਧੀ ਵਿੱਚ ਮੁਲਾਜ਼ਮ ਨੂੰ ਆਪਣਾ ਖਾਤਾ ਪੰਜਾਬ ਐਂਡ ਸਿੰਧ ਬੈਂਕ ਵਿੱਚ ਸ਼ਿਫਟ ਕਰਨਾ ਹੋਵੇਗਾ। ਜਿਸ ਮਗਰੋਂ ਉਸ ਮੁਲਾਜ਼ਮ ਨੂੰ ਬਿਨਾਂ ਕਿਸੇ ਖਰਚੇ ਅਤੇ ਬਿਨਾਂ ਕਿਸੇ ਖਰਚੇ ਤੋਂ ਮੁਫ਼ਤ ਬੀਮਾਂ ਦਿੱਤਾ ਜਾਵੇਗਾ। ਹਡਾਣਾ ਨੇ ਕਿਹਾ ਇਹ ਫੈਸਲਾਂ ਸੁਣਦਿਆਂ ਹੀ ਮੁਲਾਜ਼ਮਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਇਸ ਦੀ ਖਾਸੀਅਤ ਹੋਵੇਗੀ ਕਿ ਜੇਕਰ ਮਹਿਕਮੇ ਦੇ ਕਿਸੇ ਮੁਲਾਜ਼ਮ ਦਾ ਕਿਤੇ ਵੀ ਡਿਊਟੀ ਦੌਰਾਨ ਐਕਸੀਡੇਂਟ ਹੁੰਦਾ ਹੈ ਤਾਂ ਉਸਦੇ ਪਰਿਵਾਰ ਨੂੰ ਤਰੁੰਤ ਪ੍ਰਭਾਵ ਨਾਲ 40 ਲੱਖ ਰੁਪਏ ਪੰਜਾਬ ਐਂਡ ਸਿੰਧ ਬੈਂਕ ਵੱਲੋਂ ਦਿੱਤੇ ਜਾਣਗੇ। ਖਾਸ ਗੱਲ ਹੈ ਕਿ ਇਹ ਨਿਯਮ ਆਫ ਡਿਊਟੀ ਵੀ ਲਾਗੂ ਹੋਵੇਗਾ। ਇਸ ਤੋਂ ਇਲਾਵਾ ਜੇਕਰ ਘਰ ਵਿੱਚ ਧੀ ਪੜਾਈ ਕਰ ਰਹੀ ਹੋਵੇਗੀ ਤਾਂ ਉਸਨੂੰ ਪੜਾਈ ਲਈ 12 ਲੱਖ ਵੱਖਰੇ ਤੌਰ ਤੇ ਦਿੱਤੇ ਜਾਣਗੇ ਅਤੇ ਜੇਕਰ ਘਰ ਵਿੱਚ ਪੁੱਤਰ ਪੜ ਰਿਹਾ ਹੋਵੇਗਾ ਤਾਂ ਉਸਨੂੰ ਪੜਾਈ ਲਈ 6 ਲੱਖ ਰੁਪਏ ਦਿੱਤੇ ਜਾਣਗੇ। ਇਸ ਤੋਂ ਇਲਾਵਾ ਜੇਕਰ ਕਿਸੇ ਮੁਲਾਜ਼ਮ ਦੇ ਐਕਸੀਡੇਂਟ ਦੌਰਾਨ ਕਿਸੇ ਸ਼ਰੀਰ ਦਾ ਕੋਈ ਅੰਗ ਖਰਾਬ ਹੋ ਜਾਂਦਾ ਹੈ ਤਾਂ ਉਸ ਵਿੱਚ ਵੀ ਬਣਦਾ ਕਲੇਮ ਮੁਲਾਜ਼ਮ ਨੂੰ ਦਿੱਤਾ ਜਾਵੇਗਾ।

ਇਸ ਮੌਕੇ ਪੀਆਰਟੀ ਸੀ ਦੇ ਐਮ ਡੀ ਰਵਿੰਦਰ ਸਿੰਘ, ਮੁੱਖ ਲੇਖਾ ਅਫਸਰ ਕਮ ਵਿੱਤੀ ਸਲਾਹਕਾਰ ਰਾਜੀਵ ਕੁਮਾਰ ਗੋਇਲ, ਜੀ ਐਮ ਪ੍ਰਸ਼ਾਸ਼ਨ ਮਨਿੰਦਰ ਸਿੰਘ ਸਿੱਧੂ, ਪੰਜਾਬ ਐਂਡ ਸਿੰਧ ਬੈਂਕ ਤੋਂ ਚਮਨ ਲਾਲ ਫੀਲਡ ਜਨਰਲ ਮੈਨੇਜਰ, ਕਰਮਜੀਤ ਸਿੰਘ ਡਿਪਟੀ ਜਰਨਲ ਮੈਨੇਜਰ, ਉਪਾਸਨਾ ਧਰ ਜ਼ੋਨਲ ਮੈਨੇਜਰ ਵਿਸ਼ੇਸ਼ ਤੌਰ ਤੇ ਮੌਜੂਦ ਸਨ।

# ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਡਿਪਟੀ ਕਮਿਸ਼ਨਰ ਨਾਲ ਵੱਡੀ ਨਦੀ ਦਾ ਦੌਰਾ ਕਰਕੇ ਹੜ੍ਹ ਰੋਕੂ ਪ੍ਰਬੰਧਾਂ ਦਾ ਜਾਇਜ਼ਾ ਲਿਆ

## ➤ ਪੰਜਾਬ ਸਰਕਾਰ ਕਰ ਰਹੀ ਹੈ ਪੱਕੇ ਬੰਦੋਬਸਤ, ਨਹੀਂ ਰਹੇਗੀ ਪਟਿਆਲਾ ਨੂੰ ਹੜ੍ਹਾਂ ਦੀ ਮਾਰ ➤ ਸਰਕਾਰ ਹੜ੍ਹਾਂ ਤੋਂ ਲੋਕਾਂ ਦੇ ਬਚਾਅ ਲਈ ਵਚਨਬੱਧ ➤ ਮਾਨਸੂਨ ਦੇ ਮੱਦੇਨਜ਼ਰ ਡਰੇਨੇਜ਼ ਵਿਭਾਗ ਨੂੰ ਲੇਬਰ ਤੇ ਮਸ਼ੀਨਾਂ ਵਧਾਉਣ ਦੀ ਹਦਾਇਤ

**ਪਟਿਆਲਾ, 5 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**


ਸਿਹਤ ਮੰਤਰੀ ਡਾ. ਬਲਬੀਰ ਸਿੰਘ ਪਟਿਆਲਾ ਦੇ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਤੇ ਹੋਰ ਅਧਿਕਾਰੀਆਂ ਨਾਲ ਹੜ੍ਹ ਰੋਕੂ ਪ੍ਰਬੰਧਾਂ ਦਾ ਜਾਇਜ਼ਾ ਲੈਂਦੇ ਹੋਏ।

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਤੇ ਹੋਰ ਅਧਿਕਾਰੀਆਂ ਨੂੰ ਨਾਲ ਲੈਕੇ ਵੱਡੀ ਨਦੀ ਸਮੇਤ ਪਟਿਆਲਾ ਦਿਹਾਤੀ ਹਲਕੇ ਦੇ ਕੁਝ ਇਲਾਕਿਆਂ ਦਾ ਦੌਰਾ ਕਰਕੇ ਮਾਨਸੂਨ ਦੇ ਮੱਦੇਨਜ਼ਰ ਹੜ੍ਹ ਰੋਕੂ ਪ੍ਰਬੰਧਾਂ ਦਾ ਜਾਇਜ਼ਾ ਲਿਆ। ਇਸ ਦੌਰਾਨ ਉਨ੍ਹਾਂ ਨੇ ਡਰੇਨੇਜ ਵਿਭਾਗ ਦੇ ਅਧਿਕਾਰੀਆਂ ਨੂੰ ਪਹਿਲਾਂ ਦਿੱਤੀਆਂ ਹਦਾਇਤਾਂ ਦਾ ਰੀਵਿਊ ਕੀਤਾ ਅਤੇ ਨਾਲ ਹੀ ਬਰਸਾਤ ਦੀ ਸੰਭਾਵਨਾਂ ਦੇ ਚਲਦਿਆਂ ਲੇਬਰ ਤੇ ਮਸ਼ੀਨਾਂ ਆਦਿ ਵਧਾਉਣ ਦੀ ਵੀ ਹਦਾਇਤ ਕੀਤੀ। ਮੈਡੀਕਲ ਸਿੱਖਿਆ ਤੇ ਖੋਜ ਮੰਤਰੀ ਡਾ. ਬਲਬੀਰ ਸਿੰਘ ਨੇ ਇਸ ਮੌਕੇ ਲੋਕਾਂ ਨੂੰ ਵਿਸ਼ਵਾਸ਼ ਦੁਆਇਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਹੜ੍ਹਾਂ ਵਰਗੀ ਕਿਸੇ ਵੀ ਸਥਿਤੀ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹੈ। ਉਨ੍ਹਾਂ ਕਿਹਾ ਕਿ 'ਪਟਿਆਲਾ ਨੂੰ ਹੜ੍ਹਾਂ ਦੀ ਮਾਰ' ਆਮ ਤੌਰ 'ਤੇ ਕਿਹਾ ਜਾਂਦਾ ਹੈ ਪਰੰਤੂ ਪੰਜਾਬ ਸਰਕਾਰ ਹੁਣ ਇਸ ਕਹਾਵਤ ਨੂੰ ਬਦਲ ਦੇਵੇਗੀ ਤੇ ਅਜਿਹੇ ਪੱਕੇ ਪ੍ਰਬੰਧ ਕੀਤੇ ਜਾ ਰਹੇ ਹਨ, ਜਿਸ ਨਾਲ ਪਟਿਆਲਵੀਆਂ ਨੂੰ ਕਦੇ ਵੀ ਹੜ੍ਹਾਂ ਤੋਂ ਕੋਈ ਖ਼ਤਰਾ ਨਹੀਂ ਰਹੇਗਾ।

ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਅੱਜ ਫਲੌਲੀ ਗੁਰਦੁਆਰਾ ਸਾਹਿਬ ਨੇੜੇ ਬੰਨ੍ਹ ਦਾ ਦੌਰਾ ਕਰਕੇ ਜਾਇਜ਼ਾ ਲਿਆ ਹੈ, ਜਿੱਥੇ ਕਿ ਵੱਡੀ ਨਦੀ 'ਤੇ ਪਾੜ ਪੈਣ ਕਰਕੇ ਅਰਬਨ ਅਸਟੇਟ, ਚਿਨਾਰ ਬਾਗ, ਫਰੈਂਡਜ ਇਨਲੇਵ ਆਦਿ ਵਿੱਚ ਪਾਣੀ ਆਇਆ ਸੀ, ਉਸ ਪਾੜ ਨੂੰ ਪੂਰਕੇ ਮਜ਼ਬੂਤ ਕਰ ਦਿੱਤਾ ਗਿਆ ਹੈ। ਇਸ ਤੋਂ ਬਿਨ੍ਹਾਂ ਬਾਕੀ ਦੇ ਬੰਨ੍ਹ ਮਜ਼ਬੂਤ ਕਰਨ ਅਤੇ ਬੂਟੀ ਆਦਿ ਕੱਢਣ ਦੇ ਕੰਮ ਵੀ ਜੰਗੀ ਪੱਧਰ 'ਤੇ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਯਤਨਸ਼ੀਲ ਹੈ ਕਿ ਪਟਿਆਲਾ ਕੀ ਰਾਓ ਨਦੀ, ਜੋ ਕਿ ਪਟਿਆਲਾ ਆਕੇ ਵੱਡੀ ਨਦੀ ਬਣ ਜਾਂਦੀ ਹੈ, ਇਸ ਉਪਰ ਚੰਡੀਗੜ੍ਹ, ਮੁਹਾਲੀ ਤੇ ਫ਼ਤਿਹਗੜ੍ਹ ਸਾਹਿਬ ਤੇ ਪਟਿਆਲਾ ਜ਼ਿਲ੍ਹਿਆਂ ਵਿੱਚ ਝੀਲਾਂ ਤੇ ਖੂਹ ਬਣਾ ਕੇ ਪੱਕੇ ਪ੍ਰਬੰਧ ਕੀਤੇ ਜਾ ਰਹੇ ਹਨ ਤਾਂ ਕਿ ਜਮੀਨ ਹੇਠਲਾ ਪਾਣੀ ਦਾ ਪੱਧਰ ਵਧੇ ਅਤੇ ਹੜ੍ਹਾਂ ਦੀ ਸੱਮਿਸਿਆ ਦਾ ਪੱਕਾ ਹੱਲ ਕੀਤਾ ਜਾ ਸਕੇ।

ਡਾ. ਬਲਬੀਰ ਸਿੰਘ ਨੇ ਫੂਲਕੀਆਂ ਇਨਕਲੇਵ, ਛੋਟੀ ਨਦੀ ਦੇ ਬਿਸ਼ਨ ਨਗਰ ਨੇੜੇ ਪੁਲ, ਵਿਰਕ ਕਲੋਨੀ, ਨਵੇਂ ਬੱਸ ਅੱਡਾ ਨੇੜੇ ਦੌਰਾ ਕੀਤਾ ਅਤੇ ਅਰਬਨ ਅਸਟੇਟ ਵਿਖੇ ਪਾਣੀ ਦੇ ਵਹਾਅ ਵਾਲੀ ਥਾਂ ਤੋਂ ਨਜਾਇਜ਼ ਕਬਜੇ ਹਟਾਉਣ ਦੇ ਆਦੇਸ਼ ਦਿੱਤੇ। ਉਨ੍ਹਾਂ ਨੇ ਪਿੰਡ ਨੰਦ ਪੁਰ ਕੇਸ਼ੋ ਵਿਖੇ ਪਟਿਆਲਾ ਕੀ ਰਾਓ ਦੀ ਸਫਾਈ ਤੇ ਛੱਪੜ 'ਤੇ ਚੱਲ ਰਹੇ ਕੰਮ ਸਮੇਤ ਪਿੰਡ ਬਾਰਨ ਵਿਖੇ ਵੀ ਛੱਪੜ ਦਾ ਜਾਇਜ਼ਾ ਲਿਆ।

ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਮੁਤਾਬਕ ਲੋਕਾਂ ਨੂੰ ਹੜ੍ਹਾਂ ਤੋਂ ਬਚਾਉਣ ਲਈ ਪੂਰੇ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ। ਇਸ ਮੌਕੇ ਨਗਰ ਨਿਗਮ ਦੇ ਸੰਯੁਕਤ ਕਮਿਸ਼ਨਰ ਮਨੀਸ਼ਾ ਰਾਣਾ ਤੇ ਬਬਨਦੀਪ ਸਿੰਘ ਵਾਲੀਆ, ਡਰੇਨੇਜ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਰਜਿੰਦਰ ਘਈ, ਕਰਨਲ ਜੇ.ਵੀ ਸਿੰਘ ਤੇ ਜਸਬੀਰ ਸਿੰਘ ਗਾਂਧੀ, ਲੋਕ ਨਿਰਮਾਣ ਵਿਭਾਗ ਦੇ ਐਕਸੀਐਨ ਪਿਯੂਸ਼ ਅਗਰਵਾਲ ਤੋਂ ਇਲਾਵਾ ਮੰਡੀ ਬੋਰਡ, ਜੰਗਲਾਤ ਵਿਭਾਗ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਤੇ ਹੋਰ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਭਾਰਤੀ ਰੈਡ ਕਰਾਸ ਸੁਸਾਇਟੀ ਰਾਹੀਂ ਆਮ ਲੋਕਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਮੁਹੱਈਆਂ ਕਰਵਾਉਣੀਆਂ ਬਣਾਈਆਂ ਜਾਣ ਯਕੀਨੀ : ਜਸਪ੍ਰੀਤ ਸਿੰਘ

**ਬਠਿੰਡਾ, 5 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

: ਭਾਰਤੀ ਰੈਡ ਕਰਾਸ ਸੁਸਾਇਟੀ ਦਾ ਮੁੱਖ ਮੰਤਵ ਆਮ ਲੋਕਾਂ ਨੂੰ ਬੇਹਤਰ, ਜ਼ਰੂਰੀ ਤੇ ਹੋਰ ਲੋੜੀਂਦੀਆਂ ਸੁੱਖ ਸਹੂਲਤਾਂ ਮੁਹੱਈਆਂ ਕਰਵਾਉਣਾ ਹੈ। ਇਸ ਤਹਿਤ ਸੁਸਾਇਟੀ ਤੇ ਇਸ ਦੀਆਂ ਸਹਿਯੋਗੀ ਸੰਸਥਾਵਾਂ ਵਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਸ ਜਸਪ੍ਰੀਤ ਸਿੰਘ ਨੇ ਭਾਰਤੀ ਰੈਡ ਕਰਾਸ ਸੁਸਾਇਟੀ ਤੇ ਸਹਿਯੋਗੀ ਸੰਸਥਾਵਾਂ ਦੀ ਸਮੀਖਿਆ ਮੀਟਿੰਗ ਦੌਰਾਨ ਸਾਂਝੀ ਕੀਤੀ।

ਮੀਟਿੰਗ ਦੌਰਾਨ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਵਲੋਂ ਕੀਤੇ ਜਾ ਰਹੇ ਵੱਖ-ਵੱਖ ਕਾਰਜਾਂ ਦੀ ਸਮੀਖਿਆ ਕੀਤੀ। ਜਿਸ ਦੌਰਾਨ ਪਿੰਡ ਨਰੂਆਣਾ ਵਿਖੇ ਦਾਨ ਵਿਚ ਮਿਲੀ ਨਹਿਰੀ ਜ਼ਮੀਨ ਅਤੇ ਐਮ.ਜੀ.ਡੀ. ਸਕੂਲ ਦੇ ਫਰੰਟ ਤੇ ਸੀ.ਐਨ.ਜੀ. ਪੰਪ ਅਤੇ ਵਾਈਟ ਹਾਊਸ ਦੇ ਵਿਚਕਾਰ ਪਈ ਜ਼ਮੀਨ ਨੂੰ ਠੇਕੇ ਤੇ ਦੇਣ ਬਾਰੇ। ਮੈਡੀਕਲ ਸਟੋਰ ਅਤੇ ਜਨ ਔਸ਼ਧੀ ਸਟੋਰਾਂ ਤੇ ਸੇਲ ਘੱਟ ਜਾਣ ਕਾਰਨ ਇਨ੍ਹਾਂ ਨੂੰ ਚਾਲੂ ਰੱਖਣ ਸਬੰਧੀ ਢੁੱਕਵੇਂ ਪ੍ਰਬੰਧ, ਟੀ.ਬੀ. ਦੇ ਮਰੀਜ਼ਾਂ ਨੂੰ ਮੁਫਤ ਰਾਸ਼ਨ ਕਿਟਾਂ ਮੁਹੱਈਆ ਕਰਵਾਉਣ ਤੋਂ ਇਲਾਵਾ ਕੈਟਲ ਪੌਂਡ ਹਰਰਾਏਪੁਰ ਵਿਖੇ ਗਊਆਂ ਨੂੰ ਹਰਾ-ਚਾਰਾ ਮੁਹੱਈਆ ਕਰਵਾਉਣ ਬਾਰੇ



ਵਿਚਾਰ-ਵਟਾਦਰਾਂ ਕੀਤਾ ਗਿਆ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਇਹ ਵੀ ਦੱਸਿਆ ਕਿ ਦੂਰ-ਦੁਰਾਡੇ ਖੇਤਰਾਂ 'ਚ ਰਹਿਣ ਵਾਲੇ ਗਰੀਬ ਤੇ ਲੋੜਵੰਦ ਲੋਕਾਂ ਦੀ ਸਹੂਲਤ ਲਈ ਭਾਰਤੀ ਰੈੱਡ ਕਰਾਸ ਸੁਸਾਇਟੀ ਵਲੋਂ ਇਕ ਮੋਬਾਇਲ ਵੈਨ ਸ਼ੁਰੂ ਕਰਨ ਦੀ ਭਵਿੱਖੀ ਯੋਜਨਾ ਹੈ, ਜਿਸ 'ਚ ਕੈਂਸਰ ਤੇ ਹੋਰ ਬਿਮਾਰੀਆਂ ਨਾਲ ਸਬੰਧਤ ਟੈਸਟਾਂ ਸਬੰਧੀ ਸਹੂਲਤ ਮੁਹੱਈਆਂ ਕਰਵਾਈ ਜਾਵੇਗੀ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਖੇਤਾ ਸਿੰਘ ਬਸਤੀ ਚ ਸਮਾਜ ਸੇਵੀ ਸੰਸਥਾ ਵਲੋਂ ਚਲਾਏ ਜਾ ਰਹੇ ਸਕੂਲ ਚੋਂ ਪੜ੍ਹ ਚੁੱਕੇ ਬੱਚਿਆਂ ਨੂੰ ਸਰਕਾਰੀ ਪ੍ਰਾਇਮਰੀ ਸਕੂਲਾਂ 'ਚ ਦਾਖਲ ਕਰਵਾਉਣਾ ਯਕੀਨੀ ਬਣਾਇਆ ਜਾਵੇ। ਇਸ ਮੌਕੇ ਸਿਖਲਾਈ ਅਧੀਨ ਆਈਏਐਸ ਅਧਿਕਾਰੀ ਸ਼੍ਰੀ ਰਾਕੇਸ਼ ਕੁਮਾਰ ਮੀਨਾ, ਵਧੀਕ ਡਿਪਟੀ ਕਮਿਸ਼ਨਰ ਜਨਰਲ ਸ੍ਰੀ ਲਤੀਫ ਅਹਿਮਦ, ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਡਾ ਮਨਦੀਪ ਕੌਰ, ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਸ੍ਰੀ ਅੰਮ੍ਰਿਤ ਲਾਲ ਅਗਰਵਾਲ, ਐਸਡੀਐਮ ਸ੍ਰੀਮਤੀ ਇਨਾਯਤ, ਸਕੱਤਰ ਰੈਡ ਕਰਾਸ ਸ਼੍ਰੀ ਦਰਸ਼ਨ ਕੁਮਾਰ, ਸ਼੍ਰੀ ਜਗਦੀਸ਼ ਵੜੈਚ ਤੋਂ ਇਲਾਵਾ ਹੋਰ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦੇ ਆਦਿ ਹਾਜ਼ਰ ਸਨ।

## ਕਣਕ ਦੀ ਪਰਚੀ ਕੱਟਣ ਨੂੰ ਲੈ ਕੇ ਹੋਇਆ ਖ਼ੂਨੀ ਟਕਰਾਅ! ਤੇਜ਼ਧਾਰ ਹਥਿਆਰ ਤੇ ਇੱਟਾਂ-ਪੱਥਰ ਵੀ ਚੱਲੇ

ਏਜੰਸੀਆਂ

ਲੁਧਿਆਣਾ 5 ਜੁਲਾਈ। ਸਮਰਾਲਾ ਚੌਕ ਨੇੜੇ ਪੈਂਦੇ ਇਲਾਕੇ ਗੁਰੂ ਅਰਜਨ ਦੇਵ ਨਗਰ 'ਚ ਡਿਪੂ ਹੋਲਡਰ ਵੱਲੋਂ ਕਣਕ ਦੀ ਪਰਚੀ ਕੱਟਣ ਦੌਰਾਨ 2 ਧਿਰਾਂ 'ਚ ਹੋਈ ਬਹਿਸਬਾਜ਼ੀ ਦੌਰਾਨ ਖ਼ੂਨੀ ਟਕਰਾਅ ਹੋ ਗਿਆ, ਜਿਸ ਕਾਰਨ ਪੂਰੇ ਇਲਾਕੇ 'ਚ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ। ਜਾਣਕਾਰੀ ਮੁਤਾਬਕ ਹਮਲੇ ਦੌਰਾਨ ਔਰਤ ਸਣੇ 3 ਵਿਅਕਤੀ ਜ਼ਖ਼ਮੀ ਹੋਏ ਹਨ। ਇਲਾਕਾ ਨਿਵਾਸੀਆਂ ਜਿਨ੍ਹਾਂ 'ਚ ਵੱਡੀ ਗਿਣਤੀ ਵਿਚ 'ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ' ਤਹਿਤ ਕਣਕ ਦਾ ਲਾਭ ਲੈਣ ਵਾਲੇ ਪਰਿਵਾਰ ਸ਼ਾਮਲ ਹਨ, ਵੱਲੋਂ ਦੋਸ਼ ਲਾਇਆ ਗਿਆ ਹੈ ਕਿ ਡਿਪੂ ਹੋਲਡਰ ਲਾਭਪਾਤਰ ਪਰਿਵਾਰਾਂ ਦੇ ਹਿੱਸੇ ਦੀ ਬਣਦੀ ਕਣਕ 'ਚ ਕਥਿਤ ਤੌਰ 'ਤੇ ਵੱਡੀ ਕਟੌਤੀ ਕਰ ਰਿਹਾ ਹੈ, ਜਿਸ ਦਾ ਵਿਰੋਧ ਕਰਨ 'ਤੇ ਡਿਪੂ ਹੋਲਡਰ ਅਤੇ ਉਸ ਦੇ ਸਾਥੀਆਂ ਵੱਲੋਂ ਲਾਭਪਾਤਰ ਪਰਿਵਾਰਾਂ ਦੇ ਘਰ ਕਥਿਤ ਤੌਰ 'ਤੇ ਜਾਨਲੇਵਾ ਹਮਲਾ ਕੀਤਾ ਗਿਆ। ਜਾਣਕਾਰੀ ਦਿੰਦੇ ਹੋਏ ਪੀੜਤ ਪਰਿਵਾਰ ਦੇ ਜਸਪ੍ਰੀਤ ਸਿੰਘ, ਸੁਖਪ੍ਰੀਤ ਸਿੰਘ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੀ ਮਾਤਾ ਡਿਪੂ 'ਤੇ ਕਣਕ ਲੈਣ ਗਈ ਤਾਂ ਇਸ ਦੌਰਾਨ ਡਿਪੂ ਹੋਲਡਰ ਵੱਲੋਂ ਉਨ੍ਹਾਂ ਨਾਲ ਕਥਿਤ ਤੌਰ 'ਤੇ ਦੁਰਵਿਵਹਾਰ ਕੀਤਾ ਗਿਆ ਅਤੇ ਰਾਸ਼ਨ ਕਾਰਡ 'ਚ ਦਰਜ 4 ਮੈਂਬਰਾਂ ਦੀ ਜਗ੍ਹਾ ਸਿਰਫ 3 ਨੂੰ ਹੀ ਕਣਕ ਦੇਣ ਦੀ ਗੱਲ ਕਹੀ ਗਈ, ਜਿਸ ਕਾਰਨ ਦੋਵਾਂ ਧਿਰਾਂ ਵਿਚ ਬਹਿਸਬਾਜ਼ੀ ਸ਼ੁਰੂ ਹੋ ਗਈ ਅਤੇ ਮੌਕੇ 'ਤੇ ਮੌਜੂਦ ਲੋਕਾਂ ਵੱਲੋਂ ਮਾਮਲੇ ਨੂੰ ਠੰਢਾ ਕਰ ਕੇ ਉਨ੍ਹਾਂ ਨੂੰ ਘਰ ਭੇਜ ਦਿੱਤਾ ਗਿਆ। ਉਨ੍ਹਾਂ ਨੇ ਦੋਸ਼ ਲਾਏ ਹਨ ਕਿ ਇਸ ਦੌਰਾਨ ਸੋਮਵਾਰ ਦੇਰ ਰਾਤ ਡਿਪੂ ਹੋਲਡਰ ਅਤੇ ਉਸ ਦੇ ਸਾਥੀਆਂ ਨੇ ਉਨ੍ਹਾਂ ਦੇ ਘਰ ਇੱਟਾਂ-ਪੱਥਰਾਂ ਅਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਕੇ ਉਸ ਦੇ ਮਾਂ-ਬਾਪ ਅਤੇ ਭਰਾ ਨੂੰ ਜ਼ਖ਼ਮੀ ਕਰ ਦਿੱਤਾ। ਉਧਰ, ਮਾਮਲੇ ਸਬੰਧੀ ਵਾਇਰਲ ਹੋ ਰਹੀ ਵੀਡੀਓ ਵਿਚ ਸਾਫ ਦੇਖਿਆ ਜਾ ਸਕਦਾ ਹੈ ਕਿ ਦੋਵੇਂ ਧਿਰਾਂ ਵੱਲੋਂ ਇਕ-ਦੂਜੇ 'ਤੇ ਇੱਟਾਂ-ਪੱਥਰ ਸੁੱਟੇ ਜਾ ਰਹੇ ਹਨ। ਇਲਾਕਾ ਨਿਵਾਸੀਆਂ ਮੁਤਾਬਕ ਮੁਹੱਲੇ 'ਚ ਕਈ ਘੰਟੇ ਤੱਕ ਖੁੱਲ੍ਹ ਕੇ ਗੁੰਡਾਗਰਦੀ ਦਾ ਨੰਗਾ ਨਾਚ ਹੋਇਆ ਹੈ, ਜਿਸ ਕਾਰਨ ਪੂਰੇ ਇਲਾਕੇ 'ਚ ਦਹਿਸ਼ਤ ਦਾ ਮਾਹੌਲ ਬਣਿਆ ਰਿਹਾ। ਔਰਤਾਂ ਨੇ ਡਰ ਦੇ ਮਾਰੇ ਆਪਣੇ ਬੱਚਿਆਂ ਨੂੰ ਘਰਾਂ 'ਚ ਬੰਦ ਕਰ ਲਿਆ। ਦੋਵਾਂ ਧਿਰਾਂ ਵੱਲੋਂ ਇਕ-ਦੂਜੇ 'ਤੇ ਲਾਏ ਜਾ ਰਹੇ ਦੋਸ਼ਾਂ ਦਾ ਜ਼ਮੀਨੀ ਸੱਚ ਜਾਂਚ ਤੋਂ ਬਾਅਦ ਸਾਹਮਣੇ ਆ ਸਕਦਾ ਹੈ। ਮਾਮਲੇ ਸਬੰਧੀ ਖ਼ੁਰਾਕ ਤੇ ਸਿਵਲ ਸਪਲਾਈ ਵਿਭਾਗ ਦੀ ਕੰਟ੍ਰੋਲਰ ਮੈਡਮ ਸ਼ਿਫਾਲੀ ਚੋਪੜਾ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਨੇ ਕਿਹਾ ਕਿ ਹਾਲ ਦੀ ਘੜੀ ਅਜਿਹੇ ਕਿਸੇ ਵੀ ਮਾਮਲੇ ਦੀ ਸ਼ਿਕਾਇਤ ਵਿਭਾਗ ਨੂੰ ਨਹੀਂ ਮਿਲੀ। ਉਨ੍ਹਾਂ ਨੇ ਸਾਫ ਕੀਤਾ ਕਿ ਕਣਕ ਵੰਡ ਮਾਮਲੇ ਵਿਚ ਕਿਸੇ ਵੀ ਤਰ੍ਹਾਂ ਦੀ ਹੇਰਾਫੇਰੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਸ਼ਿਫਾਲੀ ਨੇ ਕਿਹਾ ਕਿ ਮਾਮਲੇ ਦੀ ਜਾਂਚ ਕਰਵਾਉਣ ਲਈ ਅਧਿਕਾਰੀਆਂ ਅਤੇ ਮੁਲਾਜ਼ਮਾਂ ਦੀ ਟੀਮ ਬਣਾ ਕੇ ਅਤੇ ਦੋਸ਼ੀ ਪਾਏ ਜਾਣ ਦੀ ਸੂਰਤ ਵਿਚ ਡਿਪੂ ਹੋਲਡਰ ਖਿਲਾਫ ਵਿਭਾਗੀ ਕਾਰਵਾਈ ਕੀਤੀ ਜਾਵੇਗੀ।

## ਕੰਗਨਾ ਦੇ ਥੱਪੜ ਮਾਰਨ ਵਾਲੀ ਕੁਲਵਿੰਦਰ ਕੌਰ ਦੀ ਬਦਲੀ ਦੀਆਂ ਖ਼ਬਰਾਂ ਵਿਚਾਲੇ ਭਰਾ ਦਾ ਵੱਡਾ ਬਿਆਨ ਆਇਆ ਸਾਹਮਣੇ

ਸਰਦੂਲ ਸਿੰਘ

ਸੁਲਤਾਨਪੁਰ ਲੋਧੀ/ਚੰਡੀਗੜ੍ਹ 5 ਜੁਲਾਈ। ਚੰਡੀਗੜ੍ਹ ਏਅਰਪੋਰਟ 'ਤੇ ਕੰਗਨਾ ਰਣੌਤ ਨੂੰ ਥੱਪੜ ਮਾਰਨ ਵਾਲੀ ਸੀ. ਆਈ. ਐੱਸ. ਐੱਫ. ਦੀ ਮਹਿਲਾ ਕਾਂਸਟੇਬਲ ਕੁਲਵਿੰਦਰ ਕੌਰ ਦੇ ਬੈਂਗਲੁਰੂ ਤਬਾਦਲੇ ਦੀਆਂ ਖ਼ਬਰਾਂ ਸਾਹਮਣੇ ਆਉਣ ਤੋਂ ਬਾਅਦ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਸਕੱਤਰ ਅਤੇ ਕੁਲਵਿੰਦਰ ਕੌਰ ਦੇ ਭਰਾ ਸ਼ੇਰ ਸਿੰਘ ਦਾ ਵੱਡਾ ਬਿਆਨ ਸਾਹਮਣੇ ਆਇਆ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਭੈਣ ਕੁਲਵਿੰਦਰ ਕੌਰ ਅਤੇ ਜੀਜਾ ਦੋਵੇਂ ਇਕੋ ਹੀ ਮਹਿਕਮੇ ਵਿਚ ਕੰਮ ਕਰਦੇ ਹਨ। ਉਨ੍ਹਾਂ ਕਿਹਾ ਕਿ ਕੁਲਵਿੰਦਰ ਕੌਰ ਦੇ ਪਤੀ ਦੀ ਪੋਸਟਿੰਗ ਬੈਂਗਲੁਰੂ ਹੋਈ ਹੈ ਅਤੇ ਕੁਲਵਿੰਦਰ ਕੌਰ ਨੂੰ ਵੀ ਜਗ੍ਹਾ ਬਦਲ ਕੇ ਉਨ੍ਹਾਂ ਦੇ ਨਾਲ ਉਥੇ ਭੇਜਿਆ ਗਿਆ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਉਨ੍ਹਾਂ ਦੇ ਬੱਚੇ ਮੇਰੇ ਕੋਲ ਸਨ ਅਤੇ ਹੁਣ ਬੱਚੇ ਵੀ ਉਨ੍ਹਾਂ ਦੇ ਕੋਲ ਹਨ। ਛੋਟੀਆਂ ਜਮਾਤਾਂ ਵਿਚ ਪੜ੍ਹਨ ਵਾਲੇ ਉਨ੍ਹਾਂ ਦੇ ਬੱਚਿਆਂ ਦਾ ਵੀ ਬੈਂਗਲੁਰੂ ਵਿਚ ਦਾਖਲਾ ਕਰਵਾ ਦਿੱਤਾ ਗਿਆ ਹੈ ਅਤੇ ਬੱਚੇ ਹੁਣ ਉਥੇ ਸਕੂਲ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਭੈਣ ਨੂੰ ਉਥੇ ਇਸ ਵੇਲੇ ਕੁਆਰਟਰ ਮਿਲੇ ਹਨ, ਜਿੱਥੇ ਉਹ ਰਹਿ ਰਹੇ ਹਨ ਅਤੇ ਜਾਂਚ ਲਗਾਤਾਰ ਚੱਲ ਰਹੀ ਹੈ। ਜਿੰਨੀ ਦੇਰ ਤੱਕ ਕੰਗਣਾ ਦੇ ਮਸਲੇ 'ਤੇ ਜਾਂਚ ਚੱਲ ਰਹੀ ਹੈ, ਅਸੀਂ ਕੁਝ ਵੀ ਨਹੀਂ ਕਹਿ ਸਕਦੇ। ਜਾਂਚ ਮਗਰੋਂ ਕੀ ਫੈਸਲਾ ਆਵੇਗਾ, ਉਹ ਵੀ ਜਨਤਾ ਨਾਲ ਸਾਂਝਾ ਕਰ ਦਿੱਤਾ ਜਾਵੇਗਾ। ਭੈਣ ਅਤੇ ਉਨ੍ਹਾਂ ਦਾ ਪਰਿਵਾਰ ਚੜ੍ਹਦੀ ਕਲਾਂ ਵਿਚ ਹੈ। ਅੱਗੇ ਬੋਲਦੇ ਹੋਏ ਸ਼ੇਰ ਸਿੰਘ ਨੇ ਕਿਹਾ ਕਿ ਸੋਸ਼ਲ ਮੀਡੀਆ 'ਤੇ ਕੁਲਵਿੰਦਰ ਕੌਰ ਵੱਲੋਂ ਮੁਆਫੀ ਮੰਗਣ ਵਾਲੀ ਜਿਹੜੀ ਗੱਲ ਚੱਲ ਰਹੀ ਹੈ, ਉਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਕੋਲ ਮੁਆਫੀ ਨਾਂ ਦਾ ਕੋਈ ਸ਼ਬਦ ਨਹੀਂ ਹੈ। ਉਨ੍ਹਾਂ ਕਿਹਾ ਕਿ ਬੀਬੀਆਂ ਨੂੰ ਲੈ ਕੇ ਕਿਸਾਨ ਅੰਦੋਲਨ



ਦੌਰਾਨ ਕੰਗਨਾ ਵੱਲੋਂ ਦਿੱਤੇ ਬਿਆਨ 'ਤੇ ਜੇਕਰ ਕੰਗਨਾ ਨੇ ਮੁਆਫੀ ਨਹੀਂ ਮੰਗੀ ਤਾਂ ਸਾਡੇ ਕੋਲੋਂ ਵੀ ਮੁਆਫੀ ਦੀ ਆਸ ਨਾ ਰੱਖੇ। ਉਨ੍ਹਾਂ ਕਿਹਾ ਕਿ ਦਰਅਸਲ ਥੱਪੜ ਕੰਗਨਾ ਦੇ ਨਹੀਂ, ਸਿਸਟਮ 'ਤੇ ਵੱਜਾ ਹੈ, ਇਸ ਕਰਕੇ ਭੈਣ ਚੜ੍ਹਦੀ ਕਲਾਂ ਵਿਚ ਹਨ ਅਤੇ ਚੜ੍ਹਦੀ ਕਲਾਂ ਵਿਚ ਹੀ ਰਹਿਣਗੇ। ਦੱਸਣਯੋਗ ਹੈ ਕਿ ਅੱਜ ਮੀਡੀਆ ਦੇ ਇਕ ਹਿੱਸੇ ਵਿਚ ਕੁਲਵਿੰਦਰ ਕੌਰ ਦੇ ਤਬਾਦਲੇ ਦੀਆਂ ਖ਼ਬਰਾਂ ਨਸ਼ਰ ਹੋਈਆਂ ਸਨ। ਜਿਸ ਵਿਚ ਆਖਿਆ ਗਿਆ ਸੀ ਕਿ ਚੰਡੀਗੜ੍ਹ ਏਅਰਪੋਰਟ 'ਤੇ ਕੰਗਨਾ ਰਣੌਤ ਦੇ ਥੱਪੜ ਮਾਰਨ ਵਾਲੀ ਸੀ. ਆਈ. ਐੱਸ. ਐੱਫ. ਮੁਲਾਜਮ ਕੁਲਵਿੰਦਰ ਕੌਰ ਨੂੰ ਬਹਾਲ ਕਰ ਦਿੱਤਾ ਗਿਆ ਹੈ ਅਤੇ ਉਸ ਦਾ ਤਬਾਦਲਾ ਕਰ ਦਿੱਤਾ ਗਿਆ ਹੈ। ਚੰਡੀਗੜ੍ਹ ਏਅਰਪੋਰਟ 'ਤੇ ਤਾਇਨਾਤ ਕੁਲਵਿੰਦਰ ਕੌਰ ਨੂੰ ਹੁਣ ਬੰਗਲੁਰੂ ਵਿਚ ਸ਼ਿਫਟ ਕਰ ਦਿੱਤਾ ਗਿਆ ਹੈ। ਜਿਸ ਤੋਂ ਬਾਅਦ ਸੀ. ਆਈ. ਐੱਸ. ਐੱਫ. ਨੇ ਇਨ੍ਹਾਂ ਖ਼ਬਰਾਂ ਦਾ ਖੰਡਨ ਕੀਤਾ ਹੈ।

## ਰਵਿੰਦਰ ਸਿੰਘ ਬ੍ਰਹਮਪੁਰਾ ਨੇ ਸੀਤਲ ਅੰਗੁਰਾਲ ਦੇ ਗੰਭੀਰ ਦੋਸਾਂ 'ਤੇ ਸਰਕਾਰ 'ਤੇ ਚੁੱਕੇ ਸਵਾਲ

ਜੈਤੋ, 5 ਜੁਲਾਈ। ਸ੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਸੱਤਾਧਾਰੀ ਆਮ ਆਦਮੀ ਪਾਰਟੀ ਸਰਕਾਰ ਦੇ ਅੰਦਰ ਕਥਿਤ ਭ੍ਰਿਸਟ ਅਮਲਾਂ ਦੀ ਸਖਤ ਅਲੋਚਨਾਂ ਕੀਤੀ। ਜਿਵੇਂ ਕਿ 'ਆਪ' ਸਰਕਾਰ ਦੇ ਸਾਬਕਾ ਵਿਧਾਇਕ ਅਤੇ ਭਾਜਪਾ ਉਮੀਦਵਾਰ ਸੀਤਲ ਅੰਗੁਰਾਲ ਨੇ ਖੁਲਾਸੇ ਕੀਤੇ ਹਨ। ਸੀਤਲ ਅੰਗੁਰਾਲ ਦੀਆਂ 40 ਆਡੀਓ ਰਿਕਾਰਡਿੰਗਾਂ ਦੇ ਜਿਕਰ ਨੇ ਇਹ ਗੱਲ ਸਾਹਮਣੇ ਲਿਆਂਦੀ ਹੈ ਕਿ ਉਹ 'ਆਪ' ਨੇਤਾਵਾਂ ਦੇ "ਵੱਡੇ ਭ੍ਰਿਸਟ ਕੰਮਾਂ" ਤੋਂ ਚੰਗੀ ਤਰ੍ਹਾਂ ਜਾਣੂ ਹਨ। ਇੱਥੇ ਦੱਸਣਯੋਗ ਹੈ ਕਿ ਸੋਮਵਾਰ ਸਾਮ ਨੂੰ ਫੇਸਬੁੱਕ ਲਾਈਵ ਸੈਸਨ ਦੌਰਾਨ ਅੰਗੁਰਾਲ ਨੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਸਬੂਤ ਪੇਸ ਕਰਨ ਦੀ ਇਜਾਜਤ ਮੰਗੀ ਸੀ, ਜਿਸ ਵਿਚ ਅਸਫਲ ਰਹਿਣ 'ਤੇ ਉਨ੍ਹਾਂ ਨੇ ਖੁਦ ਨੂੰ ਸਜਾ ਦੇਣ ਦਾ ਵੀ ਜਿਕਰ ਕੀਤਾ। ਵਿਸੇਸ ਤੌਰ 'ਤੇ, ਉਨ੍ਹਾਂ ਨੇ ਜਲੰਧਰ ਕੇਂਦਰੀ ਦੇ ਵਿਧਾਇਕ ਰਮਨ ਅਰੋੜਾ 'ਤੇ ਕਥਿਤ ਭ੍ਰਿਸਟ ਵਿੱਤੀ ਲੈਣ-ਦੇਣ ਕਰਨ ਦਾ ਦੋਸ ਲਗਾਇਆ, ਜਿਸ ਵਿੱਚ ਮੁੱਖ ਮੰਤਰੀ ਦੇ ਪਰਿਵਾਰਕ ਮੈਂਬਰਾਂ ਦੀ ਆੜ ਵਿੱਚ ਵੱਡੀ ਰਕਮ ਦਾ ਹਵਾਲਾ ਸਾਮਲ ਹੈ। ਬ੍ਰਹਮਪੁਰਾ ਨੇ ਇੰਨ੍ਹਾਂ ਦੋਸਾਂ ਦੀ ਗੰਭੀਰਤਾ ਨੂੰ ਉਜਾਗਰ ਕੀਤਾ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੱਤਾਧਾਰੀ 'ਆਪ' ਸਰਕਾਰ ਦੇ ਅੰਦਰ ਪਾਰਦਰਸਤਾ ਅਤੇ ਜਵਾਬਦੇਹੀ ਦੀ ਲੋੜ 'ਤੇ ਜੋਰ ਦਿੱਤਾ। ਬ੍ਰਹਮਪੁਰਾ ਨੇ ਸੀਤਲ ਅੰਗੁਰਾਲ ਦੁਆਰਾ ਦੱਸੇ ਗਏ ਦਾਅਵਿਆਂ ਦੀ ਡੂੰਘਾਈ ਨਾਲ ਜਾਂਚ ਕਰਨ ਦੀ ਮੰਗ ਕੀਤੀ ਹੈ ਅਤੇ ਅਜਿਹੇ ਗੰਭੀਰ ਦੋਸਾਂ ਨਾਲ ਨਜਿੱਠਣ ਵਿੱਚ ਪਾਰਦਰਸਤਾ ਦੀ ਅਪੀਲ ਕੀਤੀ ਹੈ। ਬ੍ਰਹਮਪੁਰਾ ਨੇ ਇਮਾਨਦਾਰੀ ਅਤੇ ਨਿਆਂ ਨੂੰ ਬਰਕਰਾਰ ਰੱਖਣ ਦੀ ਵਚਨਬੱਧਤਾ ਨਾਲ 'ਆਪ' ਸਰਕਾਰ ਦੇ ਅੰਦਰ ਕਿਸੇ ਵੀ ਸੰਭਾਵੀ ਭ੍ਰਿਸਟਾਚਾਰ ਨੂੰ ਹੱਲ ਕਰਨ ਲਈ ਤੁਰੰਤ ਅਤੇ ਨਿਰਣਾਇਕ ਕਾਰਵਾਈ ਦੀ ਲੋੜ 'ਤੇ ਜੋਰ ਦਿੱਤਾ। ਹਾਲਾਂਕਿ, ਮੁੱਖ ਮੰਤਰੀ ਭਗਵੰਤ ਮਾਨ ਦੇ ਪਰਿਵਾਰਕ ਮੈਂਬਰਾਂ 'ਤੇ, ਉਨ੍ਹਾਂ ਦੇ ਆਪਣੇ ਹੀ ਸਾਬਕਾ ਆਗੂਆਂ ਵੱਲੋਂ ਭ੍ਰਿਸਟਾਚਾਰ ਦੇ ਦੋਸ ਲਗਾਏ ਜਾ ਰਹੇ ਹਨ ਜੋ ਕਿ ਬੇਹੱਦ ਹੈਰਾਨੀ ਦੀ ਗੱਲ ਹੈ।

## ਪ੍ਰਤਾਪ ਬਾਜਵਾ ਨੇ ਸ਼ੀਤਲ ਅੰਗੁਰਾਲ ਵੱਲੋਂ ਲਾਏ ਦੋਸ਼ਾਂ ਦੀ ਜਾਂਚ ਕਰਵਾਉਣ ਦੀ ਕੀਤੀ ਮੰਗ

ਜਲੰਧਰ 5 ਜੁਲਾਈ। ਪੰਜਾਬ ਵਿਧਾਨ ਸਭਾ ਦੇ ਵਿਰੋਧੀ ਧਿਰ ਦੇ ਲੀਡਰ ਪ੍ਰਤਾਪ ਸਿੰਘ ਬਾਜਵਾ ਨੇ ਜਲੰਧਰ ਵੈਸਟ ਤੋਂ ਸਾਬਕਾ ਵਿਧਾਇਕ ਸ਼ੀਤਲ ਅੰਗੁਰਾਲ ਵੱਲੋਂ ਲਗਾਏ ਦੋਸ਼ਾਂ ਦੀ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਹੈ ਕਿ ਸ਼ੀਤਲ ਅੰਗੁਰਾਲ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਦੇ ਪਰਿਵਾਰ ਉੱਪਰ ਕਈ ਤਰ੍ਹਾਂ ਦੇ ਦੋਸ਼ ਲਗਾਏ ਗਏ ਹਨ, ਜੋ ਕਾਫੀ ਗੰਭੀਰ ਮਾਮਲਾ ਹੈ। ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਤਾਪ ਬਾਜਵਾ ਨੇ ਕਿਹਾ ਕਿ ਸ਼ੀਤਲ ਅੰਗੁਰਾਲ ਨੇ ਜਿਹੜੇ ਦੋਸ਼ ਲਗਾਏ ਹਨ ਉਹ ਬਹੁਤ ਗੰਭੀਰ ਹਨ। ਭਗਵੰਤ ਮਾਨ ਸ਼ਰੇਆਮ ਆਪਣੇ ਸਿਆਸੀ ਵਿਰੋਧੀਆਂ




ਨੂੰ ਚੈਲੰਜ ਕਰਦਾ ਸੀ ਪਰ ਹੁਣ ਸ਼ੀਤਲ ਅੰਗੁਰਾਲ ਨੇ ਮੁੱਖ ਮੰਤਰੀ ਮਾਨ ਦੇ ਪਰਿਵਾਰ 'ਤੇ ਦੋਸ਼ ਲਗਾ ਦਿੱਤੇ ਹਨ। ਬਾਜਵਾ ਨੇ ਕਿਹਾ ਭਗਵੰਤ ਮਾਨ ਨੇ ਖੇਤੀਬਾੜੀ ਯੂਨੀਵਰਸਿਟੀ ਵਿਚ ਵਿਰੋਧੀਆਂ ਦੀਆਂ ਕੁਰਸੀਆਂ ਲਗਵਾ ਕੇ ਕਿਹਾ ਸੀ ਕਿ ਕੋਈ ਵੀ ਵਿਰੋਧੀ ਡਿਬੇਟ ਕਰਨ ਲਈ ਨਹੀਂ ਆਇਆ। ਹੁਣ ਉਹ ਆਪ ਹੀ ਸ਼ੀਤਲ ਅੰਗੁਰਾਲ ਵੱਲੋਂ ਲਗਾਏ ਗਏ ਦੋਸ਼ਾਂ ਦਾ ਜਵਾਬ ਦੇਣ। ਉਨ੍ਹਾਂ ਕਿਹਾ ਕਿ ਇਨ੍ਹਾਂ ਦੋਸ਼ਾਂ ਦੀ ਜਾਂਚ ਹਾਈ ਕੋਰਟ ਦਾ ਕੋਈ ਸਿਟਿੰਗ ਜੱਜ ਕਰੇ। ਨਹੀਂ ਤਾਂ ਮੁੱਖ ਮੰਤਰੀ ਆਪ ਹੀ ਕੇਂਦਰ ਦੀ ਏਜੰਸੀ ਤੋਂ ਸ਼ੀਤਲ ਅੰਗੁਰਾਲ ਵੱਲੋਂ ਲਗਾਏ ਦੋਸ਼ਾਂ ਦੀ ਜਾਂਚ ਕਰਵਾਉਣ। ਉਨ੍ਹਾਂ ਕਿਹਾ ਕਿ ਜੇ ਤੁਸੀਂ ਇਮਾਨਦਾਰ ਹੋ ਤਾਂ ਤੁਹਾਨੂੰ ਕਿਸੇ ਦਾ ਡਰ ਨਹੀਂ ਹੋਣਾ ਚਾਹੀਦਾ। ਉਨ੍ਹਾਂ ਨੇ ਸਰਕਾਰ 'ਤੇ ਪੈਸੇ ਦੇ ਕੇ ਵਿਰੋਧੀ ਪਾਰਟੀਆਂ ਦੇ ਲੀਡਰ ਖਰੀਦਣ ਦੇ ਵੀ ਦੋਸ਼ ਲਗਾਏ ਹਨ।

## ਲੋਕ ਗਾਇਕਾ ਗੁਰਮੀਤ ਬਾਵਾ ਦੇ ਪਰਿਵਾਰ ਦੀ ਮਦਦ ਲਈ ਅੱਗੇ ਆਏ ਕੈਬਨਿਟ ਮੰਤਰੀ ਕੁਲਦੀਪ ਧਾਲੀਵਾਲ

ਕਿਸ਼ਨ ਪਾਲ

ਅੰਮ੍ਰਿਤਸਰ 5 ਜੁਲਾਈ। ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਅੱਜ ਪੰਜਾਬ ਦੀ ਪ੍ਰਸਿੱਧ ਗਾਇਕਾ ਗੁਰਮੀਤ ਬਾਵਾ ਦੇ ਪਰਿਵਾਰ, ਜਿਸ 'ਚ ਉਨ੍ਹਾਂ ਦੀ ਧੀ ਗਲੋਰੀ ਬਾਵਾ ਸਾਮਲ ਹੈ, ਨੂੰ ਇੱਕ ਲੱਖ ਰੁਪਏ ਪਰਿਵਾਰ ਦੇ ਪਾਲਣ ਪੋਸਣ ਲਈ ਦਿੱਤੇ ਗਏ ਹਨ। ਇਸ ਮੌਕੇ ਉਨ੍ਹਾਂ ਨੇ ਰੈੱਡ ਕਰਾਸ ਅੰਮ੍ਰਿਤਸਰ ਵੱਲੋਂ ਵੀ ਇੱਕ ਲੱਖ ਰੁਪਏ ਦਾ ਚੈੱਕ ਪਰਿਵਾਰ ਨੂੰ ਸੌਂਪਿਆ। ਇਸ ਮੌਕੇ ਡਿਪਟੀ ਕਮਿਸਨਰ ਸ੍ਰੀ ਘਨਸਾਮ ਥੋਰੀ ਅਤੇ ਹੋਰ ਅਧਿਕਾਰੀ ਵੀ ਉਨ੍ਹਾਂ ਨਾਲ ਮੌਜੂਦ ਸਨ। ਲੋਕ ਗਾਇਕਾ ਗੁਰਮੀਤ ਬਾਵਾ ਦੇ ਘਰ ਪਹੁੰਚੇ ਧਾਲੀਵਾਲ ਨੇ ਪਰਿਵਾਰ ਨੂੰ ਵਿੱਤੀ ਯੋਗਦਾਨ ਦਿੰਦੇ ਹੋਏ ਬੜੇ ਦੁਖੀ ਮਨ ਨਾਲ ਕਿਹਾ ਕਿ ਸਾਡੀ ਉਹ ਗਾਇਕਾ, ਜਿਸ ਨੇ ਪੰਜਾਬੀ ਬੋਲੀ ਅਤੇ ਸੱਭਿਆਚਾਰ ਨੂੰ ਵਿਸਵ ਦੇ ਕੋਨੇ-ਕੋਨੇ 'ਚ ਪਹੁੰਚਾਇਆ ਦੇ ਘਰੇਲੂ ਹਾਲਾਤ ਕੁਝ ਕੁਦਰਤੀ ਕਾਰਨਾਂ ਕਰਕੇ ਇੰਨੇ ਖਰਾਬ ਹੋ ਗਏ ਹਨ ਕਿ ਉਨ੍ਹਾਂ ਦੀ ਧੀ ਗਲੋਰੀ ਬਾਵਾ ਨੇ ਸੋਸਲ ਮੀਡੀਆ 'ਤੇ ਇਸ ਗੱਲ ਦਾ ਜਿਕਰ ਕੀਤਾ। ਇਸ ਨੂੰ ਪੜ੍ਹ ਕੇ ਮੇਰੀਆਂ ਅੱਖਾਂ 'ਚ ਹੰਝੂ ਆ ਗਏ। ਮੈਂ ਅੱਜ ਪਰਿਵਾਰ ਦਾ ਸਾਥ ਦੇਣ ਲਈ ਅੱਗੇ ਆਇਆ ਪਰ ਇੱਥੇ ਆ ਕੇ ਇਹ ਸੁਣ ਕੇ ਮਨ ਹੋਰ ਵੀ




ਬਹੁਤ ਦੁਖੀ ਹੋਇਆ ਕਿ ਪਰਿਵਾਰ ਦੀਆਂ 5 ਦੁਕਾਨਾਂ ਜੋ ਕਿ ਇਨ੍ਹਾਂ ਦੀ ਰੋਜੀ ਰੋਟੀ ਦਾ ਸਾਧਨ ਹਨ, ਉੱਤੇ ਵੀ ਕੁਝ ਲੋਕਾਂ ਨੇ ਨਜਾਇਜ ਕਬਜਾ ਕੀਤਾ ਹੋਇਆ ਹੈ। ਉਹ ਲੋਕ ਨਾ ਤਾਂ ਕਰਾਇਆ ਦੇ ਰਹੇ ਹਨ ਅਤੇ ਨਾ ਹੀ ਦੁਕਾਨਾਂ ਖਾਲੀ ਕਰ ਰਹੇ ਹਨ। ਧਾਲੀਵਾਲ ਨੇ ਕਿਹਾ ਕਿ ਗੁਰੂ ਨਾਨਕ ਸਾਹਿਬ ਦੇ ਫਲਸਫੇ 'ਤੇ ਚੱਲਣ ਵਾਲੇ ਪੰਜਾਬੀ ਅਤੇ ਬਾਬੇ ਬੁੱਲੇ ਸਾਹ ਦੇ ਪੰਜਾਬ ਦੇ ਵਾਸੀ ਪੰਜਾਬੀ ਅੱਜ ਕਿਹੜੇ ਰਾਹ ਪੈ ਗਏ ਕਿ ਆਪਣੇ ਹੀ ਲੋਕਾਂ ਦੀ ਜਾਇਦਾਦਾਂ 'ਤੇ ਕਬਜੇ ਕਰ ਰਹੇ ਹਨ। ਉਹ ਬੱਚੀ ਜੋ ਕਿ ਆਪਣੀ ਭੈਣ ਡੌਲੀ ਦੀ ਮੌਤ ਤੋਂ ਬਾਅਦ ਦੋ ਪਰਿਵਾਰਾਂ ਦਾ ਪਾਲਣ ਪੋਸ਼ਣ ਕਰ ਰਹੀ ਹੈ ਅਤੇ ਇਹ ਦੁਕਾਨਾਂ ਦੀ ਆਮਦਨ ਉਸ ਦਾ ਗੁਜਾਰਾ ਹੈ, ਵੀ ਅਸੀਂ ਦੇਣ ਨੂੰ ਤਿਆਰ ਨਹੀਂ। ਉਨ੍ਹਾਂ ਨੇ ਦੁਕਾਨਦਾਰਾਂ ਨੂੰ ਅਪੀਲ ਕੀਤੀ ਕਿ ਉਹ ਭਲੇਮਾਣਸੀ ਨਾਲ ਇਹ ਦੁਕਾਨਾਂ ਦਾ ਕਿਰਾਇਆ ਦੇਣਾ ਸੁਰੂ ਕਰਨ ਜਾਂ ਦੁਕਾਨਾਂ ਖਾਲੀ ਕਰਨ ਨਹੀਂ ਤਾਂ ਉਨ੍ਹਾਂ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇਗੀ। ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਇਸ ਮੌਕੇ ਪੰਜਾਬ ਦੇ ਗਾਇਕਾਂ ਖਾਸ ਕਰਕੇ ਨਵੇਂ ਪੀੜ੍ਹੀ ਦੇ ਗਾਇਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਗੁਰਮੀਤ ਬਾਵਾ ਦੇ ਪਰਿਵਾਰ ਦਾ ਖੁੱਲ੍ਹ ਕੇ ਸਾਥ ਦੇਣ ਤਾਂ ਜੋ ਪਰਿਵਾਰ ਨੂੰ ਇਸ ਔਖੀ ਘੜੀ 'ਚੋਂ ਕੱਢਿਆ ਜਾ ਸਕੇ।

## 'ਸੰਕਲਪ' ਪੂਰਾ ਹੋਣ 'ਤੇ ਬਿਹਾਰ ਦੇ ਉਪ ਮੁੱਖ ਮੰਤਰੀ ਨੇ ਅਯੁੱਧਿਆ 'ਚ ਪੱਗ ਲਾਹ ਮੁੰਨਵਾਇਆ ਸਿਰ

ਅਯੁੱਧਿਆ (ਯੂ.ਪੀ.) 5 ਜੁਲਾਈ। ਬਿਹਾਰ ਦੇ ਉਪ ਮੁੱਖ ਮੰਤਰੀ ਸਮਰਾਟ ਚੌਧਰੀ ਨੇ 'ਸੰਕਲਪ' ਪੂਰਾ ਹੋਣ 'ਤੇ ਬੁੱਧਵਾਰ ਸਵੇਰੇ ਅਯੁੱਧਿਆ 'ਚ ਸਿਰ ਮੁੰਨਣ ਤੋਂ ਬਾਅਦ ਆਪਣੀ ਪੱਗ ਲਾਹ ਕੇ ਸਰਯੂ ਨਦੀ 'ਚ ਇਸ਼ਨਾਨ ਕੀਤਾ। ਚੌਧਰੀ ਨੇ ਬਿਹਾਰ ਦੇ ਮੁੱਖ ਮੰਤਰੀ ਨਿਤੀਸ ਕੁਮਾਰ ਵੱਲੋਂ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਅਗਵਾਈ ਵਾਲੇ ਰਾਸਟਰੀ ਜਮਹੂਰੀ ਗਠਜੋੜ (ਐੱਨਡੀਏ) ਨੂੰ ਛੱਡ ਕੇ ਵਿਰੋਧੀ ਧਿਰ ਦੇ ਭਾਰਤੀ ਰਾਸਟਰੀ ਵਿਕਾਸ ਸੰਮਲਿਤ ਗਠਜੋੜ (ਇੰਡੀਆ) ਵਿੱਚ ਸਾਮਲ ਹੋਣ ਤੋਂ ਬਾਅਦ ਪੱਗ ਬੰਨ੍ਹਣੀ ਸੁਰੂ ਕਰ ਦਿੱਤੀ ਸੀ ਅਤੇ ਇਹ ਵਾਅਦਾ ਕੀਤਾ ਸੀ ਕਿ ਉਹ ਆਪਣੀ ਪੱਗ ਨਹੀਂ ਉਤਾਰਨਗੇ। ਚੌਧਰੀ ਦਾ ਮੰਨਣਾ ਹੈ ਕਿ ਨਿਤੀਸ ਦੇ 'ਭਾਰਤ'



ਛੱਡ ਕੇ ਐੱਨਡੀਏ 'ਚ ਵਾਪਸ ਆਉਣ ਨਾਲ ਉਨ੍ਹਾਂ ਦਾ ਸੰਕਲਪ ਪੂਰਾ ਹੋ ਗਿਆ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਚੌਧਰੀ ਨੇ ਕਿਹਾ, 'ਸਾਡੀ ਵਚਨਬੱਧਤਾ ਨਿਤੀਸ ਕੁਮਾਰ ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਹਟਾਉਣ ਦੀ ਸੀ। ਮੇਰਾ ਇਹ ਸੰਕਲਪ 28 ਜਨਵਰੀ ਨੂੰ ਪੂਰਾ ਹੋਇਆ ਸੀ, ਕਿਉਂਕਿ ਬਿਹਾਰ ਦੇ ਮੁੱਖ ਮੰਤਰੀ ਨਿਤੀਸ ਕੁਮਾਰ ਵਿਰੋਧੀ ਪਾਰਟੀਆਂ ਭਾਰਤ ਦੇ ਸਮੂਹ ਤੋਂ ਵੱਖ ਹੋ ਕੇ ਸਾਡੇ (ਐਨ.ਡੀ.ਏ.) ਵਿੱਚ ਸਾਮਲ ਹੋ ਗਏ ਸਨ। ਸਾਡੇ ਮੁੱਖ ਮੰਤਰੀ ਬਣ ਗਏ ਸਨ, ਇਸ ਲਈ ਮੈਂ ਬਿਹਾਰ ਦੇ ਕੁਝ ਮੰਤਰੀਆਂ ਅਤੇ ਪਾਰਟੀ ਦੇ ਅਹੁਦੇਦਾਰਾਂ ਦੀ ਵੀ ਪੱਗ ਉਤਾਰ ਦਿੱਤੀ ਸੀ।' ਚੌਧਰੀ ਦੇ ਨਾਲ ਅਯੁੱਧਿਆ ਦੌਰੇ 'ਤੇ ਬਿਹਾਰ ਦੇ ਕੁਝ ਮੰਤਰੀ ਅਤੇ ਪਾਰਟੀ ਅਧਿਕਾਰੀ ਵੀ ਸਨ। ਸਰਯੂ ਨਦੀ 'ਚ ਇਸਨਾਨ ਕਰਨ ਤੋਂ ਬਾਅਦ ਚੌਧਰੀ ਨੇ ਹਨੂੰਮਾਨਗੜ੍ਹੀ ਮੰਦਰ ਅਤੇ ਰਾਮ ਜਨਮ ਭੂਮੀ ਮੰਦਰ 'ਚ ਪੂਜਾ ਅਰਚਨਾ ਕੀਤੀ।

## ਲੁਟੇਰੇ ਮੋਟਰਸਾਈਕਲ ਪਿੱਛੇ ਘੜੀਸਦੇ ਲੈ ਗਏ ਕੁੜੀ ਪਰ ਨਹੀਂ ਛੱਡਿਆ ਪਰਸ

ਫਿਰੋਜ਼ਪੁਰ 5 ਜੁਲਾਈ। ਫਿਰੋਜ਼ਪੁਰ ਵਿਚ ਪਿਛਲੇ ਕਾਫੀ ਸਮੇਂ ਤੋਂ ਚੋਰੀਆਂ ਅਤੇ ਸਨੈਚਿੰਗ ਆਦਿ ਦੀਆਂ ਘਟਨਾਵਾਂ ਲਗਾਤਾਰ ਵਾਪਰ ਰਹੀਆਂ ਹਨ। ਬੀਤੇ ਦਿਨੀਂ ਫਿਰੋਜ਼ਪੁਰ ਸ਼ਹਿਰ ਦੀ ਸੋਢੀ ਇੰਦਰ ਸਿੰਘ ਗਲੀ ਵਿਚ ਦੋ ਮੋਟਰਸਾਈਕਲ ਸਵਾਰ ਲੁਟੇਰਿਆਂ ਨੇ ਜਾ ਰਹੀਆਂ ਦੋ ਲੜਕੀਆਂ ਵਿਚੋਂ ਇਕ ਲੜਕੀ ਦਾ ਬੈਗ ਖੋਹਣ ਦੀ ਕੋਸ਼ਿਸ਼ ਕੀਤੀ ਅਤੇ ਜਿਵੇਂ ਹੀ ਲੁਟੇਰ ਲੜਕੀ ਦਾ ਬੈਗ ਖਿੱਚ ਕੇ ਲਿਜਾਣ ਲੱਗੇ ਤਾਂ ਲੜਕੀ ਨੇ ਆਪਣਾ ਬੈਗ ਨਹੀਂ ਛੱਡਿਆ ਅਤੇ ਮੋਟਰਸਾਈਕਲ ਦੇ ਪਿੱਛੇ ਕਾਫੀ ਦੂਰ ਤੱਕ ਘੜੀਸਦੀ ਗਈ। ਇਹ ਸਾਰੀ ਘਟਨਾ ਸੀ. ਸੀ. ਟੀ. ਵੀ. ਕੈਮਰੇ ਵਿਚ ਕੈਦ ਹੋ ਗਈ ਅਤੇ ਮੋਟਰਸਾਈਕਲ ਸਵਾਰ ਲੁਟੇਰੇ ਉਥੋਂ ਫ਼ਰਾਰ ਹੋ ਗਏ। ਅਜਿਹੀਆਂ ਘਟਨਾਵਾਂ ਕਾਰਨ ਫਿਰੋਜ਼ਪੁਰ ਸ਼ਹਿਰ ਦੇ ਲੋਕਾਂ ਅਤੇ ਖਾਸ ਕਰ ਕੇ ਔਰਤਾਂ ਵਿਚ ਡਰ ਦਾ ਮਾਹੌਲ ਹੈ। ਜਾਣਕਾਰੀ ਦਿੰਦਿਆਂ ਫਿਰੋਜ਼ਪੁਰ ਸ਼ਹਿਰੀ ਵਪਾਰ ਮੰਡਲ ਦੇ ਅਹੁਦੇਦਾਰ ਬੰਟੀ ਬਜਾਜ ਨੇ ਕਿਹਾ ਕਿ ਇਨ੍ਹਾਂ ਲੁਟੇਰਿਆਂ ਨੂੰ ਜਲਦੀ ਤੋਂ ਜਲਦੀ ਫੜਿਆ ਜਾਵੇ ਅਤੇ ਫਿਰੋਜ਼ਪੁਰ ਵਿਚ ਵੱਧ ਰਹੀਆਂ ਚੋਰੀਆਂ ਅਤੇ ਖੋਹ ਦੀਆਂ ਘਟਨਾਵਾਂ ਨੂੰ ਰੋਕਿਆ ਜਾਵੇ। ਉਨ੍ਹਾਂ ਕਿਹਾ ਕਿ ਆਮ ਲੋਕਾਂ ਦਾ ਸ਼ਹਿਰ ਵਿਚ ਚੱਲਣਾ ਮੁਸ਼ਕਲ ਹੋ ਗਿਆ ਹੈ।

## ਪਾਵਰਕਾਮ ਦੀ ਵੱਡੀ ਕਾਰਵਾਈ, 30 ਤੋਂ ਵੱਧ ਡੇਅਰੀਆਂ 'ਤੇ ਕੀਤੀ ਛਾਪੇਮਾਰੀ

ਅੰਮ੍ਰਿਤਸਰ 5 ਜੁਲਾਈ। ਬਿਜਲੀ ਚੋਰਾਂ ਨੂੰ ਫੜਨ ਲਈ ਪਾਵਰਕਾਮ ਨੇ ਕਮਰ ਕੱਸ ਲਈ ਹੈ। ਇਸ ਸਬੰਧੀ ਬੁੱਧਵਾਰ ਨੂੰ ਪਾਵਰਕਾਮ ਦੇ ਅਧਿਕਾਰੀਆਂ ਨੇ ਵੱਡੀ ਕਾਰਵਾਈ ਕਰਦੇ ਹੋਏ 30 ਦੇ ਕਰੀਬ ਬਿਜਲੀ ਚੋਰੀ ਦੇ ਮਾਮਲੇ ਫੜੇ, ਜਿਨ੍ਹਾਂ ਨੂੰ 15 ਲੱਖ ਰੁਪਏ ਦੇ ਜੁਰਮਾਨੇ ਕੀਤੇ ਗਏ ਹਨ। ਜਾਣਕਾਰੀ ਅਨੁਸਾਰ ਐੱਸ. ਡੀ. ਓ. ਪੱਛਮ ਉਪ ਮੰਡਲ ਨੂੰ ਗੁਪਤ ਸੂਚਨਾ ਮਿਲੀ ਸੀ ਜਿਸ ਦੇ ਆਧਾਰ 'ਤੇ ਐਕਸੀਅਨ ਰਾਹੁਲ ਆਨੰਦ ਇੰਨਫੋਰਸਮੈਂਟ 3 ਵਲੋਂ ਆਪਣੀ ਟੀਮ ਨਾਲ ਫਤਾਹਪੁਰ ਰੋਡ 'ਤੇ ਡੇਅਰੀ ਕੰਪਲੈਕਸ 'ਤੇ ਸਾਂਝੀ ਕਾਰਵਾਈ ਕੀਤੀ। ਇਸ ਟੀਮ ਵਿਚ ਐੱਸ. ਡੀ. ਓ. ਧਰਮਿੰਦਰ ਸਿੰਘ ਪੱਛਮੀ ਸਬ ਡਵੀਜਨ, ਐੱਸ. ਡੀ. ਓ. ਪਰਮਿੰਦਰ ਸਿੰਘ, ਜੇ. ਈ. ਤਰੁਣ ਸ਼ਰਮਾ ਅਤੇ ਜੇ. ਈ. ਅਭਿਮਨਊ ਸ਼ਰਮਾ ਸ਼ਾਮਲ ਸਨ। ਉਕਤ ਅਧਿਕਾਰੀਆਂ ਨੇ ਡੇਅਰੀ ਕੰਪਲੈਕਸ ਵਿਚ ਸਥਿਤ 30 ਤੋਂ ਵੱਧ ਡੇਅਰੀਆਂ 'ਤੇ ਅਚਨਚੇਤ ਛਾਪੇਮਾਰੀ ਕੀਤੀ ਅਤੇ ਬਿਜਲੀ ਚੋਰੀ ਕਰਨ ਵਾਲਿਆਂ ਵਿਰੁੱਧ ਕਾਰਵਾਈ ਕਰਦੇ ਹੋਏ 15 ਲੱਖ ਰੁਪਏ ਦੇ ਜੁਰਮਾਨੇ ਵੀ ਕੀਤੇ। ਅਧਿਕਾਰੀਆਂ ਕਿਹਾ ਕਿ ਇਹ ਕਾਰਵਾਈ ਭਵਿੱਖ ਵਿਚ ਲਗਾਤਾਰ ਜਾਰੀ ਰਹੇਗੀ ਅਤੇ ਬਿਜਲੀ ਚੋਰੀ ਕਰਨ ਵਾਲਿਆਂ ਨੂੰ ਕਿਸੇ ਵੀ ਕੀਮਤ 'ਤੇ ਬਖ਼ਸ਼ਿਆ ਨਹੀਂ ਜਾਵੇਗਾ।

## ਖਿਮਾ ਯਾਚਨਾ ਪੱਤਰ ਦੇਣ ਨਾਲ ਅਕਾਲੀ ਦਲ ਦੀ ਸਾਖ 'ਤੇ ਦੁਬਾਰਾ ਕਦੇ ਬੂਰ ਨਹੀਂ ਪੈ ਸਕਦਾ: ਭਾਈ ਅਮਰੀਕ ਸਿੰਘ

ਏਜੰਸੀਆਂ

ਅੰਮ੍ਰਿਤਸਰ 5 ਜੁਲਾਈ। ਸ੍ਰੋਮਣੀ ਅਕਾਲੀ ਦਲ ਦੀ ਦਿਨੋ ਦਿਨ ਵਿਗੜ ਰਹੀ ਹੋਂਦ ਨੂੰ ਵੇਖਦਿਆਂ ਜਿਹੜੇ ਪੱਲਾ ਛੁਡਾਉਣ ਨੂੰ ਫਿਰਦੇ ਹਨ, ਇਕ ਸਮੇਂ ਉਹ ਆਪ ਹੀ ਸੱਤਾ ਦੇ ਨਸੇ ਵਿਚ ਡੁੱਬੇ ਹੋਏ ਪੰਥ ਦੇ ਮੁੱਦਿਆਂ ਨੂੰ ਭੁੱਲ ਗਏ ਸਨ, ਜਿਸ ਕਰ ਕੇ ਅੱਜ ਸ੍ਰੋਮਣੀ ਅਕਾਲੀ ਦਲ ਦਾ ਗ੍ਰਾਫ ਬਹੁਤ ਜਿਆਦਾ ਥੱਲੇ ਚਲਾ ਗਿਆ ਹੈ। ਇਨ੍ਹਾਂ ਸਬਦਾਂ ਦਾ ਪ੍ਰਗਟਾਵਾ ਦਮਦਮੀ ਟਕਸਾਲ ਅਜਨਾਲਾ ਦੇ ਪ੍ਰਬੰਧਕ ਭਾਈ ਅਮਰੀਕ ਸਿੰਘ ਅਜਨਾਲਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਨੇ ਬੀਤੇ ਦਿਨੀਂ ਕੁਝ ਅਕਾਲੀ ਆਗੂਆਂ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕਰਨ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਕੱਤਰੇਤ 'ਤੇ ਮੁਆਫੀ ਪੱਤਰ ਦੇਣ ਬਾਰੇ ਗੱਲ ਕਰਦਿਆਂ ਕਿਹਾ ਕਿ ਹੁਣ ਜਦ ਪੰਥ ਵਿਚ ਅਕਾਲੀ ਦਲ ਦੀ ਸ਼ਾਖ ਖਤਮ ਹੋ ਚੁੱਕੀ ਹੈ ਤਾਂ ਇਹ ਲੋਕ ਉਸ ਸਾਖ ਦੀ ਮੁੜ ਤੋਂ ਬਹਾਲੀ ਲਈ ਡਰਾਮੇਬਾਜੀ ਕਰ ਰਹੇ ਹਨ। ਭਾਈ ਅਜਨਾਲਾ ਨੇ ਕਿਹਾ ਕਿ ਬੀਤੇ ਸਮੇਂ ਵਿਚ ਵਾਪਰੀਆਂ ਘਟਨਾਵਾਂ ਲਈ ਪੂਰਾ ਅਕਾਲੀ ਦਲ ਸਮੂਹਿਕ ਤੌਰ 'ਤੇ ਜਿੰਮੇਵਾਰ ਹੈ। ਉਨ੍ਹਾਂ ਕਿਹਾ ਕਿ ਅੱਜ ਗਲਤੀਆਂ ਦੀ ਮਾਫੀ ਮੰਗਣ ਵਾਲੇ ਉਸ ਸਮੇਂ ਰਾਜ ਪਾਠ ਭੋਗਣ ਵਿਚ ਇੰਨੇ ਕੁ ਵਿਅਸਤ ਸਨ ਕਿ ਇਨ੍ਹਾਂ ਨੂੰ ਸਮੇਂ ਦੀਆਂ ਹੋਈਆਂ ਗਲਤੀਆਂ ਬਾਰੇ ਸੁਝਾਵ ਨਹੀਂ ਆਉਂਦੇ ਸਨ। ਉਨ੍ਹਾਂ ਕਿਹਾ ਕਿ ਅਕਾਲੀ ਦਲ ਵੱਲੋਂ ਕੀਤੀਆਂ ਵਧੀਕੀਆਂ, ਜਿਨ੍ਹਾਂ ਵਿਚ ਰਾਮ ਰਹੀਮ ਸਿਰਸੇ ਵਾਲੇ ਦਾ ਕੇਸ ਵਾਪਸ



ਲੈਣਾ, ਉਸ ਨੂੰ ਸਜਾ ਤੋਂ ਬਚਾਉਣਾ ਅਤੇ ਕੋਟਕਪੂਰਾ ਕਾਂਡ ਤੋਂ ਬਾਅਦ ਬਹਿਬਲ ਕਲਾਂ ਵਿਖੇ ਸਾਂਤੀ ਪੂਰਵਕ ਵਾਹਿਗੁਰੂ ਦਾ ਨਾਮ ਜਪਣ ਵਾਲੇ ਸਿੱਖਾਂ 'ਤੇ ਗੋਲੀਆਂ ਚਲਾਉਣੀਆਂ ਅਤੇ ਉਸ ਤੋਂ ਬਾਅਦ ਉਸਦੇ ਦੋਸੀਆਂ ਨੂੰ ਵੀ ਮਾਫ ਕਰ ਦੇਣਾ, 84 ਕਾਂਡ ਤੋਂ ਕੁਝ ਘੱਟ ਨਹੀਂ ਹੈ। ਉਨ੍ਹਾਂ ਕਿਹਾ ਕਿ ਇਹ ਸਾਰੀਆਂ ਹੋਈਆਂ ਵਧੀਕੀਆਂ ਦਾ ਅੱਜ ਵੀ ਸਿੱਖ ਕੌਮ ਵਿਚ ਭਾਰੀ ਰੋਸ ਹੈ, ਜੋ ਸਾਇਦ ਇਨ੍ਹਾਂ ਨੂੰ ਕਦੀ ਵੀ ਮਾਫ ਨਹੀਂ ਕਰੇਗੀ। ਭਾਈ ਅਮਰੀਕ ਸਿੰਘ ਅਜਨਾਲਾ ਨੇ ਕਿਹਾ ਕਿ ਅੱਜ ਸ੍ਰੀ ਅਕਾਲ ਤਖਤ ਸਾਹਿਬ 'ਤੇ ਮਾਫੀ ਮੰਗਣ ਨਾਲ ਇਹ ਗਲਤੀਆਂ ਲੁਕ ਨਹੀਂ ਜਾਣਗੀਆਂ। ਉਨ੍ਹਾਂ ਕਿਹਾ ਕਿ ਅੱਜ ਦੇ ਪੰਥ ਦਰਦੀਆਂ ਨੇ ਉਸ ਸਮੇਂ ਆਵਾਜ ਕਿਉਂ ਨਹੀਂ ਬੁਲੰਦ ਕੀਤੀ। ਇਨ੍ਹਾਂ ਸਾਰੀਆਂ ਘਟਨਾਵਾਂ ਨੇ ਪੰਜਾਬ ਨੂੰ ਝੰਜੋੜ ਕੇ ਰੱਖ ਦਿੱਤਾ ਸੀ, ਜਿਸ ਲਈ ਪੂਰਾ ਅਕਾਲੀ ਦਲ ਹੀ ਜਵਾਬਦੇਹੀ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਵਿਚ ਇਨ੍ਹਾਂ ਅਕਾਲੀਆਂ ਦੀ ਮੁਆਫੀ ਦਾ ਕੋਈ ਅਧਾਰ ਨਹੀਂ ਹੈ। ਭਾਈ ਅਜਨਾਲਾ ਨੇ ਕਿਹਾ ਕਿ ਹੁਣ ਸਿੱਖ ਸੰਗਤਾਂ ਸੁਚੇਤ ਹੋ ਚੁੱਕੀਆਂ ਹਨ ਤੇ ਉਹ ਅਕਾਲੀਆਂ ਦੀ ਗਲਾਂ ਤੇ ਦਿਖਾਵਿਆਂ ਵਿਚ ਨਹੀ ਆਉਣਗੀਆਂ।

## ਸੁਲਤਾਨਪੁਰ ਲੋਧੀ 'ਚ ਹੋਏ ਕਾਰੋਬਾਰੀ ਦੇ ਕਤਲ ਦਾ ਮਾਮਲਾ ਸੁਲਝਿਆ, 2 ਮੁਲਜਮ ਲੱਖਾਂ ਦੀ ਨਕਦੀ ਸਣੇ ਗ੍ਰਿਫਤਾਰ

ਏਜੰਸੀਆਂ

ਸੁਲਤਾਨਪੁਰ ਲੋਧੀ 5 ਜੁਲਾਈ। ਸੁਲਤਾਨਪੁਰ ਲੋਧੀ ਨਿਵਾਸੀ ਵਪਾਰੀ ਚਰਨਜੀਤ ਸਿੰਘ ਉਰਫ ਚੰਨ ਡੀਪੂ ਵਾਲਾ ਦੇ ਅੰਨ੍ਹੇ ਕਤਲ ਕੇਸ ਦੀ ਗੁੱਥੀ ਸੁਲਝਾਉਂਦੇ ਹੋਏ ਪੁਲਸ ਨੇ 2 ਮੁਲਜਮਾਂ ਨੂੰ 22 ਲੱਖ 75 ਹਜਾਰ ਰੁਪਏ ਦੀ ਨਕਦੀ ਸਮੇਤ ਗ੍ਰਿਫਤਾਰ ਕਰ ਲਿਆ ਹੈ। ਇਸ ਸਬੰਧੀ ਐੱਸ. ਐੱਸ. ਪੀ. ਕਪੂਰਥਲਾ ਸ੍ਰੀਮਤੀ ਵਤਸਲਾ ਗੁਪਤਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਤੇਜਿੰਦਰਪਾਲ ਸਿੰਘ ਪੁੱਤਰ ਲੇਟ ਜਗੀਰ ਸਿੰਘ ਵਾਸੀ ਨਿਊ ਮਾਡਲ ਟਾਊਨ ਸੁਲਤਾਨਪੁਰ ਲੋਧੀ ਜਿਲ੍ਹਾ ਕਪੂਰਥਲਾ ਨੇ ਆਪਣਾ ਬਿਆਨ ਦਰਜ ਕਰਵਾਇਆ ਸੀ ਕਿ ਉਨ੍ਹਾਂ ਦਾ ਵੱਡਾ ਭਰਾ ਚਰਨਜੀਤ ਸਿੰਘ ਉਰਫ ਚੰਨ ਪੁੱਤਰ ਜਗੀਰ ਸਿੰਘ ਵਾਸੀ ਰੇਲਵੇ ਰੋਡ ਨਾਈਆ ਵਾਲੀ ਗਲੀ ਸੁਲਤਾਨਪੁਰ ਲੋਧੀ ਵਿੱਚ ਆਪਣੇ ਵੱਖਰੇ ਘਰ ਵਿੱਚ ਰਹਿੰਦਾ ਸੀ ਅਤੇ ਪ੍ਰਾਪਰਟੀ ਖਰੀਦਣ ਅਤੇ ਵੇਚਣ ਅਤੇ ਲੋਕਾਂ ਨੂੰ ਰੁਪਏ ਵਿਆਜੀ ਦੇਣ ਦਾ ਕਾਰੋਬਾਰ ਵੀ ਕਰਦਾ ਸੀ। ਜੋ ਆਪਣੇ ਪਰਿਵਾਰ ਤੋਂ ਵੱਖਰੇ ਤੌਰ 'ਤੇ ਇਕੱਲਾ ਘਰ ਵਿੱਚ ਰਹਿੰਦਾ ਸੀ। ਉਕਤ ਵਿਅਕਤੀ ਦੀ ਇਕ ਗੀਟਾ ਵਾਸੀ ਜਲੰਧਰ ਨਾਮਕ ਔਰਤ ਨਾਲ ਕਾਫੀ ਸਾਲਾਂ ਤੋਂ ਨੇੜਤਾ ਸੀ ਅਤੇ ਜੋ ਅਕਸਰ ਉਨ੍ਹਾਂ ਦੇ ਘਰ ਆਉਂਦੀ-ਜਾਂਦੀ ਰਹਿੰਦੀ ਸੀ। ਮਿਤੀ 29 ਜੂਨ ਨੂੰ ਵਕਤ ਕਰੀਬ 10:30 ਸਵੇਰੇ ਉਸ ਨੂੰ ਪਤਾ ਲੱਗਾ ਕਿ ਚਰਨਜੀਤ ਸਿੰਘ ਦਾ ਉਸ ਦੇ ਘਰ ਦੇ ਕਮਰੇ ਵਿੱਚ ਕਿਸੇ ਨੇ ਸਿਰ ਵਿੱਚ ਸੁੱਟ ਮਾਰ ਕੇ ਕਤਲ ਕਰ ਦਿੱਤਾ ਹੈ ਅਤੇ ਉਸ ਦੇ ਘਰ ਦਾ ਬਾਹਰਲਾ ਦਰਵਾਜਾ ਬਿਨ੍ਹਾਂ ਤਾਲੇ ਤੋਂ ਢੁਪਿਆ ਪਿਆ ਸੀ। ਜਿਸਨੇ ਜਾ ਕੇ ਵੇਖਿਆ ਤਾਂ ਚੰਨ ਜਮੀਨ 'ਤੇ ਬਿਸਤਰਾ ਲਗਾ ਕੇ ਪੁੱਠਾ ਲੇਟਿਆ ਹੋਇਆ ਸੀ ਅਤੇ ਉਸ ਦੇ ਸਿਰ 'ਤੇ ਪੁੱਠਾ ਸਿਰਹਾਣਾ ਰੱਖਿਆ ਹੋਇਆ ਸੀ। ਉਸ ਦੇ ਆਸ-ਪਾਸ ਅਤੇ ਬਿਸਤਰੇ ਪਰ ਕਾਫੀ ਖੂਨ ਡੁੱਲਿਆ ਪਿਆ ਸੀ। ਜਦੋਂ ਸਿਰਹਾਣਾ ਚੁੱਕ ਕੇ ਵੇਖਿਆ ਤਾਂ ਕਿਸੇ ਅਣਪਛਾਤੇ ਵਿਅਕਤੀ/ਵਿਅਕਤੀਆ ਵੱਲੋਂ ਉਸ ਦੇ ਸਿਰ ਦੇ ਪਿਛਲੇ ਪਾਸੇ ਕਰੀਬ 5-6 ਵਾਰ ਤੇਜਧਾਰ ਹਥਿਆਰ ਨਾਲ ਗੰਭੀਰ ਸੱਟਾਂ ਮਾਰ ਕੇ ਮਿਤੀ 28/29-06-2024 ਦੀ ਦਰਮਿਆਨੀ ਰਾਤ ਨੂੰ ਉਸ ਦਾ ਕਤਲ ਕਰ ਦਿੱਤਾ ਸੀ ਅਤੇ ਉਸ ਦੇ ਬਿਸਤਰੇ 'ਤੇ ਅਤੇ ਕਮਰੇ ਦੇ ਫਰਸ ਦੇ ਆਸ ਪਾਸ ਕਾਫੀ ਖੂਨ ਫੈਲਿਆ ਹੋਇਆ ਸੀ। ਜਿਸ 'ਤੇ ਮੁਕੱਦਮਾ ਨੰਬਰ 128 ਮਿਤੀ 29-06-2024 ਅ/ਧ 302 ਵਾਧਾ ਜੁਰਮ 460 ਥਾਣਾ ਸੁਲਤਾਨਪੁਰ ਲੋਧੀ ਦਰਜ ਰਜਿਸਟਰ ਕੀਤਾ ਗਿਆ। ਐੱਸ. ਐੱਸ. ਪੀ. ਸਾਹਿਬ ਨੇ ਦੱਸਿਆ ਕਿ ਇਸ ਅੰਨ੍ਹੇ ਕਤਲ ਕਾਂਡ ਨੂੰ ਟਰੇਸ ਕਰਨ ਲਈ ਵਿਸੇਸ ਤੌਰ 'ਤੇ ਟੀਮਾਂ ਬਣਾਈਆਂ ਗਈਆਂ ਅਤੇ ਮਨਜੀਤ ਸਿੰਘ ਪੁਲਸ ਕਪਤਾਨ ਪੀ. ਬੀ. ਆਈ. ਕਪੂਰਥਲਾ, ਸ੍ਰੀ ਬਬਨਦੀਪ ਸਿੰਘ ਉੱਪ ਪੁਲਸ ਕਪਤਾਨ ਸਬ-ਡਿਵੀਜਨ ਸੁਲਤਾਨਪੁਰ ਲੋਧੀ ਦੀ ਅਗਵਾਈ ਹੇਠ ਇੰਸਪੈਕਟਰ ਜਰਨੈਲ ਸਿੰਘ ਇੰਚਾਰਜ ਸੀ. ਆਈ. ਏ ਕਪੂਰਥਲਾ, ਇੰਸਪੈਕਟਰ ਹਰਗੁਰਦੇਵ ਸਿੰਘ ਮੁੱਖ ਅਫਸਰ ਥਾਣਾ ਸੁਲਤਾਨਪੁਰ ਲੋਧੀ ਅਤੇ ਚਰਨਜੀਤ ਸਿੰਘ ਇੰਚਾਰਜ ਟੈਕਨੀਕਲ ਸੈੱਲ ਕਪੂਰਥਲਾ ਦੀ ਡਿਊਟੀ ਲਗਾਈ ਗਈ ਸੀ, ਜਿਨ੍ਹਾਂ ਵੱਲੋਂ ਹਿਊਮਨ ਸੋਰਸਾਂ ਅਤੇ




ਟੈਕਨੀਕਲ ਤਰੀਕੇ ਨਾਲ ਇਸ ਅੰਨ੍ਹੇ ਕਤਲ ਕਾਂਡ ਨੂੰ ਟਰੇਸ ਕਰਦੇ ਹੋਏ ਮੁਕੱਦਮਾ ਵਿੱਚ ਅਮਿਤ ਸ਼ਾਰਦਾ ਅਤੇ ਮੋਹਿਤ ਸ਼ਾਰਦਾ ਪੁੱਤਰਾਨ ਰਕੇਸ ਕੁਮਾਰ ਵਾਸੀਆਨ ਗਲੀ ਨੰਬਰ 06 ਕਿਸਨਪੁਰਾ ਥਾਣਾ ਡਿਵੀਜਨ ਨੰਬਰ 01 ਜਲੰਧਰ ਨੂੰ ਗ੍ਰਿਫਤਾਰ ਕਰਨ ਵਿੱਚ ਵੱਡੀ ਕਾਮਯਾਬੀ ਹਾਸਲ ਕੀਤੀ। ਗ੍ਰਿਫਤਾਰ ਕੀਤੇ ਵਿਅਕਤੀਆਂ ਪਾਸੋਂ ਡੂੰਘਾਈ ਨਾਲ ਪੁੱਛਗਿੱਛ ਕਰਨ 'ਤੇ ਇਹ ਗੱਲ ਸਾਹਮਣੇ ਆਈ ਹੈ ਕਿ ਗ੍ਰਿਫਤਰ ਕੀਤੇ ਵਿਅਕਤੀਆਂ ਦੀ ਮਾਤਾ ਗੀਟਾ ਜਿਸ ਦੇ ਮ੍ਰਿਤਕ ਚਰਨਜੀਤ ਸਿੰਘ ਨਾਲ ਨੇੜਲੇ ਸੰਬੰਧ ਸਨ ਅਤੇ ਗੀਟਾ ਦੇ ਲੜਕੇ ਅਮਿਤ ਸ਼ਾਰਦਾ ਅਤੇ ਮੋਹਿਤ ਸ਼ਾਰਦਾ ਅਕਸਰ ਹੀ ਚੰਨ ਦੇ ਘਰ ਆਉਂਦੇ ਜਾਂਦੇ ਰਹਿੰਦੇ ਸੀ ਅਤੇ ਉਨ੍ਹਾਂ ਨੂੰ ਪਤਾ ਸੀ ਕਿ ਚੰਨ ਪ੍ਰਾਪਰਟੀ ਅਤੇ ਪੈਸੇ ਵਿਆਜ 'ਤੇ ਦੇਣ ਦਾ ਕੰਮ ਕਰਦਾ ਹੈ ਅਤੇ ਇਸ ਕੋਲ ਘਰ ਵਿੱਚ ਕਾਫੀ ਪੈਸੇ ਹੁੰਦੇ ਹਨ। ਜਿਨ੍ਹਾਂ ਨੇ ਇਸੇ ਲਾਲਚ ਵਿੱਚ ਆ ਕੇ ਆਪਣੀ ਕਾਰ ਆਈ-20 'ਤੇ ਸਵਾਰ ਹੋ ਕੇ ਗੁਰਚਰਨ ਸਿੰਘ ਦੇ ਘਰ ਆ ਕੇ ਮਿਤੀ 28/29-06-2024 ਦੀ ਦਰਮਿਆਨੀ ਰਾਤ ਉਸ ਦੇ ਸੁੱਤੇ ਪਏ ਦੇ ਸਿਰ ਵਿੱਚ ਲੋਹੇ ਦਾ ਤਿੱਖਾ ਤਵਾ ਮਾਰ ਕੇ ਕਤਲ ਕਰ ਦਿੱਤਾ ਅਤੇ ਫੋਲਾ ਫਰੋਲੀ ਕਰਕੇ ਪੈਸੇ ਲੈ ਗਏ, ਜਿਸ 'ਤੇ ਗ੍ਰਿਫਤਾਰ ਕੀਤੇ ਵਿਅਕਤੀਆਂ ਦੀ ਨਿਸਾਨਦੇਹੀ ਅਤੇ ਲੁੱਟਖੋਹ ਕੀਤੇ 22 ਲੱਖ 75 ਹਜਾਰ ਰੁਪਏ ਸਮੇਤ ਬੈਗ ਅਤੇ ਵਾਰਦਾਤ ਵਿੱਚ ਵਰਤਿਆ ਗਿਆ ਲੋਹੇ ਦਾ ਤਵਾ ਅਤੇ ਕਾਰ ਆਈ-20 ਨੰਬਰ 08 2678 ਬਰਾਮਦ ਕੀਤੀ ਗਈ।

## ਮਿੰਟਾਂ 'ਚ ਢਹਿ ਗਿਆ ਦਰਿਆ 'ਤੇ ਬਣਿਆ ਪੁਲ, ਕਈ ਪਿੰਡਾਂ ਦਾ ਟੁੱਟਿਆ ਸੰਪਰਕ

ਸੀਵਾਨ 5 ਜੁਲਾਈ। ਦੇਸ਼ ਭਰ 'ਚ ਮਾਨਸੂਨ ਕਾਰਨ ਜਿੱਥੇ ਮੋਹਲੇਧਾਰ ਮੀਂਹ ਪੈ ਰਹੇ ਹਨ, ਉੱਥੇ ਹੀ ਇਸ ਮੀਂਹ ਕਾਰਨ ਗੰਡਕੀ ਦਰਿਆ 'ਚ ਪਾਣੀ ਦਾ ਪੱਧਰ ਵੱਧ ਗਿਆ ਹੈ। ਜਿਸ ਕਾਰਨ ਦਰਿਆ 'ਤੇ ਬਣੇ ਪੁਲ ਦਾ ਇਕ ਵੱਡਾ ਹਿੱਸਾ ਬੁੱਧਵਾਰ ਯਾਨੀ ਕਿ ਅੱਜ ਢਹਿ ਗਿਆ। ਬਿਹਾਰ ਦੇ ਸੀਵਾਨ ਜ਼ਿਲ੍ਹੇ 'ਚ ਵਾਪਰੀ ਇਸ ਘਟਨਾ ਤੋਂ ਬਾਅਦ ਇਹ ਸੂਬੇ ਦਾ 7ਵਾਂ ਪੁਲ ਹੈ, ਜੋ ਪਿਛਲੇ 15 ਦਿਨਾਂ ਵਿਚ ਇਸ ਤਰ੍ਹਾਂ ਢਹਿ-ਢੇਰੀ ਹੋ ਗਿਆ ਹੈ। ਜ਼ਿਲ੍ਹੇ ਦੇ ਦੇਵਰੀਆ ਬਲਾਕ 'ਚ ਸਥਿਤ ਇਹ ਛੋਟਾ ਪੁਲ ਕਈ ਪਿੰਡਾਂ ਨੂੰ ਮਹਾਰਾਜਗੰਜ ਨਾਲ ਜੋੜਦਾ ਹੈ, ਜਿਸ ਕਾਰਨ ਮਹਾਰਾਜਗੰਜ ਦਾ ਇਨ੍ਹਾਂ ਪਿੰਡਾਂ ਨਾਲ ਸੰਪਰਕ ਟੁੱਟ ਗਿਆ ਦੱਸਿਆ ਜਾ ਰਿਹਾ ਹੈ। ਫਿਲਹਾਲ ਇਸ ਘਟਨਾ 'ਚ ਕਿਸੇ ਜਾਨੀ ਨੁਕਸਾਨ ਦੀ ਕੋਈ ਸੂਚਨਾ ਨਹੀਂ ਮਿਲੀ ਹੈ। ਡਿਪਟੀ ਵਿਕਾਸ ਕਮਿਸਨਰ ਮੁਕੇਸ ਕੁਮਾਰ ਨੇ ਕਿਹਾ ਕਿ ਪੁਲ ਢਹਿਣ ਦੇ ਅਸਲ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਮੁਕੇਸ ਕੁਮਾਰ ਨੇ ਦੱਸਿਆ ਕਿ ਇਸ ਘਟਨਾ ਦਾ ਸਹੀ ਕਾਰਨ ਅਜੇ ਪਤਾ ਨਹੀਂ ਲੱਗ ਸਕਿਆ ਹੈ। ਬਲਾਕ ਦੇ ਸੀਨੀਅਰ ਅਧਿਕਾਰੀ ਮੌਕੇ 'ਤੇ ਪਹੁੰਚ ਗਏ ਹਨ ਅਤੇ ਮੈਂ ਵੀ ਉਥੇ ਜਾ ਰਿਹਾ ਹਾਂ। ਕੁਮਾਰ ਨੇ ਕਿਹਾ ਕਿ ਇਹ ਘਟਨਾ ਸਵੇਰੇ 5 ਵਜੇ ਦੇ ਕਰੀਬ ਵਾਪਰੀ। ਮੁੱਢਲੀ ਜਾਣਕਾਰੀ ਅਨੁਸਾਰ ਇਸ ਪੁਲ ਦਾ ਨਿਰਮਾਣ 1982-83 ਵਿਚ ਹੋਇਆ ਸੀ। ਪਿਛਲੇ ਕੁਝ ਦਿਨਾਂ ਤੋਂ ਪੁਲ ਦੀ ਮੁਰੰਮਤ ਦਾ ਕੰਮ ਚੱਲ ਰਿਹਾ ਸੀ। ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਪਿਛਲੇ ਕੁਝ ਦਿਨਾਂ ਤੋਂ ਪੈ ਰਹੇ ਮੋਹਲੇਧਾਰ ਮੀਂਹ ਕਾਰਨ ਇਹ ਪੁਲ ਟੁੱਟ ਗਿਆ ਹੈ। ਉਨ੍ਹਾਂ ਕਿਹਾ ਕਿ ਗੰਡਕੀ ਦਰਿਆ 'ਚ ਪਾਣੀ ਦਾ ਪੱਧਰ ਜ਼ਿਆਦਾ ਵੱਧਣ ਕਾਰਨ ਸਾਇਦ ਪੁਲ ਦਾ ਢਾਂਚਾ ਕਮਜ਼ੋਰ ਹੋ ਗਿਆ ਹੈ।